ਕੈਨੇਡਾ ਦਰਪਣ

ਫਰਵਰੀ 7, 1986

February 7, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

WEEKENDING FEBRUARY 7, 1986 Vol. 5 No. 05 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

ਚੰਡੀਗੜ੍ਹ ਦਾ ਮਾਮਲਾ ਉਲਝਾਉਣ ਵਿਚ

ਹਰਿਆਣਾ ਮੁੱਖ ਅੜਿਕਾ ਬਣਿਆ

ਚੰਡੀਗੜ੍ਹ — ਹਰਿਆਣਾ ਅਤੇ ਪੰਜਾਬ ਵਿਚ ਸੁਰੱਖਿਆ ਪ੍ਰਬੰਧ ਤਕੜੇ ਕੀਤੇ ਜਾਣ ਦੀਆਂ ਖਬਰਾਂ ਮਿਲੀਆਂ ਹਨ ਜਦਕਿ ਦਿੱਲੀ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਗਲਬਾਤ ਜਾਰੀ ਹੈ।

ਇਥੋਂ ਦੇ ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਦਿਤੇ ਜਾਣ ਦਾ ਵੱਡਾ ਕਾਰਨ ਹਰਿਆਣਾ ਵਿਚ ਵਿਰੋਧੀ ਪਾਰਟੀਆਂ ਵਲੋਂ ਹਿੰਸਾਤਮਕ ਘਟਨਾਵਾਂ ਨੂੰ ਵੱਡੇ ਪੱਧਰ ਉਤੇ ਕੀਤੇ ਜਾਣ ਦੀਆਂ ਖਬਰਾਂ ਮਿਲਣ ਕਾਰਨ ਕੀਤਾ ਗਿਆ। ਹਰਿਆਣੇ ਵਿਚ ਹਿੰਸਾ ਫੈਲਣ ਦੇ ਡਰੋਂ ਕੇਂਦਰ ਸਰਕਾਰ ਨੇ ਪੂਰੇ ਸੁਰੱਖਿਆ ਪ੍ਰਬੰਧ ਮੁਕੰਮਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਤੋਂ ਕੁਝ ਦਿਨਾਂ ਦੀ ਹੋਰ ਮੁਹਲਤ ਮੰਗੀ ਹੈ।

ਅਕਾਲੀ ਹਲਕਿਆਂ ਅਤੇ ਆਮ ਪੰਜਾਬ ਦੇ ਲੋਕਾਂ ਵਿਚ ਗੁੱਸੇ ਦੀ ਲਹਿਰ ਚਲ ਰਹੀ ਹੈ। ਇਸੇ ਦਾ ਫਾਇਦਾ ਉਠਾ ਕੇ ਗਰਮ ਧੜੇ ਦੇ ਲੋਕਾਂ ਨੇ ਸ੍ਰੀ ਅਕਾਲ ਤਖਤ ਉਤੇ ਮੁੜ ਆਪਣਾ ਕਬਜ਼ਾ ਕਰ ਲਿਆ ਹੈ ਅਤੇ ਅਕਾਲੀ ਦਲ ਦੇ ਸਮਰਥਕਾਂ ਨੇ ਵੀ ਹਿੰਸਾ ਵਧਣ ਦੇ ਡਰੋਂ ਗੁਰੇਜ਼ ਕੀਤਾ ਹੈ।

ਬਰਨਾਲਾ ਵਲੋਂ ਅਸਤੀਫਾ ਦਿਤੇ ਜਾਣ ਦੀਆਂ ਅਫਵਾਹਾਂ

ਰਾਜਧਾਨੀ ਦੇ ਹਲਕਿਆਂ ਵਿਚ ਇਹ ਅਫਵਾਹ ਵੀ ਗਰਮ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਅਕਾਲੀ ਵਿਧਾਇਕਾਂ ਨੇ ਆਪਣੇ ਅਸਤੀਫੇ ਲਿਖ ਕੇ ਦੇ ਦਿਤੇ ਹਨ। ਇਕ ਸੂਤਰ ਨੇ ਤਾਂ ਇਥੋਂ ਤੱਕ ਵੀ ਕਿਹਾ ਹੈ ਕਿ ਸ੍ਰੀ ਬਰਨਾਲਾ ਨੇ ਆਪਣੀ ਸਰਕਾਰ ਦਾ ਅਸਤੀਫਾ ਪੰਜਾਬ ਦੇ ਗਵਰਨਰ ਸ੍ਰੀ ਸ਼ੰਕਰ ਦਿਆਲ ਸ਼ਰਮਾ ਨੂੰ ਪੇਸ਼ ਕਰ ਦਿਤਾ ਪਰ ਉਨ੍ਹਾਂ ਅਸਤੀਫਾ ਮੰਨਣ ਤੋਂ ਇਨਕਾਰ ਕਰ ਦਿਤਾ ਹੈ।

ਮੰਗਲਵਾਰ ਨੂੰ ਹੋਈ ਮੀਟਿੰਗ ਦੇ ਫੈਸਲੇ

ਮੰਗਲਵਾਰ 28 ਜਨਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਜ਼ਿਲਾ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਆਨੰਦਪੁਰ ਵਿਚ ਬੁਲਾਈ ਜਿਸ ਵਿਚ ਫੈਸਲਾ ਲਿਆ ਗਿਆ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੱਖਾਂ ਦੀ ਇਕ ਕਨਵੈਨਸ਼ਨ ਬੁਲਾ ਕੇ ਫੈਸਲਾ ਕਰਨ ਕਿ ਸ੍ਰੀ ਅਕਾਲ ਤਖਤ ਦੀ ਨਵ-ਉਸਾਰੀ ਕਿਸ ਨੂੰ ਸੌਂਪੀ ਜਾਵੇ।

ਸਰੀ ਦੇ ਇਕ ਛਾਪੇਖਾਨੇ ਉਤੇ ਡਾਇਨਾਮਾਈਟ ਦੀਆਂ ਸਟਿਕਾਂ ਦਾ ਮਾਮਲਾ —

ਸੰਤ ਭਿੰਡਰਾਂਵਾਲਾ ਦਾ ਭਤੀਜਾ ਅਤੇ ਚਾਰ ਹੋਰ ਵਿਅਕਤੀ ਗ੍ਰਿਫਤਾਰ ਅਤੇ ਰਿਹਾਅ

ਘਰਾਂ ਦੀ ਤਲਾਸ਼ੀ ਵੀ ਲਈ ਗਈ

ਸਰੀ — 'ਸਨ' ਅਖਬਾਰ ਦੀ ਖਬਰ ਅਨੁਸਾਰ ਸਰੀ ਦੇ ਇਕ ਛਾਪੇਖਾਨੇ ਉਤੇ ਐਤਵਾਰ 26 ਜਨਵਰੀ ਨੂੰ ਸਵੇਰੇ ਸਾਢੇ ਸੱਤ ਵਜੇ ਪੁਲਸ ਨੇ ਡਾਇਨਾਮਾਈਟ ਦੀਆਂ ਸਟਿਕਾਂ ਫੜੀਆਂ ਜੋ ਬੈਗ ਵਿਚ ਪਾ ਕੇ ਦੁਕਾਨ ਦੇ ਦਰਵਾਜ਼ੇ ਦੇ ਸਾਹਮਣੇ ਰੱਖੀਆਂ ਹੋਈਆਂ ਸਨ ਅਤੇ ਘੜੀ ਨਾਲ ਲਾਈਆਂ ਹੋਈਆਂ ਸਨ। ਪੁਲਸ ਨੇ ਪਾਣੀ ਛਿੜਕ ਕੇ ਉਹ ਚੁੱਕ ਲਈਆਂ।

ਖਬਰਾਂ ਅਨੁਸਾਰ ਖਾਲਿਸਤਾਨੀ ਅਖਬਾਰ 'ਇੰਡੋ-ਕਨੇਡੀਅਨ ਟਾਈਮਜ਼' ਦਾ ਮਾਲਕ ਤਾਰਾ ਸਿੰਘ ਹੇਅਰ ਅਤੇ ਉਸਦਾ ਜੁਆਈ ਕੁਲਵਿੰਦਰ ਸਿੰਘ ਔਜਲਾ ਇਸ ਛਾਪੇਖਾਨੇ ਦੇ ਸਾਂਝੇ ਮਾਲਕ ਹਨ। ਪੁਲਸ ਨੇ ਪੁਛਗਿਛ ਲਈ ਸੰਤ ਭਿੰਡਰਾਂਵਾਲਾ ਦੇ ਭਤੀਜੇ, ਲਖਬੀਰ ਸਿੰਘ ਬਰਾੜ ਨੂੰ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸਤਿੰਦਰਪਾਲ ਸਿੰਘ ਗਿੱਲ ਦੇ ਘਰੋਂ ਹਿਰਾਸਤ ਵਿਚ ਲੈ ਲਿਆ। ਨਾਲ ਹੀ ਗੁਰਦੁਆਰਾ ਸਰੀ-ਡੈਲਟਾ ਦੇ ਐਗਜ਼ੈਕਟਿਵ ਦੇ ਮੈਂਬਰ ਹਰਜੀਤ ਸਿੰਘ ਅਟਵਾਲ ਨੂੰ ਵੀ ਹਿਰਾਸਤ ਵਿਚ ਲਿਆ ਗਿਆ। ਤਿੰਨ ਹੋਰ ਵਿਅਕਤੀ ਸੁਖਦੇਵ ਸਿੰਘ ਸੰਧੂ, ਹਰਪਾਲ ਸਿੰਘ ਘੁੰਮਣ ਅਤੇ ਹਰਦਿਆਲ ਸਿੰਘ ਗਰਚਾ ਨੂੰ ਵੀ ਫੜਿਆ ਗਿਆ।

ਖਬਰਾਂ ਅਨੁਸਾਰ ਕੁਝ ਘੰਟੇ ਪੁਛਗਿਛ ਕਰਨ ਤੋਂ ਪਿਛੋਂ ਇਹ ਪੰਜ ਵਿਅਕਤੀ ਪੁਲਸ ਨੇ ਰਿਹਾ ਕਰ ਦਿਤੇ। ਫੈਡਰੇਸ਼ਨ ਦੇ ਬੁਲਾਰੇ ਮਨਮੋਹਨ ਸਿੰਘ ਨੇ ਕਿਹਾ ਕਿ ਫੈਡਰੇਸ਼ਨ ਨੂੰ ਪੁਲਸ ਵਲੋਂ ਜਾਣ ਬੁਝ ਕੇ ਤੰਗ ਕੀਤਾ ਜਾ ਰਿਹਾ ਹੈ।

ਤਾਰਾ ਸਿੰਘ ਹੇਅਰ ਨੇ 'ਸਨ' ਅਤੇ 'ਪ੍ਰੋਵਿੰਸ' ਦੀਆਂ ਖਬਰਾਂ ਅਨੁਸਾਰ ਦੋਸ਼ ਲਾਇਆ ਹੈ ਕਿ ਇਹ ਕਾਰਵਾਈ 'ਭਾਰਤੀ ਸਰਕਾਰ ਦੇ ਏਜੰਟਾਂ' ਦੀ ਹੈ। ਉਸ ਅਨੁਸਾਰ ਪਹਿਲਾਂ ਉਸਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ।

ਸੋਮਵਾਰ ਰਾਤ ਨੂੰ 50 ਦੇ ਕਰੀਬ ਖਾਲਿਸਤਾਨੀ ਸਮਰਥਕ ਕਲਾਵਰਡੇਲ ਪੁਲਸ ਸਟੇਸ਼ਨ ਉਤੇ ਉਨੀ ਦੇਰ ਬੈਠੇ ਰਹੇ ਜਦ ਤੱਕ ਪੁਛਗਿਛ ਜਾਰੀ ਰਹੀ। ਰਾਤ ਦੇ ਇਕ ਵਜੇ ਲਖਬੀਰ ਸਿੰਘ ਬਰਾੜ ਨੂੰ ਛੱਡਿਆ ਗਿਆ।

ਖਬਰਾਂ ਅਨੁਸਾਰ ਸਰੀ ਪੁਲਸ ਇਸ ਮੁਆਮਲੇ ਦੀ ਤਹਿਕੀਕਾਤ ਕਰ ਰਹੀ ਹੈ ਮਨਮੋਹਨ ਸਿੰਘ ਨੇ ਇਕ ਇੰਟਰਵਿਊ ਵਿਚ ਕਿਹਾ ਕਿ ਹੋ ਸਕਦਾ ਹੈ ਕਿ ਕਿਸੇ ਨੇ ਸ਼ਰਾਰਤ ਕੀਤੀ ਹੋਵੇ।

10,000 ਡਾਲਰ ਦਾ ਇਨਾਮ ਦਾ ਐਲਾਨ

ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਕਿਹਾ ਹੈ ਕਿ ਉਹ 10,000 ਡਾਲਰ ਦਾ ਇਨਾਮ ਰੱਖ ਰਹੇ ਹਨ ਜਿਸ ਨਾਲ ਪਤਾ ਲਗ ਸਕੇ ਕਿ ਇਹ ਕੰਮ ਕਿਸ ਨੇ ਕੀਤਾ ਹੈ

ਪਿਛਲੇ ਹਫਤੇ ਸ਼੍ਰੋਮਣੀ ਕਮੇਟੀ, ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਿਚ ਸਮਝੌਤਾ ਹੋਇਆ ਸੀ ਕਿ ਸਾਰੇ ਰਲ ਕੇ ਸ੍ਰੀ ਅਕਾਲ ਤਖਤ ਦੀ ਕਾਰ-ਸੇਵਾ ਕਰਨਗੇ। ਪਰ ਇਸ ਸਮਝੌਤੇ ਨੂੰ ਤੋੜ ਕੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੇ ਪੈਰੋਕਾਰਾਂ ਨੇ ਫਿਰ ਸ੍ਰੀ ਅਕਾਲ ਤਖਤ ਉਤੇ ਕਬਜ਼ਾ ਕਰ ਲਿਆ। ਅਕਾਲੀ ਸਮਰਥਕਾਂ ਨੇ ਸੋਚ ਸਮਝ ਕੇ ਵਿਰੋਧ ਕਰਨ ਤੋਂ ਗੁਰੇਜ਼ ਕੀਤਾ ਹੈ ਤਾਂ ਕਿ ਆਪਸ ਵਿਚ ਲੜਾਈ ਨੂੰ ਟਾਲਿਆ ਜਾ ਸਕੇ।

ਅੰਦਰ ਪੜ੍ਹੋ :—

ਹਰਿਆਣੇ ਦੇ ਅਕਾਲੀ ਲੀਡਰ ਜਥੇਦਾਰ ਨਾਜ਼ਰ ਸਿੰਘ ਨਾਲ ਮੁਲਾਕਾਤ

ਅਕਾਲ ਤਖਤ ਉਤੇ ਗਰਮ ਧੜਾ ਫਿਰ ਭਾਰੂ



ਅੰਮ੍ਰਿਤਸਰ — 26 ਜਨਵਰੀ ਨੂੰ ਸਿੱਖਾਂ ਦੇ ਗਰਮ ਧੜੇ ਨੇ ਮੁੜ ਸ੍ਰੀ ਅਕਾਲ ਤਖਤ ਉਤੇ ਆਪਣਾ ਕਬਜ਼ਾ ਸਥਾਪਤ ਕਰ ਲਿਆ। ਉਨ੍ਹਾਂ ਪੰਜੇ ਤਖਤਾਂ ਦੇ ਜਥੇਦਾਰਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਗਿਆਨੀ ਜ਼ੈਲ ਸਿੰਘ ਨੂੰ ਸਿੱਖੀ ਵਿਚੋਂ ਛੇਕੇ ਜਾਣ ਦਾ ਐਲਾਨ ਕੀਤਾ।

ਗਰਮ ਧੜੇ ਦੀ ਇਸ ਕਾਰਵਾਈ ਨਾਲ ਇਹ ਸਮਝਿਆ ਜਾ ਰਿਹਾ ਹੈ ਕਿ ਵੱਡੀ ਪੱਧਰ ਉਤੇ ਹਿੰਸਾ ਮੁੜ ਸ਼ੁਰੂ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਪੰਜਾਬ ਮੁੜ ਉਸੇ ਸੰਕਟ ਵੱਲ ਵਧਣਾ ਸ਼ੁਰੂ ਹੋ ਗਿਆ ਹੈ ਜਿਥੇ ਇਹ 1984 ਵਿਚ ਪਹੁੰਚਿਆ ਸੀ।

ਗਰਮ ਧੜੇ ਨੇ ਆਪਣੇ 20,000 ਪੈਰੋਕਾਰਾਂ ਦੀ ਰੈਲੀ ਵਿਚ ਸ੍ਰੀ ਅਕਾਲ ਤਖਤ ਨੂੰ ਢਾਹੁਣ ਦੀ ਆਪਣੀ ਕਾਰਵਾਈ ਸ਼ੁਰੂ ਕਰ ਦਿਤੀ ਅਤੇ ਕਿਹਾ ਕਿ ਉਹ ਸਰਕਾਰ ਵਲੋਂ ਬਣਾਇਆ 'ਅਕਾਲ ਤਖਤ' ਸਵੀਕਾਰ ਨਹੀਂ ਕਰਦੇ। ਦੱਸਿਆ ਜਾਂਦਾ ਹੈ ਕਿ 1984 ਦੀ ਫੌਜੀ ਕਾਰਵਾਈ ਵਿਚ ਤਬਾਹ ਹੋਈ ਇਮਾਰਤ ਉਤੇ ਸਰਕਾਰ ਨੇ 2 ਕਰੋੜ ਰੁਪਏ ਦੇ ਲਗਪਗ ਖਰਚ ਕਰਕੇ ਇਸ ਇਮਾਰਤ ਨੂੰ ਤਾਮੀਰ ਕੀਤਾ ਸੀ। ਪਰ ਸਿੱਖਾਂ ਦੀਆਂ ਲਗਪਗ ਸਾਰੀਆਂ ਸੰਸਥਾਵਾਂ ਇਸਦੀ ਮੁੜ-ਉਸਾਰੀ ਲਈ ਸਹਿਮਤ ਸਨ।

ਰੈਲੀ ਵਿਚ ਕੇਂਦਰ ਸਰਕਾਰ ਵਿਰੁੱਧ ਨਾਅਰੇ ਵੀ ਲਾਏ ਗਏ। ਇਹ ਵੀ ਪਤਾ ਲੱਗਾ ਹੈ ਕਿ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਕਾਹਲੋਂ ਧੜੇ ਨੇ ਸੰਤ ਭਿੰਡਰਾਂਵਾਲੇ ਦੀ ਭਤੀਜੇ ਜਸਬੀਰ ਸਿੰਘ ਨੂੰ ਜਥੇਦਾਰ ਨਿਯੁਕਤ ਕਰ ਦਿਤਾ ਹੈ। ਜਸਬੀਰ ਸਿੰਘ ਬਰਾੜ ਮੱਧ ਪ੍ਰਦੇਸ਼ ਦੀ ਇਕ ਜੇਲ੍ਹ ਵਿਚ ਨਜ਼ਰਬੰਦ ਹੈ।

ਥਰੈਸ਼ਰ ਹਾਦਸਿਆਂ ਦੇ ਸ਼ਿਕਾਰ ਲੋਕਾਂ ਨੂੰ ਮੁਆਵਜ਼ਾ ਮਿਲੇਗਾ

ਤਪਾਮੰਡੀ — ਪੰਜਾਬ ਦੇ ਉਨ੍ਹਾਂ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਨੂੰ ਪੰਜਾਬ ਮਾਰਕੀਟਿੰਗ ਬੋਰਡ ਮੁਆਵਜ਼ਾ ਦੇਵੇਗਾ ਜਿਨ੍ਹਾਂ ਜ਼ਿਮੀਂਦਾਰਾਂ ਜਾਂ ਮਜ਼ਦੂਰਾਂ ਦੇ ਪਿਛਲੇ ਦੋ ਸਾਲਾਂ ਤੋਂ ਕਣਕ ਦੀ ਗਹਾਈ ਕਰਦਿਆਂ ਥਰੈਸ਼ਰਾਂ ਵਿਚ ਆ ਕੇ ਅੰਗ ਕੱਟੇ ਗਏ ਹਨ ਜਾਂ ਮੌਤ ਹੋ ਗਈ। ਪੰਜਾਬ ਰਾਜ ਮੰਡੀਕਰਣ ਬੋਰਡ ਦੇ ਚੇਅਰਮੈਨ ਜਥੇਦਾਰ ਤੋਤਾ ਸਿੰਘ ਦੀਦਾਰ ਸਿੰਘ ਵਾਲਾ ਨੇ ਇਕ ਭੇਂਟ ਦੌਰਾਨ ਦੱਸਿਆ ਕਿ ਸਬੰਧਤ ਮਾਰਕੀਟ ਕਮੇਟੀਆਂ ਨੂੰ ਇਸ ਸਬੰਧੀ 28 ਫਰਵਰੀ ਤੱਕ ਬਿਨੈ ਪੱਤਰ ਦਿਤੇ ਜਾ ਸਕਦੇ ਹਨ ਜੋ ਕਮੇਟੀ ਦਫਤਰਾਂ ਤੋਂ ਮੁਫਤ ਪ੍ਰਾਪਤ ਹੋਣਗੇ।

ਉਨ੍ਹਾਂ ਕਿਹਾ ਕਿ ਅਪਰੈਲ 84 ਤੋਂ ਲੈ ਕੇ ਹੁਣ ਤੱਕ ਜਿਨ੍ਹਾਂ ਵਿਅਕਤੀਆਂ ਦਾ ਇਕ ਅੰਗ ਜਿਵੇਂ ਲੱਤ, ਬਾਂਹ, ਹੱਥ, ਅੱਖ ਪੈਰ ਜਾਂ ਕੋਈ ਹੋਰ ਅੰਗ ਕੱਟਿਆ ਗਿਆ ਹੋਵੇ ਉਨ੍ਹਾਂ ਨੂੰ 6000 ਰੁਪਏ, ਦੋ ਅੰਗ ਕੱਟੇ ਜਾਣ 'ਤੇ 10,000 ਰੁਪਏ ਅਤੇ ਮੌਤ ਹੋ ਜਾਣ ਤੇ ਉਸਦੇ ਵਾਰਸਾਂ ਨੂੰ 15,000 ਰੁਪਏ ਮਾਰਕੀਟ ਕਮੇਟੀਆਂ ਵਲੋਂ ਅਦਾ ਕੀਤੇ ਜਾਣਗੇ। ਜਿਨ੍ਹਾਂ ਆਦਮੀਆਂ ਦੀ ਇਕ ਉਂਗਲੀ ਵੀ ਥਰੈਸ਼ਰ ਰਾਹੀਂ ਕੱਟੀ ਗਈ ਹੋਵੇ ਉਨ੍ਹਾਂ ਨੂੰ ਵੀ 1500 ਰੁਪਏ ਤਕ ਦਾ ਮੁਆਵਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ।

ਏਅਰ-ਇੰਡੀਆ ਦੀ ਦੁਰਘਟਨਾ ਬੰਬ ਕਾਰਨ ਹੋਈ — ਵੱਖ ਵੱਖ ਰੀਪੋਰਟਾਂ ਦਾ ਨਿਚੋੜ

ਨਵੀਂ ਦਿੱਲੀ — ਅਮਰੀਕਾ, ਕੈਨੇਡਾ ਅਤੇ ਭਾਰਤ ਵਲੋਂ ਜੋ ਵੱਖ ਵੱਖ ਰੀਪੋਰਟਾਂ ਜਸਟਿਸ ਬੀ. ਐਨ. ਕਿਰਪਾਲ ਸਾਹਮਣੇ ਪੇਸ਼ ਹੋਈਆਂ ਹਨ ਉਨ੍ਹਾਂ ਵਿਚ ਇਕ ਗੱਲ ਸਾਂਝੀ ਹੈ ਕਿ ਪਿਛਲੇ ਜੂਨ ਵਿਚ ਏਅਰ-ਇੰਡੀਆ ਦੇ 'ਕਨਿਸ਼ਕ' ਬੋਇੰਗ ਹਵਾਈ ਜਹਾਜ਼ ਨੂੰ ਬੰਬ ਨਾਲ ਉਡਾਇਆ ਗਿਆ ਹੈ। ਯਾਦ ਰਹੇ ਕਿ ਇਸ ਜਹਾਜ਼ ਵਿਚ 329 ਵਿਅਕਤੀ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਬਹੁ-ਗਿਣਤੀ ਭਾਰਤੀ ਮੂਲ ਦੇ ਮੁਸਾਫਰਾਂ ਦੀ ਸੀ।

ਕੈਨੇਡਾ ਦੇ ਸੇਫਟੀ ਬੋਰਡ ਵਲੋਂ ਪੇਸ਼ ਕੀਤੀ ਗਈ ਰੀਪੋਰਟ ਨੇ ਵੀ ਸਿੱਧ ਕਰ ਦਿਤਾ ਹੈ ਕਿ ਬੰਬ ਤੋਂ ਬਿਨਾਂ ਹਵਾਈ ਜਹਾਜ਼ ਖਤਮ ਨਹੀਂ ਸੀ ਕੀਤਾ ਜਾ ਸਕਦਾ ਪਰ ਨਾਲ ਹੀ ਇਸ ਰੀਪੋਰਟ ਨੇ ਇਸ ਗੱਲ ਵੱਲ ਵੀ ਧਿਆਨ ਦੁਆਇਆ ਹੈ ਕਿ ਟਰਾਂਟੋ ਵਿਚ ਸਾਮਾਨ ਨੂੰ ਚੈਕ ਕਰਨ ਸਮੇਂ ਪੂਰੀ ਸਾਵਧਾਨੀ ਤੋਂ ਕੰਮ ਨਹੀਂ ਲਿਆ ਗਿਆ।

ਲਿੰਕ ਨਹਿਰ ਬਾਰੇ ਅਕਾਲੀ ਰਵੱਈਏ ਦੀ ਆਲੋਚਨਾ

ਮੋਰਿੰਡਾ — ਸਤਲੁਜ-ਯਮਨਾ ਲਿੰਕ ਨਹਿਰ ਦੀ ਸੇਧ ਸ਼ਿਵਾਲਕ ਦੀਆਂ ਪਹਾੜੀਆਂ ਦੀ ਜੂਹ ਵਿਚ ਕੱਢਣ ਦੀ ਮੰਗ ਬਾਰੇ 18 ਅਕਤੂਬਰ 1985 ਤੋਂ ਚੱਲ ਰਿਹਾ ਮੋਰਚਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸ਼ਮੂਲੀਅਤ ਕਾਰਨ ਨੇਵਾਂ ਰੁਖ ਅਖਤਿਆਰ ਕਰ ਗਿਆ ਹੈ। ਰੋਪੜ ਯੂਨਿਟ ਦੇ ਪ੍ਰਧਾਨ ਸ੍ਰੀ ਇੰਦਰਜੀਤ ਸਿੰਘ ਨੇ ਇਕ ਪ੍ਰੈਸ ਨੋਟ ਵਿਚ ਦੋਸ਼ ਲਾਇਆ ਹੈ ਕਿ ਬਰਨਾਲਾ ਸਰਕਾਰ ਦੇ ਵਿਧਾਇਕ ਜਦੋਂ ਸੱਤਾ ਤੋਂ ਬਾਹਰ ਸਨ ਤਾਂ ਲਿੰਕ ਨਹਿਰ ਦੀ ਉਸਾਰੀ ਰੋਕਣ ਦੀ ਪੂਰੀ ਹਮਾਇਤ ਕਰਦੇ ਸਨ ਪਰ ਹੁਣ ਕੁਰਸੀ ਦੀ ਲਾਲਸਾ ਨੇ ਉਨ੍ਹਾਂ ਨੂੰ ਕਿਸਾਨਾਂ ਦੀ ਮੁੱਖ ਮੰਗ ਤੋਂ ਪਰ੍ਹੇ ਕਰ ਦਿਤਾ ਹੈ ਤੇ ਉਹ ਹੁਣ ਕੇਂਦਰ ਦੀ ਬੋਲੀ ਬੋਲ ਰਹੇ ਹਨ।

ਨਹਿਰ ਰੋਕੂ ਮੋਰਚੇ ਦੇ ਮੁੱਖ ਪ੍ਰਬੰਧਕ ਸ੍ਰੀ ਪ੍ਰੀਤਮ ਸਿੰਘ ਕਜੌਲੀ ਨੇ ਕਿਹਾ ਕਿ ਬਰਨਾਲਾ ਸਰਕਾਰ ਦੇ ਇਸ ਬਿਆਨ ਨਾਲ ਕਿ ਨਹਿਰ ਦੀ ਮੌਜੂਦਾ ਸਰਵੇ ਵਿਚ ਸੋਧ ਨਹੀਂ ਹੋ ਸਕਦੀ, ਸਰਕਾਰ ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਵੀ ਹੁਣ ਕਾਂਗਰਸ ਸਰਕਾਰ ਦੀ ਤਰ੍ਹਾਂ ਕਿਸਾਨ ਮਾਰੂ ਨੀਤੀ ਤੇ ਚਲ ਰਹੀ ਹੈ।

ਸ੍ਰੀ ਪ੍ਰੀਤਮ ਸਿੰਘ ਦੋਸ਼ ਲਾਇਆ ਕਿ ਸ. ਸੁਰਜੀਤ ਸਿੰਘ ਬਰਨਾਲਾ ਨੇ ਸੋਧ ਬਦਲ ਕਮੇਟੀ ਦੇ ਮੈਂਬਰਾਂ ਨੂੰ ਕੁਰਸੀ ਦਾ ਲਾਲਚ ਦੇ ਕੇ ਰਿਪੋਰਟ ਆਪਣੇ ਹੱਕ ਵਿਚ ਦਿਵਾਈ ਤੇ ਬਾਅਦ ਵਿਚ ਇਸ ਦੇ ਬਦਲੇ ਵਿਚ ਆਰ. ਐਸ. ਗਿੱਲ ਨੂੰ ਰਾਜ ਯੋਜਨਾ ਬੋਰਡ ਦਾ ਮੈਂਬਰ ਨਾਮਜ਼ਦ ਕਰ ਦਿਤਾ। ਉਨ੍ਹਾਂ ਚਿਤਾਵਨੀ ਦਿਤੀ ਕਿ ਮੋਰਚਾ ਹਰ ਹਾਲਤ ਵਿਚ ਜਾਰੀ ਰਹੇਗਾ ਤੇ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿਚ ਉਹ ਸਰਕਾਰ ਦੀ ਕਿਸਾਨ ਨੀਤੀ ਖਿਲਾਫ ਗ੍ਰਿਫਤਾਰੀਆਂ ਵੀ ਦੇਣਗੇ।

ਵਧ ਰਹੀਆਂ ਹਿੰਸਕ ਵਾਰਦਾਤਾਂ ਤੇ ਪੀ. ਐਸ. ਯੂ. ਵਲੋਂ ਚਿੰਤਾ

ਮੋਰਿੰਡਾ — ਪੰਜਾਬ ਅੰਦਰ ਵਾਪਰ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਅਤੇ ਰੋਜ਼ਾਨਾ ਬੇਗੁਨਾਹ ਲੋਕਾਂ ਦੇ ਕਤਲਾਂ ਦੀ ਪੰਜਾਬ ਸਟੂਡੈਂਟਸ ਯੂਨੀਅਨ ਨੇ ਤਿੱਖੀ ਆਲੋਚਨਾ ਕੀਤੀ ਹੈ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੀ. ਐਸ. ਯੂ. ਦੇ ਸੂਬਾ ਜਨਰਲ ਸਕੱਤਰ ਕੁਲਦੀਪ ਧਾਲੀਵਾਲ ਤੇ ਸੂਬਾ ਕਮੇਟੀ ਮੈਂਬਰ ਹੇਮ ਰਾਜ ਨੇ ਬੇਗੁਨਾਹ ਲੋਕਾਂ ਦੇ ਕਤਲਾਂ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਜੇ ਬੇਗੁਨਾਹ ਲੋਕਾਂ ਦੇ ਕਤਲਾਂ ਦੀ ਲੜੀ ਜਾਰੀ ਰਹੀ ਤਾ ਲਾਜ਼ਮੀ ਹੀ ਪੰਜਾਬੀ ਦਾ ਮਾਹੌਲ ਇਕ ਵਾਰ ਫਿਰ ਅਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਵਾਲਾ ਹੋ ਸਕਦਾ ਹੈ। ਇਸ ਦੀ ਪੰਜਾਬ ਦੇ ਲੋਕਾਂ ਤੇ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਭਾਰੀ ਕੀਮਤ ਚੁਕਾਣੀ ਪੈ ਸਕਦੀ ਹੈ।

ਦੋਹਾਂ ਨੇਤਾਵਾਂ ਨੇ ਕਿਹਾ ਕਿ ਅਕਾਲੀ ਸਰਕਾਰ ਹਿੰਸਕ ਘਟਨਾਵਾਂ ਨੂੰ ਰੋਕਣ ਵਿਚ ਬਹੁਤ ਬੁਰੀ ਤਰ੍ਹਾਂ ਅਸਫਲ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਾਹੌਲ ਦਿਨੋ ਦਿਨ ਤਣਾਅ ਪੂਰਨਾ ਹੁੰਦਾ ਜਾ ਰਿਹਾ ਹੈ। ਪਰ ਸਰਕਾਰ ਹਿੰਸਕ ਘਟਨਾਵਾਂ ਨੂੰ ਰੋਕਣ ਲਈ ਕੋਈ ਯੋਗ ਕਦਮ ਨਹੀਂ ਚੁੱਕ ਰਹੀ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਜਿਵੇਂ ਕਾਤਲਾਂ ਨੇ ਪੰਜਾਬ ਤੇ ਦੇਸ਼ ਵਿਚ 1984 ਵਿਚ ਵਾਪਰੇ ਦੁਖਦਾਈ ਕਾਂਡ ਨੂੰ ਭੁਲਾ ਦਿਤਾ ਹੈ ਅਤੇ ਉਸ ਤੋਂ ਕੋਈ ਸਬਕ ਨਹੀਂ ਲਿਆ। ਉਨ੍ਹਾਂ ਕਿਹਾ ਕਿ ਬੇਗੁਨਾਹ ਲੋਕਾਂ ਦੇ ਕਤਲ ਇਕ ਸਾਜ਼ਿਸ਼ ਤਹਿਤ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਅੰਦਰ ਹਿੰਦੂ ਅਤੇ ਸਿੱਖਾਂ ਵਿਚ ਪਾੜਾ ਪਾਇਆ ਜਾ ਸਕੇ।

ਪਛੜੀਆਂ ਸ਼੍ਰੇਣੀਆਂ ਨੂੰ ਅਹੁਦੇ ਦੇਣ ਦੀ ਮੰਗ

ਪੱਟੀ — ਜ਼ਿਲਾ ਅਕਾਲੀ ਜਥਾ ਪੱਟੀ ਦੇ ਸਕੱਤਰ ਗਿਆਨੀ ਜਸਵੰਤ ਸਿੰਘ ਨੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਪਾਸੋਂ ਮੰਗ ਕੀਤੀ ਹੈ ਕਿ ਉਨ੍ਹਾਂ ਅਕਾਲੀਆਂ ਨੂੰ ਵੀ ਬੋਰਡਾਂ ਅਤੇ ਕਮੇਟੀਆਂ ਆਦਿ ਵਿਚ ਅਹੁਦੇਦਾਰੀਆਂ ਮਿਲਣੀਆਂ ਚਾਹੀਦੀਆਂ ਹਨ ਜਿਹੜੇ ਜੱਟ ਨਾ ਹੋ ਕੇ ਗੈਰ ਜੱਟ ਸਿੱਖ ਹਨ। ਸਕੱਤਰ ਨੇ ਕਿਹਾ ਕਿ ਸ਼ਾਇਦ ਹੀ ਕੋਈ ਐਸਾ ਬੋਰਡ ਜਾਂ ਕਮੇਟੀ ਹੋਵੇ, ਜਿਥੇ ਗੈਰ ਜੱਟ ਸਿੱਖਾਂ ਨੂੰ ਅਹਿਮੀਅਤ ਦਿਤੀ ਗਈ ਹੋਵੇ। ਉਨ੍ਹਾਂ ਕਿਹਾ ਕਿ ਇਹ ਵੇਖਣਾ ਚਾਹੀਦਾ ਹੈ ਕਿ ਕਿਹੜਾ ਵਿਅਕਤੀ ਪਾਰਟੀ ਦਾ ਜ਼ਿਆਦਾ ਵਫਾਦਾਰ ਰਿਹਾ ਹੈ ਅਤੇ ਕਿਹੜਾ ਵਿਅਕਤੀ ਪਾਰਟੀ ਨਾਲ ਗਦਾਰੀ ਕਰਦਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਗੈਰ-ਜੱਟ ਸਿੱਖ ਅਕਾਲੀਆਂ ਲਈ ਖਾਸ ਤੌਰ ਤੇ ਅਹੁਦੇ ਰੱਖੇ ਜਾਣੇ ਚਾਹੀਦੇ ਹਨ ਤਾਂ ਕਿ ਪਛੜੀਆਂ ਜਾਤੀਆਂ ਦੇ ਲੋਕ ਵੀ ਅਗਾਂਹ ਆ ਸਕਣ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਨ ਲਈ ਪਰੇਰੋ

ਹਰਿਆਣੇ ਵਿਚ 'ਰਸਤਾ ਰੋਕੋ' ਦੌਰਾਨ 5 ਵਿਅਕਤੀ ਹਲਾਕ — 22 ਬੰਦੇ ਗੋਲੀਆਂ ਨਾਲ ਜ਼ਖਮੀ

ਚੰਡੀਗੜ੍ਹ — ਪਿਛਲੇ ਵੀਰਵਾਰ ਵਿਰੋਧੀ ਪਾਰਟੀਆਂ ਵਲੋਂ 'ਰਸਤਾ ਰੋਕੋ' ਐਜੀਟੇਸ਼ਨ ਕੀਤੇ ਜਾਣ ਉਤੇ ਪੰਜ ਵਿਅਕਤੀ ਪੁਲਸ ਦੀਆਂ ਗੋਲੀਆਂ ਨਾਲ ਮਾਰੇ ਗਏ ਅਤੇ 22 ਬੰਦੇ ਜ਼ਖਮੀ ਹੋਏ।

ਹਰਿਆਣੇ ਦੀਆਂ ਵਿਰੋਧੀ ਪਾਰਟੀਆਂ ਜਿਨ੍ਹਾਂ ਵਿਚ ਚੌਧਰੀ ਦੇਵੀ ਲਾਲ ਦਾ ਲੋਕ ਦਲ, ਭਾਰਤੀ ਜਨਤਾ ਪਾਰਟੀ ਅਤੇ ਜਨਤਾ ਪਾਰਟੀ ਸ਼ਾਮਲ ਹਨ ਨੇ ਸਸਾਰਾ ਹਰਿਆਣਾ ਜਾਮ ਕਰ ਦਿਤਾ।

ਇਹ ਪਾਰਟੀਆਂ ਪੰਜਾਬ ਸਮਝੌਤਾ ਦਾ ਵਿਰੋਧ ਕਰ ਰਹੀਆਂ ਹਨ ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਦਿਤੇ ਜਾਣ ਕਾਰਨ ਲਗਾਤਾਰ ਪਿਛਲੇ ਛੇ ਮਹੀਨੇ ਤੋਂ ਸਰਗਰਮ ਹਨ।

ਪੰਜਾਬ ਦੇ ਲੀਡਰਾਂ ਨੇ ਦੋਸ਼ ਲਾਇਆ ਹੈ ਕਿ ਹਰਿਆਣੇ ਦਾ ਮੁੱਖ ਮੰਤਰੀ ਚੌਧਰੀ ਭਜਨ ਲਾਲ ਇਨ੍ਹਾਂ ਵਿਰੋਧੀ ਪਾਰਟੀਆਂ ਨਾਲ ਮਿਲਿਆ ਹੋਇਆ ਹੈ ਤਾਕਿ ਚੰਡੀਗੜ੍ਹ ਪੰਜਾਬ ਨੂੰ ਨਾ ਦਿਤਾ ਜਾਵੇ।

ਇਸ 'ਰਸਤਾ ਰੋਕੋ' ਅੰਦੋਲਨ ਸਮੇਂ 1500 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ ਜਿਨ੍ਹਾਂ ਵਿਚ ਚੌਧਰੀ ਦੇਵੀ ਲਾਲ ਅਤੇ ਡਾ: ਮੰਗਲ ਸੈਨ ਵੀ ਸ਼ਾਮਲ ਹਨ। ਇਨ੍ਹਾਂ ਦੋਵਾਂ ਆਗੂਆਂ ਨੇ ਪੰਜਾਬ ਸਮਝੌਤੇ ਦੇ ਵਿਰੁੱਧ ਆਪਣੀਆਂ ਅਸੈਂਬਲੀ ਸੀਟਾਂ ਉਤੋਂ ਵੀ ਅਸਤੀਫੇ ਦੇ ਦਿਤੇ ਸਨ ਜਿਸ ਵਿਚ ਚੋਣਾਂ ਸਮੇਂ ਦੇਵੀ ਲਾਲ ਤਾਂ ਮੁੜ ਜਿਤ ਗਿਆ ਸੀ ਪਰ ਡਾ: ਪਰ ਡਾ: ਮੰਗਲ ਸੈਨ ਹਾਰ ਗਿਆ ਸੀ।

ਅਸਲੀ ਮੁਜਰਿਮਾਂ ਨੂੰ ਗ੍ਰਿਫਤਾਰ ਕੀਤਾ ਜਾਵੇ

ਕੋਟਕਪੂਰਾ — ਖੇਤ ਮਜ਼ਦੂਰ ਸਭਾ ਦੇ ਜ਼ਿਲਾ ਜਨਰਲ ਸਕੱਤਰ ਕਾਮਰੇਡ ਅਮੋਲਕ ਸਿੰਘ ਨੇ ਦੁੱਖ ਪ੍ਰਗਟ ਕੀਤਾ ਕਿ ਇਲਾਕੇ ਵਿਚ ਪਿਛਲੇ ਦਿਨੀਂ ਹੋਈਆਂ ਲੁੱਟ-ਖੋਹ ਦੀਆਂ ਵਾਰਦਾਤਾਂ ਕਰਨ ਵਾਲੇ ਮੁਜਰਿਮਾਂ ਨੂੰ ਪੁਲੀਸ ਗ੍ਰਿਫਤਾਰ ਨਹੀਂ ਕਰ ਸਕੀ ਸਗੋਂ ਉਨ੍ਹਾਂ ਲੋਕਾਂ ਗ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ ਜੋ ਕਦੇ ਜੁਰਮ ਕਰਿਆ ਕਰਦੇ ਸਨ ਪਰ ਹੁਣ ਚੰਗੇ ਸ਼ਹਿਰੀਆਂ ਵਾਲਾ ਜੀਵਨ ਬਿਤਾ ਰਹੇ ਹਨ। ਕਾਮਰੇਡ ਨੇ ਦਸਿਆ ਕਿ ਔਲਖ-ਪੰਜ ਗਰਾਈਂ ਕਲਾਂ ਦੇ ਸੰਨ੍ਹ ਵਿਚ ਤਿੰਨ ਵਿਅਕਤੀਆਂ ਵਲੋਂ ਇਕ ਦੋਧੀ ਨੂੰ ਗੋਲੀ ਮਾਰ ਕੇ ਫੱਟੜ ਕੀਤਾ ਗਿਆ, ਇਕ ਮੋਟਰ ਸਾਈਕਲ ਸਵਾਰ ਨੇ ਸਮਾਲਸਰ ਪੁਲ ਕੋਲ ਇਕ ਸਕੂਟਰ-ਸਵਾਰ ਨੂੰ ਪਿਸਤੌਲ ਵਿਖਾ ਕੇ ਚਾਰ ਸੌ ਰੁਪਏ ਤੇ ਘੜੀ ਲੁੱਟ ਲਈ ਅਤੇ ਪੰਜ ਗਰਾਈਂ ਖੁਰਦ ਦੇ ਠੇਕੇ ਤੋਂ ਨਕਦੀ ਖੋਹੀ ਗਈ। ਇਨ੍ਹਾਂ ਸਾਰੀਆਂ ਵਾਰਦਾਤਾਂ ਨਾਲ ਸਬੰਧਤ ਕੋਈ ਮੁਜਰਿਮ ਪੁਲੀਸ ਦੇ ਕਾਬੂ ਨਹੀਂ ਆਇਆ ਉਨ੍ਹਾਂ ਮੰਗ ਕੀਤੀ ਕਿ ਇਲਾਕੇ ਵਿਚ ਗਸ਼ਤ ਵਧਾਈ ਜਾਵੇ, ਮੁਜਰਿਮ ਗ੍ਰਿਫਤਾਰ ਕੀਤੇ ਜਾਣ ਅਤੇ ਸਾਧਾਰਨ ਲੋਕਾਂ ਨੂੰ ਤੰਗ ਪਰੇਸ਼ਾਨ ਨਾ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਹਰਦਿਆਲ ਸਿੰਘ ਜੌਹਲ ਵਲੋਂ ਭਾਰਤ ਸਰਕਾਰ ਦੀ ਨਿਖੇਧੀ



24 ਜੁਲਾਈ 1985 ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤ ਸਰਕਾਰ ਵਿਚ ਹੋਏ ਪੰਜਾਬ ਸਮਝੌਤੇ ਅਨੁਸਾਰ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਣਾ ਸੀ ਪਰ ਇਹ ਨਹੀਂ ਹੋਇਆ ਅਤੇ ਨਾ ਹੀ ਇਸ ਦਾ ਕੋਈ ਕਾਰਨ ਪਤਾ ਲੱਗਿਆ ਹੈ। ਲਿਖਤੀ ਹੋਏ ਸਮਝੌਤੇ ਤੋਂ ਕੋਈ ਵੀ ਅੱਖਰ ਵੱਧ ਘੱਟ ਕਰਨਾ ਅਤੇ ਸਮੇਂ ਅਨੁਸਾਰ ਕੋਈ ਵੀ ਕਾਰਵਾਈ ਨਾ ਕਰਨਾ ਭਾਰਤ ਸਰਕਾਰ ਦੀ ਬਦਨੀਤੀ ਜ਼ਾਹਰ ਕਰਦਾ ਹੈ। ਇਸਦੇ ਸਿੱਟੇ ਭਾਰਤ ਲਈ ਹਾਨੀਕਾਰਕ ਸਿੱਧ ਹੋ ਸਕਦੇ ਹਨ। ਅਸੀਂ ਸਮੇਂ ਸਿਰ ਸਮਝੌਤਾ ਲਾਗੂ ਨਾ ਕਰਨ ਲਈ ਭਾਰਤ ਸਰਕਾਰ ਨੂੰ ਦੋਸ਼ੀ ਠਹਿਰਾਉਂਦੇ ਹਾਂ ਅਤੇ ਇਸਦੀ ਨਿਖੇਧੀ ਕਰਦੇ ਹਾਂ।

ਜੇ ਦਿੱਤੀ ਸਜ਼ਾ ਉਸ ਨੂੰ ਤਾਂ ਇਹ ਵੀ ਨਿਆਂ ਕਰਨਾ
ਕੀ ਸੋਚ ਕੇ ਉਸ ਏਦਾਂ ਪੈਰਾਂ 'ਚ ਰੁਲਾਏ ਫੁਲ।

ਦਿੱਲੀ ਹੋਟਲ ਵਿਚ ਅੱਗ ਲੱਗਣ ਨਾਲ 38 ਵਿਅਕਤੀ ਮਰੇ

ਝੁਲਸੇ ਜਾਣ ਵਾਲਿਆਂ ਦੀ ਗਿਣਤੀ 80 ਹੋ ਗਈ

ਨਵੀਂ ਦਿੱਲੀ — ਪਿਛਲੇ ਦਿਨੀਂ ਕਾਂਟੀਨੈਂਟਲ ਹੋਟਲ ਵਿਚ ਅੱਗ ਲਗੱਣ ਨਾਲ 38 ਵਿਅਕਤੀ ਮਾਰੇ ਗਏ ਅਤੇ 80 ਅੱਗ ਵਿਚ ਬੁਰੀ ਤਰ੍ਹਾਂ ਝੁਲਸੇ ਗਏ।

10-ਛੱਤਾਂ ਵਾਲੇ ਪੰਜ-ਸਟਾਰ ਹੋਟਲ ਵਿਚ ਅੱਗ ਥੱਲੇ ਦੇ ਹਿੱਸੇ ਵਿਚੋਂ ਸ਼ੁਰੂ ਹੋਈ ਜਿਸਨੇ ਲਗਪਗ ਸਾਰੇ ਹੋਟਲ ਨੂੰ ਆਪਣੀ ਲਪੇਟ ਵਿਚ ਲੈ ਲਿਆ। ਅੱਗ ਉਸ ਸਮੇਂ ਸ਼ੁਰੂ ਹੋਈ ਜਦੋਂ ਲਗਪਗ ਸਾਰੇ ਵਿਅਕਤੀ ਗੂੜ੍ਹੀ ਨੀਂਦਰ ਸੁੱਤੇ ਹੋਏ ਸਨ

ਬਚਣ ਵਾਲਿਆਂ ਨੇ ਮੈਨੇਜਮੈਂਟ ਤੇ ਇਲਜ਼ਾਮ ਲਾਇਆ ਕਿ ਉਨ੍ਹਾਂ ਨੂੰ ਬਾਹਰ ਨਿਕਲ ਜਾਣ ਦੀ ਹਦਾਇਤ ਤੱਕ ਨਹੀਂ ਦਿਤੀ ਗਈ। ਉਨ੍ਹਾਂ ਇਹ ਵੀ ਕਿਹਾ ਕਿ ਹੋਟਲ ਦਾ ਸਟਾਫ ਅਤੇ ਅੱਗ ਬੁਝਾਉਣ ਵਾਲੇ ਵਿਭਾਗ ਦੇ ਕਰਮਚਾਰੀ ਪੂਰੀ ਤਰ੍ਹਾਂ ਸਿਖਿਆ-ਯਾਫਤਾ ਨਹੀਂ ਸਨ।

ਮਰਨ ਵਾਲਿਆਂ ਵਿਚ 25 ਵਿਅਕਤੀ ਬਦੇਸ਼ਾਂ ਦੇ ਸਨ। ਦੋ ਮਰਨ ਵਾਲੇ ਕੈਨੇਡੀਅਨ ਸਨ।

ਹਸਪਤਾਲ ਦੇ ਅਧਿਕਾਰੀਆਂ ਅਨੁਸਾਰ ਮਰਨ ਵਾਲਿਆਂ ਵਿਚ ਪੱਛਮੀ ਜਰਮਨੀ ਦਾ ਇਕ ਡਿਪਲੋਮੈਟ ਅਤੇ ਉਸਦੀ ਪਤਨੀ, ਅਰਜਨਟਾਈਨਾ ਦਾ ਇਕ ਡਿਪਲੋਮੈਟ, ਹੋਟਲ ਦਾ ਇਕ ਚੀਨੀ ਕੁੱਕ ਅਤੇ ਦੋ ਬੱਚੇ ਸਨ।

ਦਿੱਲੀ ਵਿਚ ਅਜਿਹੀ ਅੱਗ ਦੀ ਭਿਆਨਕ ਵਾਰਦਾਤ ਅੱਗੇ ਕਦੇ ਨਹੀਂ ਹੋਈ।

ਅਰੁਨ ਨਹਿਰੂ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਹ ਅੱਗ ਕਿਸੇ ਸਾਬੋਤਾਜ ਦਾ ਹਿੱਸਾ ਹੋਵੇ।

ਮਰਨ ਵਾਲਿਆਂ ਵਿਚੋਂ ਬਹੁਤੇ ਧੂਏ ਕਾਰਨ ਮਰੇ।

ਸਤਵੰਤ ਸਿੰਘ ਨੂੰ ਫਾਂਸੀ ਦਾ ਹੁਕਮ ਸੁਣਾਏ ਜਾਣ ਉਤੇ ਪੰਜਾਬ ਵਿਚ ਮੁਜ਼ਾਹਰੇ

ਅੰਮ੍ਰਿਤਸਰ — ਪਿਛਲੇ ਹਫਤੇ ਇੰਦਰਾ ਗਾਂਧੀ ਦੇ ਕਤਲ ਕੇਸ ਦੇ ਫੈਸਲੇ ਵਿਰੁੱਧ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਹਲੋਂ ਧੜੇ ਵਲੋਂ ਮੁਜ਼ਾਹਰੇ ਲਾਮਬੰਦ ਕੀਤੇ ਗਏ।

ਗਰਮ ਧੜੇ ਵਲੋਂ ਸਤਵੰਤ ਸਿੰਘ, ਕਿਹਰ ਸਿੰਘ ਅਤੇ ਬਲਵੀਰ ਸਿੰਘ ਨੂੰ ਫਾਂਸੀ ਦਾ ਹੁਕਮ ਸੁਣਾਏ ਜਾਣ ਉਤੇ ਫੈਡਰੇਸ਼ਨ ਨੇ ਅੰਮ੍ਰਿਤਸਰ ਵਿਚ 150 ਵਿਅਕਤੀਆਂ ਦਾ ਇਕ ਮੁਜ਼ਾਹਰਾ ਲਾਮਬੰਦ ਕੀਤਾ ਅਤੇ ਦੋ ਘੰਟੇ ਟਰੈਫਿਕ ਰੋਕੀ ਰੱਖਿਆ। ਜਲੰਧਰ ਅਤੇ ਲੁਧਿਆਣੇ ਵਿਚ 100,000 ਦੇ ਕਰੀਬ ਵਿਦਿਆਰਥੀਆਂ ਨੇ ਮੁਜ਼ਾਹਰੇ ਕੀਤੇ।

ਸਤਵੰਤ ਸਿੰਘ ਦੇ ਵਕੀਲ ਪ੍ਰਾਣ ਲਾਲ ਲੇਖੀ ਨੇ ਦਿੱਲੀ ਵਿਚ ਕਿਹਾ ਕਿ ਫਾਂਸੀ ਦੇ ਹੁਕਮ ਵਿਰੁੱਧ ਅਪੀਲ ਹਾਈਕੋਰਟ ਵਿਚ ਕੀਤੀ ਜਾ ਰਹੀ ਹੈ।

ਇਹ ਵੀ ਪਤਾ ਲੱਗਿਆ ਹੈ ਕਿ ਸਤਵੰਤ ਸਿੰਘ ਦੇ ਪਿਤਾ ਦਾ ਯਕੀਨ ਹੈ ਕਿ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਦੀ ਕਤਲ ਨਹੀਂ ਕੀਤਾ। ਉਹ ਪ੍ਰਾਣ ਨਾਥ ਲੇਖੀ ਵਲੋਂ ਕੇਸ ਪੇਸ਼ ਕੀਤੇ ਜਾਣ ਉਤੇ ਵੀ ਸੰਤੁਸ਼ਟ ਨਹੀਂ ਹਨ।

ਇਹ ਵੀ ਖਬਰ ਹੈ ਕਿ ਹਾਈਕੋਰਟ ਵਿਚ ਸਤਵੰਤ ਸਿੰਘ ਦੀ ਵਕਾਲਤ ਸ਼੍ਰੋਮਣੀ ਅਕਾਲੀ ਦਲ ਦੇ ਸਲਾਹਕਾਰ ਗੁਰਨਾਮ ਸਿੰਘ ਤੀਰ ਕਰਨਗੇ।

ਬੈਂਕ ਨੇ ਡੇਢ ਲੱਖ ਦੀ ਭਾਨ ਵੰਡੀ

ਗਿੱਦੜਬਾਹਾ — ਭਾਰਤੀ ਸਟੇਟ ਬੈਂਕ ਗਿੱਦੜਬਾਹਾ ਦੇ ਕੈਸ਼ ਅਫਸਰ ਐਚ. ਡੀ. ਜਿੰਦਲ ਨੇ ਦੱਸਿਆ ਕਿ ਬੈਂਕ ਦੀ ਇਸ ਸ਼ਾਖਾ ਨੇ ਪਿਛਲੇ ਦੋ ਹਫਤਿਆਂ ਵਿਚ ਲਗਭਗ ਡੇਢ ਲੱਖ ਰੁਪਏ ਦੀ ਭਾਨ ਅਤੇ ਸਿੱਕੇ ਲੋਕਾਂ ਵਿਚ ਵੰਡੇ। ਉਨ੍ਹਾਂ ਦੱਸਿਆ ਕਿ ਹੋਰ ਵੀ ਕਾਫੀ ਭਾਨ ਜਲਦੀ ਬੈਂਕ ਵਿਚ ਆਉਣ ਦੀ ਸੰਭਾਵਨਾ ਹੈ।



ਮਲੇਰਕੋਟਲਾ ਵਿਚ ਰਾਤ ਦਾ ਸਿਨਮਾ ਸ਼ੋਅ ਬੰਦ

ਮਲੇਰਕੋਟਲਾ, —(ਪੱਤਰ ਪ੍ਰੇਰਕ) ਜ਼ਿਲ੍ਹਾ ਅਧਿਕਾਰੀਆਂ ਨੇ ਇਕ ਹੁਕਮ ਜਾਰੀ ਕਰਕੇ ਇਥੋਂ ਦੇ ਸਿਨਮਿਆਂ ਵਿਚ ਰਾਤ ਦੇ ਸ਼ੋਅ ਤੇ ਪਾਬੰਦੀ ਲਗਾ ਦਿਤੀ ਹੈ। ਇਥੇ ਦੁਕਾਨਾਂ ਵੀ ਰਾਤ 9 ਵਜੇ ਤੋਂ ਬਾਅਦ ਬੰਦ ਕਰਨ ਦੇ ਹੁਕਮ ਜਾਰੀ ਕਰ ਦਿਤੇ ਗਏ ਹਨ। ਇਸ ਸੰਬੰਧ ਵਿਚ ਡੀ. ਐਸ. ਪੀ. ਮਲੇਰ ਕੋਟਲਾ ਸ: ਹਰਦੇਵ ਸਿੰਘ ਬੇਦੀ ਨੇ ਦਸਿਆ ਕਿ ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਭਾਰਤ-ਪਾਕਿ ਸੀਮਾ ਨੇੜੇ ਤੁਰਨ ਤੇ ਪਾਬੰਦੀ

ਫੀਰੋਜ਼ਪੁਰ -(ਹਿ ਸ)

ਫੀਰੋਜ਼ਪੁਰ ਦੇ ਜ਼ਿਲਾ ਮੈਜਿਸਟ੍ਰੇਟ ਸ੍ਰੀ ਧਵਨ ਨੇ ਇਕ ਹੁਕਮ ਜਾਰੀ ਕਰਕੇ ਪਾਕਿਸਤਾਨ ਦੇ ਨਾਲ ਲਗਦੀ ਭਾਰਤੀ ਸੀਮਾ ਨੇੜੇ 500 ਮੀਟਰ ਦੇ ਅੰਦਰ ਸ਼ਾਮੀਂ 6 ਵਜੇ ਤੋਂ ਸਵੇਰੇ 6 ਵਜੇ ਤਕ ਆਮ ਲੋਕਾਂ ਦੇ ਤੁਰਨ ਫਿਰਨ ਤੇ ਪਾਬੰਦੀ ਲਾ ਦਿਤੀ ਹੈ। ਇਹ ਪਾਬੰਦੀ 28 ਫਰਵਰੀ 1986 ਤਕ ਜਾਰੀ ਰਹੇਗੀ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਹਰਿਆਣੇ ਨੂੰ ਖੁਸ਼ ਕਰਨ ਲਈ - ਪੰਜਾਬ ਦੀ ਬਲੀ

26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਣਾ ਚਾਹੀਦਾ ਸੀ ਪਰ ਹਰਿਆਣੇ ਵਿਚ ਵਿਰੋਧੀ ਪਾਰਟੀਆਂ ਵਲੋਂ ਚਲਾਈ ਜਾ ਰਹੀ ਐਜੀਟੇਸ਼ਨ ਦੇ ਸਾਹਮਣੇ ਝੁਕਦਿਆਂ ਭਾਰਤ ਦੀ ਕੇਂਦਰ ਸਰਕਾਰ ਨੇ ਸਦਾਚਾਰਕ ਕੀਮਤਾਂ ਨੂੰ ਤਿਲਾਂਜਲੀ ਦੇ ਦਿਤੀ ਲਗਦੀ ਹੈ। ਪੰਜਾਬ ਸਮਝੌਤੇ ਨੂੰ ਹਰ ਪੰਜਾਬੀ ਅਤੇ ਦੇਸ਼ਵਾਸੀ ਨੇ ਜੀਅ ਆਇਆ ਆਖਿਆ ਸੀ ਅਤੇ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਆਪ ਇਸ ਸਮਝੌਤੇ ਦਾ ਸਵਾਗਤ ਕੀਤਾ ਸੀ। ਪੰਜਾਬ ਦੇ ਲੋਕਾਂ ਨੇ ਚਾਰ ਸਾਲ ਖੂਨ ਦੀਆਂ ਨਦੀਆਂ ਤਰਕੇ ਵੀ ਇਸ ਸਮਝੌਤੇ ਨੂੰ ਅਪਣਾ ਲਿਆ ਸੀ। ਸਿੱਖ ਕਮਿਊਨਿਟੀ ਦੇ ਮੰਨੇ ਪ੍ਰਮੰਨੇ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਕੁਰਬਾਨੀ ਦੇ ਕੇ ਇਸ ਸਮਝੌਤੇ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ ਪਰ ਜਿਸ ਢੰਗ ਨਾਲ ਇਸ ਸਮਝੌਤੇ ਨੂੰ ਤਾਰਪੀਡੋ ਕਰਨ ਦੀਆਂ ਕੋਸ਼ਿਸ਼ਾਂ ਹਰਿਆਣੇ ਵਲੋਂ ਆਰੰਭੀਆਂ ਗਈਆਂ ਉਹ ਦੇਸ਼ ਲਈ ਬਦਕਿਸਮਤੀ ਵਾਲੀ ਗੱਲ ਹੈ।

ਸਥਾਨਕ ਵਿਰੋਧ ਦੇ ਹੁੰਦਿਆਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਸ ਸਮਝੌਤੇ ਦਾ ਸਵਾਗਤ ਕੀਤਾ ਤਾਕਿ ਚਾਰ ਸਾਲ ਤੋਂ ਹਿੰਦੂ ਅਤੇ ਸਿੱਖਾਂ ਵਿਚਕਾਰ ਪਾਇਆ ਗਿਆ ਪਾੜਾ ਮੇਲਿਆ ਜਾ ਸਕੇ ਪਰ ਦੇਸ਼-ਵਿਰੋਧੀ ਤਾਕਤਾਂ ਅਤੇ ਫਿਰਕੂ ਅਨਸਰ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿਤਾ। ਹੁਣ ਕੇਂਦਰ ਸਰਕਾਰ ਨੇ ਪਹਿਲੀ ਧਾਰਾ ਤੇ ਹੀ ਅਮਲ ਕਰਨ ਤੋਂ ਹਿਚਕਚਾਹਟ ਵਿਖਾਈ ਹੈ ਤਾਂ ਸਮਝੌਤੇ ਦੀਆਂ ਬਾਕੀ ਧਾਰਾਵਾਂ ਉਤੇ ਅਮਲ ਹੋਣ ਦੀ ਕੀ ਗਰੰਟੀ ਹੋ ਸਕਦੀ ਹੈ।

ਮੈਥਿਊ ਕਮਿਸ਼ਨ ਬਣਾਉਣ ਦੇ ਸਮੇਂ ਤੋਂ ਹੀ ਭਜਨ ਲਾਲ ਜੁੰਡਲੀ ਅਤੇ ਦੇਵੀ ਲਾਲ ਦੀ ਆਪਣੀ ਰਾਜਸੀ ਸੱਤਾ ਹਥਿਆਉਣ ਦੀ ਕਸ਼ਮਕਸ਼ ਸ਼ੁਰੂ ਹੋ ਗਈ ਫਿਰ ਕੇਂਦਰ ਸਰਕਾਰ ਦੀ ਅਫਸਰਸ਼ਾਹੀ ਨੇ 'ਹਰ ਮੱਦ' ਵਰਗੇ ਸ਼ਬਦ ਸਮਝੌਤੇ ਦੀਆਂ ਧਾਰਾਵਾਂ ਵਿਚ ਪਾਉਣ ਵਰਗੀਆਂ ਚਾਲਾਂ ਸ਼ੁਰੂ ਕਰ ਦਿਤੀਆਂ। ਇਹ ਸ਼ੰਕਾ ਉਸ ਸਮੇਂ ਹੀ ਪੈਦਾ ਹੋਣੀ ਸ਼ੁਰੂ ਹੋ ਗਈ ਸੀ ਕਿ ਕੇਂਦਰ ਸਰਕਾਰ ਵਿਚਲੀ ਫਿਰਕੂ ਅਫਸਰਸ਼ਾਹੀ ਇਸ ਸਮਝੌਤੇ ਨੂੰ ਸਿਰੇ ਨਹੀਂ ਚੜ੍ਹਨ ਦੇਵੇਗੀ।

ਬਰਨਾਲਾ ਸਰਕਾਰ ਨੇ ਮੁੜ ਮੁੜ ਵਿਸ਼ਵਾਸ਼ਨੀਆਂ ਦਿਤੀਆਂ ਕਿ ਸਮਝੌਤੇ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਜਦਕਿ ਪੰਜਾਬ ਦੇ ਲੋਕਾਂ ਨੇ ਦੋ-ਤਿਹਾਈ ਸੀਟਾਂ ਉਤੇ ਸਮਝੌਤਾ-ਪੱਖੀਆਂ ਨੂੰ ਵੋਟਾਂ ਦੇ ਕੇ ਕਾਮਯਾਬ ਕੀਤਾ ਸੀ। ਹੁਣ ਉਹ ਬਰਨਾਲਾ ਸਰਕਾਰ ਕਿਸ ਮੂੰਹ ਨਾਲ ਪੰਜਾਬ ਦੇ ਲੋਕਾਂ ਸਾਹਮਣੇ ਜਾ ਸਕੇਗੀ ਕਿ ਜਿਸ ਆਧਾਰ ਉਤੇ ਉਹ ਚੁਣੇ ਗਏ ਸਨ, ਉਹ ਆਧਾਰ ਹੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਹੁਣ ਮੈਥਿਊ ਕਮਿਸ਼ਨ ਨੇ ਅਬੋਹਰ ਫਾਜ਼ਿਲਕਾ ਦੇ ਪਿੰਡਾਂ ਦੀ ਮਰਦਮ ਸ਼ੁਮਾਰੀ ਵੀ ਕਰਾ ਕੇ ਦੇਖ ਲਈ ਹੈ ਕਿ ਉਹ ਪੰਜਾਬੀ ਬੋਲਦੇ ਪਿੰਡ ਹਨ। ਜਦਕਿ ਸਮਝੌਤੇ ਦੀ ਧਾਰਾ 7 ਅਨੁਸਾਰ ਇਹ ਫੈਸਲਾ ਹੋਇਆ ਸੀ ਕਿ "ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਗਿਆ ਹੈ। ਚੰਡੀਗੜ੍ਹ ਨਾਲ ਲਗਦੇ ਹਿੰਦੀ ਇਲਾਕੇ ਹਰਿਆਣੇ ਨੂੰ ਜਾਣਗੇ ਅਤੇ ਪੰਜਾਬੀ ਇਲਾਕੇ ਪੰਜਾਬ ਨੂੰ ਮਿਲਣਗੇ।" ਮੈਥਿਊ ਕਮਿਸ਼ਨ ਦਾ ਕੰਮ ਕੇਵਲ ਏਨਾ ਸੀ ਕਿ ਉਹ ਚੰਡੀਗੜ੍ਹ ਦੇ ਨਾਲ ਲਗਦੇ ਹਿੰਦੀ ਭਾਸ਼ੀ ਪਿੰਡ ਹਰਿਆਣੇ ਨੂੰ ਦੇਣ ਦਾ ਫੈਸਲਾ ਕਰੇ ਨਾ ਕਿ ਅਬੋਹਰ ਫਾਜ਼ਿਲਕਾ ਦਾ ਮਾਮਲਾ ਮੱਲੋਮੱਲੀ ਆਪਣੇ ਅਧਿਕਾਰ ਖੇਤਰ ਵਿਚ ਲੈਣ ਦੀ ਕੋਸ਼ਿਸ਼ ਕਰੇ।

ਇਸੇ ਧਾਰਾ ਵਿਚ ਇਹ ਕਿਹਾ ਗਿਆ ਹੈ ਕਿ "ਚੰਡੀਗੜ੍ਹ 1986 ਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਹੋ ਜਾਵੇਗਾ ਅਤੇ ਹਰਿਆਣੇ ਨੂੰ ਚੰਡੀਗੜ੍ਹ ਨਾਲ ਲਗਦੇ ਹਿੰਦੀ ਭਾਸ਼ੀ ਪਿੰਡ ਮਿਲ ਜਾਣਗੇ।"

ਇਸ ਸਮਝੌਤੇ ਵਿਚ ਹਰਿਆਣਾ ਕਦੀ ਵੀ ਧਿਰ ਨਹੀਂ ਸੀ ਬਣਾਇਆ ਗਿਆ ਸਗੋਂ ਇਹ ਸਮਝੌਤਾ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਇਆ ਸੀ। ਹੁਣ ਜਿਸ ਜੱਕੋਤੱਕੀ ਦਾ ਵਿਖਾਵਾ ਕੀਤਾ ਜਾ ਰਿਹਾ ਹੈ - ਇਹ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ਼ ਖਤਮ ਕਰਨ ਦੇ ਤੁਲ ਹੈ। ਇਸਦੇ ਸਿੱਟੇ ਪੰਜਾਬ ਲਈ ਵੀ ਅਤੇ ਦੇਸ਼ ਦੇ ਲੋਕਾਂ ਲਈ ਵੀ ਭਿਆਨਕ ਹੋ ਸਕਦੇ ਸਨ।

ਬੇਸ਼ੱਕ ਇਹ ਖਬਰਾਂ ਮਿਲ ਰਹੀਆਂ ਹਨ ਕਿ ਕੁਝ ਦਿਨਾਂ ਅੰਦਰ ਹੀ ਇਹ ਮਸਲਾ ਨਿਪਟ ਜਾਵੇਗਾ ਪਰ ਫਿਰ ਵੀ ਲੋਕਾਂ ਦੇ ਵਿਸ਼ਵਾਸ਼ ਨੂੰ ਜੋ ਧੱਕਾ ਲੱਗਾ ਹੈ — ਇਸਦੀ ਛਾਪ ਅਮਿੱਟ ਵੀ ਹੋ ਸਕਦੀ ਹੈ।

ਕੈਨੇਡਾ ਦਾ ਮੀਡੀਆ

ਪਿਛਲੇ ਕੁਝ ਦਿਨਾਂ ਤੋਂ ਜਿਸ ਢੰਗ ਨਾਲ ਕੈਨੇਡੀਅਨ ਮੀਡੀਆ ਇਕ ਘਟਨਾ ਨੂੰ ਮੁੜ ਮੁੜ ਉਛਾਲ ਰਿਹਾ ਹੈ ਅਤੇ ਜਿਸ ਢੰਗ ਨਾਲ ਸੁਰਖੀਆਂ ਲਾਈਆਂ ਜਾ ਰਹੀਆਂ ਹਨ ਇਸ ਤੋਂ ਇਹ ਸੰਦੇਹ ਹੋਣਾ ਸ਼ੁਰੂ ਹੋ ਗਿਆ ਕਿ ਸਾਡੀ ਕਮਿਊਨਿਟੀ ਨੂੰ ਬਦਨਾਮ ਕਰਨ ਦੇ ਯਤਨ ਹੋਰ ਤੇਜ਼ ਹੋ ਗਏ ਹਨ। ਸਾਡੀ ਕਮਿਊਨਿਟੀ ਵਿਚ ਟੈਲੀਵੀਜ਼ਨ ਅਤੇ ਅਖਬਾਰਾਂ ਦਾ ਦਖਲ ਇਸ ਤੇਜ਼ੀ ਨਾਲ ਵਧ ਰਿਹਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਵਲੋਂ ਕੀਤੀ ਸ਼ਰਾਰਤ ਨੂੰ ਮਸਾਲੇ ਲਾ ਲਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਘਟਨਾ ਪੁਲਸ ਦੇ ਅਧੀਨ ਹੈ ਇਸ ਲਈ ਇਸ ਬਾਰੇ ਤਬਸਰਾ ਕਰਨਾ ਸਾਡੀ ਇਛਾ ਨਹੀਂ ਪਰ ਜਿਸ ਢੰਗ ਨਾਲ ਅਜਿਹੀਆਂ ਘਟਨਾਵਾਂ ਨੂੰ ਉਛਾਲਿਆ ਜਾ ਰਿਹਾ ਹੈ, ਉਸ ਲਈ ਕਮਿਊਨਿਟੀ ਦੇ ਲੀਡਰਾਂ ਨੂੰ ਜ਼ਰੂਰ ਚੇਤੰਨ ਹੋਣਾ ਪਵੇਗਾ ਨਹੀਂ ਤਾਂ ਕਮਿਊਨਿਟੀ ਦਾ ਨਾਂ ਮਿੱਟੀ ਵਿਚ ਮਿਲਣ ਤੋਂ ਕੋਈ ਰੋਕ ਨਹੀਂ ਸਕੇਗਾ।

ਬਰਨਾਲਾ ਦੀ ਲੀਡਰਸ਼ਿਪ ਮਜ਼ਬੂਤ ਕਰਨ ਦੀ ਲੋੜ

—ਪ੍ਰੋ: ਪਿਆਰਾ ਸਿੰਘ ਭੋਗਲ—

ਸਿੱਖਾਂ ਦੀ ਜਾਂ ਪੰਜਾਬ ਦੀ ਚਿੰਤਾ ਕਰਨ ਵਾਲੇ ਅਕਾਲੀਆਂ ਅਤੇ ਉਨ੍ਹਾਂ ਦੇ ਵਿਰੋਧੀਆਂ ਨੂੰ ਇਕ ਬਹੁਤ ਵੱਡੀ ਸਚਾਈ ਨਹੀਂ ਭੁੱਲਣੀ ਚਾਹੀਦੀ। 1947 ਤੋਂ 1980 ਤੱਕ ਅੰਦੋਲਨ ਬਹੁਤ ਹੋਏ, ਹਿੰਦੂਆਂ ਸਿੱਖਾਂ ਵਿਚਕਾਰ ਨਫਰਤ ਵੀ ਭੜਕਦੀ ਰਹੀ, ਪਰ ਨਾ ਕਦੇ ਮਾਰ ਧਾੜ ਅਤੇ ਹਿੰਸਾ ਦੀਆਂ ਵਾਰਦਾਤਾਂ ਇਸ ਹੱਦ ਤੱਕ ਹੋਈਆਂ ਸਨ, ਜੋ 1980 ਤੋਂ 1984 ਈ: ਦੇ ਵਿਚਕਾਰ ਹੋਈਆਂ ਅਤੇ ਨਾ ਜੂਨ 1984 ਦੀ ਸੈਨਿਕ ਕਾਰਵਾਈ ਅਤੇ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਰਗੀਆਂ ਅਪਮਾਨਜਨਕ ਘਟਨਾਵਾਂ ਪਹਿਲਾਂ ਹੋਈਆਂ ਸਨ। ਇਸ ਦਾ ਮੁੱਖ ਕਾਰਨ ਗਲਤ ਲੀਡਰਸ਼ਿਪ ਹੀ ਸੀ। ਰਾਜਨੀਤਕ ਤੌਰ ਤੇ ਭਾਰਤ ਵੀ ਕੁਰਾਹੇ ਪਿਆ ਹੋਇਆ ਸੀ ਤੇ ਪੰਜਾਬ ਵੀ। ਲੋਕ ਰਾਏ ਦੀ ਆਵਾਜ਼ ਸੁਣਨੀ ਬੰਦ ਹੋ ਗਈ ਸੀ।

ਪੰਜਾਬ ਬਾਰੇ ਸਮਝੌਤਾ ਹੋਣ ਨਾਲ ਅਤੇ ਲੋਕਤੰਤਰੀ ਚੋਣਾਂ ਹੋਣ ਨਾਲ ਰਾਜਨੀਤਕ ਗੱਡੀ ਮੁੜ ਲੀਹੇ ਪਈ ਹੈ। ਸ: ਸੁਰਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦੀ ਪਾਰਟੀ ਚੋਣਾਂ ਜਿੱਤ ਕੇ ਤਾਕਤ ਵਿਚ ਆਈ ਹੈ ਤੇ ਉਨ੍ਹਾਂ ਨੂੰ ਪੰਜਾਬ ਦੀ ਵਾਗਡੋਰ ਸੰਭਾਲਣ ਦਾ ਮੌਕਾ ਮਿਲਿਆ ਹੈ। ਹੁਣ ਸਭ ਤੋਂ ਪਹਿਲਾ ਫਰਜ਼ ਅਕਾਲੀ ਪਾਰਟੀ ਦਾ ਇਹ ਹੈ ਕਿ ਉਹ ਆਪਸੀ ਮਤਭੇਦ ਅਤੇ ਪਦਵੀਆਂ ਪ੍ਰਾਪਤ ਕਰਨ ਦੇ ਸਵਾਰਥ ਹੋਣ ਦੇ ਬਾਵਜੂਦ ਘਟ ਤੋਂ ਘਟ ਇਸ ਗੱਲ ਉਤੇ ਜ਼ਰੂਰ ਸਰਬ ਸੰਮਤੀ ਦਿਖਾਵੇ ਕਿ ਸਾਡਾ ਲੀਡਰ ਇਕ ਹੈ। ਪਾਰਟੀ ਬਰਨਾਲਾ ਸਾਹਿਬ ਦੇ ਪਿਛੇ ਖੜੀ ਹੋਵੇ।

ਅਕਾਲੀ ਸੰਮਤੀ ਮੰਡਲ ਦੇ ਸਾਹਮਣੇ ਬਹੁਤ ਭਾਰੀ ਜ਼ਿੰਮੇਵਾਰੀਆਂ ਹਨ। ਪੰਜਾਬ ਸਮਝੌਤੇ ਉਤੇ ਅਜੇ ਅਮਲ ਕੀਤਾ ਜਾਣਾ ਹੈ, ਪਰ ਮੰਤਰੀ ਮੰਡਲ ਉਤੇ ਦੋ ਪਾਸਿਆਂ ਤੋਂ ਤਾਬੜ ਤੋੜ ਹਮਲੇ ਸ਼ੁਰੂ ਕਰ ਦਿਤੇ ਗਏ ਹਨ। ਅਕਾਲੀਆਂ ਨਾਲ ਨਾਰਾਜ਼ ਅਤੇ ਆਪਣੇ ਆਪ ਨੂੰ ਪੰਥ ਦੇ ਵਧੇਰੇ ਗਰਮ-ਹਿਤੈਸ਼ੀ ਸਮਝਣ ਵਾਲੇ ਲੋਕ ਦੋਸ਼ ਲਾ ਰਹੇ ਹਨ ਕਿ ਜੇਲ੍ਹਾਂ ਵਿਚ ਬੈਠੇ ਸਿੱਖ ਰਿਹਾਅ ਕਿਉਂ ਨਹੀਂ ਕੀਤੇ ਜਾ ਰਹੇ ਫੌਜੀ ਭਗੌੜਿਆਂ ਦੀ ਪੁਨਰ ਸਥਾਪਨਾ ਕਿਉਂ ਨਹੀਂ ਕੀਤੀ ਜਾ ਰਹੀ? ਦੂਜੇ ਪਾਸੇ ਸਿੱਖ ਵਿਰੋਧੀ ਪਾਰਟੀਆਂ ਅਤੇ ਅਖਬਾਰ ਉਲਟਾ ਦੋਸ਼ ਲਾ ਰਹੇ ਹਨ ਕਿ ਧੜਾਧੜ 'ਅਤਿਵਾਦੀ' ਦੇ 'ਅਪਰਾਧੀ' ਛਡੇ ਜਾ ਰਹੇ ਹਨ ਤੇ ਇਸੇ ਕਰਕੇ ਮੁੜਕੇ ਹਿੰਸਾਤਮਕ ਘਟਨਾਵਾਂ ਵਾਪਰ ਰਹੀਆਂ ਹਨ। ਬਰਨਾਲਾ ਸਾਹਿਬ ਦੀ ਹਾਲਤ ਚੱਕੀ ਦੇ ਦੋ ਪੁੜਾਂ ਵਿਚਕਾਰ ਆਏ ਦਾਣੇ ਵਰਗੀ ਹੈ।

ਪਰ, ਸਾਡੀ ਰਾਏ ਵਿਚ ਉਹ ਠੀਕ ਚੱਲ ਰਹੇ ਹਨ। ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਮੁਤਾਬਕ ਜੋ ਸੱਚਮੁਚ ਨਿਰਦੋਸ਼ ਹਨ ਜਾਂ ਸਿਰਫ ਰਾਜਨੀਤਕ ਦੋਸ਼ੀ ਹਨ ਉਹ ਰਿਹਾਅ ਕਰ ਦਿਤੇ ਜਾਣੇ ਚਾਹੀਦੇ ਹਨ।

ਹਿੰਸਾ ਦੀਆਂ ਕਾਰਵਾਈਆਂ ਅਤੇ ਲੁਟ ਮਾਰ ਦੀਆਂ ਘਟਨਾਵਾਂ ਬਹੁਤ ਹੀ ਨਿੰਦਨੀ ਅਤੇ ਚਿੰਤਾ ਜਨਕ ਹਨ। ਇਹ ਬੰਦ ਹੋਣੀਆਂ ਚਾਹੀਦੀਆਂ ਹਨ ਪਰ ਇਨ੍ਹਾਂ ਨੂੰ ਬੰਦ ਕਰਨ ਦਾ ਸਹੀ ਤਰੀਕਾ ਇਹ ਨਹੀਂ ਕਿ ਜੋ ਪੁਲਸੀ ਜਬਰ ਦਾ ਸ਼ਿਕਾਰ ਹੋ ਕੇ ਜੇਲ੍ਹਾਂ ਵਿਚ ਤੁੰਨੇ ਗਏ ਹਨ ਉਹ ਛੱਡੇ ਨਾ ਜਾਣ। ਰਿਹਾਈਆਂ ਬਿਨਾਂ ਪੰਜਾਬ ਦੀ ਸਥਿਤੀ ਨਾਰਮਲ ਨਹੀਂ ਹੋਣੀ। ਇਨ੍ਹਾਂ ਰਿਹਾਈਆਂ ਵਿਚ ਫੌਜੀ ਭਗੌੜਿਆਂ ਨਾਲ ਵਧ ਤੋਂ ਵਧ ਨਰਮ ਵਤੀਰਾ ਧਾਰਨ ਕਰਨਾ ਵੀ ਸ਼ਾਮਲ ਹੋਣਾ ਚਾਹੀਦਾ ਹੈ।

ਬਰਨਾਲਾ ਸਰਕਾਰ ਦੇ ਦੋਵੇਂ ਪ੍ਰਕਾਰ ਦੇ ਆਲੋਚਕਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਚੋਣਾਂ ਅਤੇ ਬਰਨਾਲਾ ਸਰਕਾਰ ਦਾ ਗਠਨ ਸਿੱਖਾਂ ਲਈ ਵੀ ਅਤੇ ਸਮੁਚੇ ਪੰਜਾਬ ਲਈ ਵੀ ਬਹੁਤ ਵੱਡੀਆਂ ਪ੍ਰਾਪਤੀਆਂ ਸਨ। ਇਨ੍ਹਾਂ ਚੋਣਾਂ ਨੇ ਸਿੱਖਾਂ ਦਾ ਬਿੰਬ ਸੁਧਾਰਿਆ ਹੈ ਤੇ ਨਾਲ ਨਾਲ ਸਿੱਖਾਂ ਦੀ ਇਜ਼ਤ ਵਧਾਈ ਹੈ। ਦੂਜੇ ਪਾਸੇ ਬਰਨਾਲਾ ਸਰਕਾਰ ਦੇ ਗਠਨ ਨੇ ਇਹ ਵੀ ਸਿੱਧ ਕੀਤਾ ਕਿ ਸਿੱਖਾਂ ਦੀ ਭਾਰੀ ਬਹੁਗਿਣਤੀ ਹਿੰਦੂਆਂ ਨਾਲ ਅਤੇ ਭਾਰਤ ਨਾਲ ਮਿਲਕੇ ਚੱਲਣਾ ਚਾਹੁੰਦੀ ਹੈ — ਬਸ਼ਰਤਿ ਕਿ ਭਾਰਤ ਦੀ ਲੀਡਰਸ਼ਿਪ ਅਤੇ ਹਿੰਦੂ ਬਹੁਗਿਣਤੀ ਘਟ ਗਿਣਤੀਆਂ ਨੂੰ ਅਤੇ ਸੂਬਿਆਂ ਨੂੰ ਯੋਗ ਸਨਮਾਨ ਦੇਵੇ।

ਇਸ ਲਈ ਹੁਣ ਬਰਨਾਲਾ ਮੰਤਰੀ-ਮੰਡਲ ਨੂੰ ਆਪਣੇ ਨਿਸ਼ਾਨਿਆਂ ਦੀ ਪੂਰਤੀ ਵਿਚ ਸਫਲ ਹੋਣਾ ਚਾਹੀਦਾ ਹੈ। ਸਫਲਤਾ ਤਾਂ ਹੀ ਹੋਣੀ ਹੈ, ਜੇ ਅਕਾਲੀ ਸਰਕਾਰ ਚਟਾਨ ਵਾਂਗ ਮਜ਼ਬੂਤ ਨਜ਼ਰ ਹੋਵੇ। ਭਾਰਤ ਵਿਚ ਪਾਰਟੀਆਂ ਨਹੀਂ ਚਲਦੀਆਂ, ਲੀਡਰ ਚਲਦੇ ਹਨ। ਜੇ ਲੀਡਰ ਮਜ਼ਬੂਤ ਹੈ ਤਾਂ ਪਾਰਟੀ ਦਾ ਸੰਗਠਨ ਬਣਿਆ ਰਹਿੰਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹੀਦੀ ਤੋਂ ਬਾਅਦ ਲੀਡਰਸ਼ਿਪ ਦਾ ਖਿਲਾਅ ਪੈਦਾ ਹੋ ਗਿਆ ਸੀ। ਸੰਤ ਜੀ ਦੀ ਥਾਂ ਬਰਨਾਲਾ ਸਾਹਿਬ ਨੂੰ ਨੇਤਾ ਚੁਣਿਆ।

ਸਿੱਖਾਂ ਦੀ ਭਾਰੀ ਬਹੁਗਿਣਤੀ ਸ਼ਾਂਤੀ ਚਾਹੁੰਦੀ ਹੈ, ਪਰ ਨਾਲ ਹੀ ਉਨ੍ਹਾਂ ਨੂੰ ਭਾਰਤ ਸਰਕਾਰ ਉਤੇ ਅਤੇ ਭਾਰਤ ਦੀ ਹਿੰਦੂ-ਬਹੁਗਿਣਤੀ ਉਤੇ ਬਹੁਤ ਸਾਰੇ ਗਿਲੇ ਹਨ। ਦਰਬਾਰ ਸਾਹਿਬ ਉਤੇ ਸੈਨਿਕ ਹਮਲਾ ਅਤੇ ਨਵੰਬਰ ਦੇ ਦੰਗੇ ਸਿੱਖਾਂ ਨੂੰ ਭੁੱਲੇ ਨਹੀਂ। ਹੁਣ ਪੰਜਾਬ ਸਮਝੌਤੇ ਦੀਆਂ ਮੱਦਾਂ ਉਤੇ ਅਮਲ ਕਰਨ ਦੀ ਕਾਰਵਾਈ ਵੀ ਤਸੱਲੀ ਬਖਸ਼ ਢੰਗ ਨਾਲ ਨਹੀਂ ਚਲ ਰਹੀ। ਨਵੰਬਰ ਦੇ ਦੰਗਿਆਂ ਬਾਰੇ ਪੜਤਾਲ ਕਰਨ ਵਾਲਾ ਕਮਿਸ਼ਨ ਕੋਈ ਖਾਸ ਕਾਰਵਾਈ ਨਹੀਂ ਕਰ ਰਿਹਾ। ਚੰਡੀਗੜ੍ਹ ਬਦਲੇ ਹਿੰਦੀ ਭਾਸ਼ਾ ਪਿੰਡਾਂ ਦੀ ਚੋਣ ਕਰਨ ਵਾਲਾ ਕਮਿਸ਼ਨ ਵੀ ਅਬੋਹਰ-ਫਾਜ਼ਿਲਕਾ ਬਾਰੇ ਗਲਤ ਕਿਸਮ ਦੇ ਸ਼ੰਕੇ ਪੈਦਾ ਕਰ ਰਿਹਾ ਹੈ। ਫੌਜੀਆਂ ਨੂੰ ਸਜ਼ਾਵਾਂ ਹੋ ਰਹੀਆਂ ਹਨ। ਇਹ ਸਭ ਗੱਲਾਂ ਸਿੱਖਾਂ ਦੇ ਮਨਾਂ ਵਿਚ ਨਾਰਾਜ਼ਗੀ ਦੀਆਂ ਭਾਵਨਾਵਾਂ ਨੂੰ ਧੁਖਦਾ ਰੱਖ ਰਹੀਆਂ ਹਨ। ਪਰ ਇਨ੍ਹਾਂ ਉਲਝਣਾਂ ਦਾ ਹੱਲ, ਸਾਡੀ ਰਾਏ ਵਿਚ, ਪੰਜਾਬ ਵਿਚ ਮਜ਼ਬੂਤ ਤੇ ਕੁਸ਼ਲ ਅਕਾਲੀ ਸਰਕਾਰ ਅਤੇ ਸੰਤ ਲੌਂਗੋਵਾਲ ਦੀ ਲੀਡਰਸ਼ਿਪ ਦੀ ਰਵਾਇਤ ਉਤੇ ਤੁਰਨ ਵਾਲਾ ਲੀਡਰ ਹੀ ਕਰਵਾ ਸਕਦਾ ਹੈ। ਬਰਨਾਲਾ ਸਾਹਿਬ, ਕੇਂਦਰ ਨੂੰ ਖਾਹਮ ਖਾਹ ਚਿੜਾਏ ਬਿਨਾਂ, ਹਰ ਮਾਮਲੇ ਉਤੇ ਡਟਵਾਂ ਸਟੈਂਡ ਲੈ ਰਹੇ ਹਨ। ਮੈਥਿਊ ਕਮਿਸ਼ਨ ਨੂੰ ਵੀ ਅਤੇ ਕੇਂਦਰ ਸਰਕਾਰ ਨੂੰ ਵੀ ਦਸ ਦਿਤਾ ਗਿਆ ਹੈ ਕਿ ਜੇ ਨਜਾਇਜ਼ ਢੰਗ ਨਾਲ ਅਬੋਹਰ ਅਤੇ ਫਾਜ਼ਿਲਕਾ ਦੇ ਖੇਤਰ ਹਰਿਆਣਾ ਨੂੰ ਦੇਣ ਦਾ ਯਤਨ ਕੀਤਾ ਗਿਆ ਤਾਂ ਅਕਾਲੀ ਸਰਕਾਰ ਪ੍ਰਵਾਨ ਨਹੀਂ ਕਰੇਗੀ, ਲੋੜ ਪਈ ਤਾਂ ਅਸਤੀਫਾ ਦੇ ਦੇਵੇਗੀ।

ਅਕਾਲੀਆਂ ਨੇ ਪੰਜਾਬ ਦੀ ਵੱਖਰੀ ਰਾਜਨੀਤਕ ਅਤੇ ਸਭਿਆਚਾਰਕ ਸ਼ਨਾਖਤ ਸਥਾਪਤ ਕਰਨ ਲਈ ਲੰਬੇ ਅੰਦੋਲਨ ਚਲਾਏ। ਕੇਂਦਰ ਦੇ ਵਿਰੋਧ ਦੇ ਬਾਵਜੂਦ ਪੰਜਾਬੀ ਸੂਬਾ ਬਣਵਾਇਆ। ਸੈਨਿਕ ਸ਼ਕਤੀ ਨਾਲ ਹਿੰਸਾਵਾਦੀਆਂ ਦੇ ਨਾਲ ਨਾਲ ਸ਼ਾਂਤਮਈ ਅਕਾਲੀਆਂ ਨੂੰ ਦਬਾ ਦੇਣ ਦਾ ਯਤਨ ਕੀਤਾ ਗਿਆ। ਸੰਤ ਹਰਚੰਦ ਸਿੰਘ ਲੌਂਗੋਵਾਲ, ਸ: ਪ੍ਰਕਾਸ਼ ਸਿੰਘ ਬਾਦਲ, ਸ: ਸੁਰਜੀਤ ਸਿੰਘ ਬਰਨਾਲਾ ਅਤੇ ਹੋਰ ਵੱਡੇ ਲੀਡਰ ਲਗਭਗ ਇਕ ਸਾਲ ਦੂਰ-ਦਰਾਡੇ ਥਾਵਾਂ ਉਤੇ ਇਕੱਲ ਵਿਚ ਕੈਦ ਰਖੇ ਗਏ। ਹਜ਼ਾਰਾਂ ਵਰਕਰ ਵੀ ਜੇਲ੍ਹਾਂ ਵਿਚ ਰਹੇ ਤਾਂ ਵੀ ਅਕਾਲੀ ਝੁਕੇ ਨਹੀਂ। ਭਾਰਤ ਸਰਕਾਰ ਨੂੰ ਮਜ਼ਬੂਰ ਹੋ ਕੇ, ਆਪਣਾ ਸਖਤੀ ਦਾ ਅੜੀਅਲ ਵਤੀਰਾ ਛੱਡ ਕੇ ਸੰਤ ਲੌਂਗੋਵਾਲ ਨਾਲ ਲਿਖਤੀ ਸਮਝੌਤਾ ਕਰਨਾ ਪਿਆ। ਇਸ ਨਾਲ ਕਈ ਮਹੀਨਿਆਂ ਤੋਂ ਚਲ ਰਿਹਾ ਟੈਲੀਵੀਯਨ ਅਤੇ ਰੇਡੀਓ ਦਾ ਇਹ ਭੰਡੀ ਪਰਚਾਰ ਝੂਠਾ ਪੈ ਗਿਆ ਕਿ ਸਿੱਖ ਅਤਿਵਾਦੀ ਹਨ ਅਤੇ ਵੱਖਵਾਦੀ ਹਨ। ਇਉਂ ਅਕਾਲੀਆਂ ਨੇ ਸੰਤ ਲੌਂਗੋਵਾਲ ਦੀ ਅਗਵਾਈ ਵਿਚ ਸਿਖ-ਇਤਿਹਾਸ ਦਾ ਇਕ ਬਹੁਤ ਸੰਕਟ, ਦੂਰ-ਦ੍ਰਿਸ਼ਟੀ ਨਾਲ ਹੱਲ ਕੀਤਾ। ਪਿਛੋਂ ਚੋਣਾਂ ਵਿਚ ਹਿਸਾ ਲੈ ਕੇ ਅਤੇ ਚੋਣਾਂ ਜਿੱਤਕੇ, ਸਾਰੀ ਦੁਨੀਆਂ ਨੂੰ ਦਿਖਾ ਦਿਤਾ ਕਿ ਅਕਾਲੀ ਜਾਂ ਸਿੱਖ ਠੀਕ ਸਨ, ਸ੍ਰੀਮਤੀ ਇੰਦਰਾ ਗਾਂਧੀ ਅਤੇ ਕਾਂਗਰਸ ਸਰਕਾਰ ਦੀ ਨੀਤੀ ਪੰਜਾਬ ਬਾਰੇ ਗਲਤ ਸੀ। ਇਸ ਸੁਧਰੇ ਬਿੰਬ ਨੂੰ ਕਾਇਮ ਰਖਣ ਲਈ ਅਤੇ ਪੰਜਾਬ ਅਤੇ ਸਿੱਖਾਂ ਦੀ ਇਜ਼ਤ ਹੋਰ ਵਧਾਉਣ ਲਈ ਹੁਣ ਇਹ ਵੀ ਸਾਬਤ ਕਰਨਾ ਚਾਹੀਦਾ ਹੈ ਕਿ ਅਸੀਂ ਸਰਕਾਰ ਬਣਾਕੇ ਚਲਾ ਸਕਦੇ ਹਾਂ ਤੇ ਆਪਣੇ ਨਿਸ਼ਾਨਿਆਂ ਦੀ ਪੂਰਤੀ ਲਈ ਉਸਾਰੂ ਢੰਗ ਨਾਲ ਕੰਮ ਕਰ ਸਕਦੇ ਹਾਂ।

ਲੋਕ-ਤੰਤਰ ਵਿਚ ਮਤਭੇਦਾਂ ਦੀ ਗੁੰਜਾਇਸ਼ ਹੁੰਦੀ ਹੈ। ਅਕਾਲੀਆਂ ਦੇ ਅੰਦਰ ਵੀ ਮਤਭੇਦ ਹਨ। ਅਕਾਲੀਆਂ ਤੋਂ ਬਾਹਰ, ਕੁਝ ਸਿੱਖ ਹਲਕੇ ਅਕਾਲੀਆਂ ਨੂੰ ਇਕ ਸਿਰਿਉਂ ਹੀ ਗਲਤ ਸਮਝਦੇ ਹਨ। ਉਹ ਕਹਿੰਦੇ ਹਨ ਕਿ ਬਰਨਾਲਾ ਸਰਕਾਰ ਅਤੇ ਦਿੱਲੀ-ਦਰਬਾਰ ਵਿਚ ਕੋਈ ਫਰਕ ਨਹੀਂ। ਮਤਭੇਦ ਰਖਣ ਵਾਲਿਆਂ ਨੂੰ ਆਪਣੀ ਰਾਏ ਰੱਖਣ ਅਤੇ ਗੱਲ ਕਹਿਣ ਦਾ ਹੱਕ ਹੈ ਤੇ ਹੱਕ ਹੋਣਾ ਚਾਹੀਦਾ ਹੈ।

ਪਰ ਇਹ ਸਭ ਕੁਝ ਸ਼ਾਂਤ-ਮਈ ਢੰਗ ਨਾਲ ਲੋਕ-ਤੰਤਰੀ ਢੰਗ ਨਾਲ ਹੋਣਾ ਚਾਹੀਦਾ ਹੈ। ਹਿੰਸਾ ਅਤੇ ਜ਼ੋਰ ਜ਼ਬਰਦਸਤੀ ਕੋਈ ਮਸਲਾ ਹੱਲ ਨਹੀਂ ਕਰਦੀ। ਹੁਣ ਤਕ ਹੋਈ ਹਿੰਸਾ ਨੇ ਨਾ ਹਿੰਸਾ ਵਿਚ ਵਿਸ਼ਵਾਸ਼ ਰਖਣ ਵਾਲਿਆਂ ਦਾ ਕੁਝ ਸਵਾਰਿਆ ਹੈ ਤੇ ਨਾ ਸਿੱਖਾਂ ਦਾ। ਜਦੋਂ ਤੋਂ ਪੰਜਾਬ ਦੇ ਧਾਰਮਕ ਤੇ ਰਾਜਨੀਤਕ ਜੀਵਨ ਵਿਚ ਹਿੰਸਾ ਦਾਖਲ ਹੋਈ ਹੈ ਸਿੱਖਾਂ ਉਤੇ ਬੇਇੰਤਹਾ ਜ਼ੁਲਮ ਹੋਇਆ ਹੈ। ਹਜ਼ਾਰਾਂ ਬੇਗੁਨਾਹ ਕੁੱਟਾਂ ਮਾਰਾਂ ਖਾਂਦੇ ਰਹੇ ਹਨ। ਕੇਂਦਰ ਸਰਕਾਰ ਜੋ ਪਹਿਲਾਂ ਹੀ ਸੂਬਿਆਂ ਅਤੇ ਘਟ ਗਿਣਤੀਆਂ ਵਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਰਹੀ ਹੈ ਪੰਜਾਬ ਦੀ ਹਿੰਸਾ ਦਬਾਉਣ ਦੇ ਬਹਾਨੇ ਸਮੁੱਚੇ ਸਿੱਖਾਂ ਨੂੰ ਕੁਚਲਣ ਦੇ ਯਤਨ ਕਰਦੀ ਰਹੀ ਹੈ। ਹਰਿਆਣੇ ਤੇ ਹਿਮਾਚਲ ਵਿਚੋਂ ਸਿੱਖਾਂ ਦਾ ਲੰਘਣਾ ਮੁਸ਼ਕਲ ਰਿਹਾ ਹੈ। ਦਿੱਲੀ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਖਿਲਾਫ ਸ਼ਰਮਨਾਕ ਦੰਗੇ ਭੜਕਾਏ ਗਏ। ਕੁਝ ਸੱਜਣ ਇਸ ਜ਼ੁਲਮ ਦਾ ਜਵਾਬ ਹੋਰ ਹਿੰਸਾ ਸਮਝਦੇ ਹਨ। ਪਰ ਜੇ ਠੰਡੇ ਮਨ ਨਾਲ ਸੋਚਿਆ ਜਾਏ ਤਾਂ ਇਹ ਗੱਲ ਠੀਕ ਜਾਪੇਗੀ ਕਿ ਹਿੰਸਾ ਨਾਲ ਕੁਝ ਨਹੀਂ ਬਣਨਾ। ਨਾਗਾਲੈਂਡ, ਮੀਜ਼ੋਲੈਂਡ ਅਤੇ ਅੱਜ ਕੱਲ੍ਹ ਸ੍ਰੀ ਲੰਕਾ ਵਿਚ ਤਾਮਿਲਾਂ ਵਲੋਂ ਕੀਤੀ ਜਾ ਰਹੀ ਜਵਾਬੀ ਹਿੰਸਾ ਸਿਵਾਏ ਤਬਾਹੀ ਦੇ ਕੋਈ ਨਤੀਜੇ ਨਹੀਂ ਪੈਦਾ ਕਰ ਰਹੀ। ਆਖਰ ਲੋਕ-ਤੰਤਰੀ ਅਤੇ ਵਿਧਾਨਕ ਹੱਲ ਲੱਭਣੇ ਹੀ ਪੈਂਦੇ ਹਨ। ਸੰਤ ਲੌਂਗੋਵਾਲ ਨੇ ਪੰਜਾਬ ਦੇ 1984 ਈ: ਦੇ ਕਾਲੇ ਦਿਨਾਂ ਦੀਆਂ ਘਟਨਾਵਾਂ ਤੋਂ ਬਾਅਦ ਕੇਂਦਰ ਨਾਲ ਬਰਾਬਰ ਦੀ ਧਿਰ ਬਣਕੇ ਸਮਝੌਤਾ ਕਰਕੇ ਲੋਕ-ਤੰਤਰੀ ਅਤੇ ਵਿਧਾਨਕ ਹੱਲ ਵਲ ਪਹਿਲਾ ਕਦਮ ਚੁਕਿਆ ਸੀ। ਹੁਣ ਅਕਾਲੀ ਦਲ ਨੇ ਸ: ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਹੱਲ ਲੱਭਣ ਦੇ ਯਤਨਾਂ ਨੂੰ ਅੱਗੇ ਜਾਰੀ ਰਖਣਾ ਹੈ।

ਇਹ ਯਾਦ ਰਖਿਆ ਜਾਏ ਕਿ ਅਜੇ ਤਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਛੋਹੀ। ਭਾਰਤ ਸਰਕਾਰ ਤੋਂ ਅਤੇ ਕੇਂਦਰੀ ਲੀਡਰਸ਼ਿਪ ਤੋਂ ਬਹੁਤ ਕੁਝ ਲੈਣਾ ਹੈ। ਪੰਜਾਬ ਸਮਝੌਤੇ ਦੀਆਂ ਮੱਦਾਂ ਉਤੇ ਅਮਲ ਤਾਂ ਮੁੱਢਲਾ ਕਦਮ ਹੈ, ਅਸਲ ਪ੍ਰਾਪਤੀ ਸੂਬਿਆਂ ਲਈ ਇਹੋ ਜਿਹੇ ਵਿਧਾਨਕ ਅਧਿਕਾਰ ਪ੍ਰਾਪਤ ਕਰਨਾ ਹੈ, ਜਿਨ੍ਹਾਂ ਨਾਲ ਪੰਜਾਬ ਅਤੇ ਸੂਬੇ ਹਰ ਸਮੇਂ ਕੇਂਦਰ ਅੱਗੇ ਹੱਥ ਅੱਡੀ ਹੀ ਨਾ ਖੜ੍ਹੇ ਰਿਹਾ ਕਰਨ। ਕਿਉਂ ਪੰਜਾਬ ਨੂੰ ਵਾਰ ਵਾਰ ਇਹ ਕਹਿਣਾ ਪਵੇ ਕਿ ਸਾਡਾ ਝੋਨਾ ਤੇ ਕਪਾਹ ਖਰੀਦੋ। ਪੰਜਾਬ ਪਾਸ ਇਹ ਅਧਿਕਾਰ ਅਤੇ ਸਾਧਨ ਕਿਉਂ ਨਾ ਹੋਣ, ਜਿਨ੍ਹਾਂ ਨਾਲ ਅਨਾਜ ਖਰੀਦਿਆ ਜਾ ਸਕੇ, ਸਟੋਰ ਕੀਤਾ ਜਾ ਸਕੇ, ਬਣਦੇ ਸਰਦੇ ਮੁੱਲ ਉਤੇ ਦੂਜਿਆਂ ਸੂਬਿਆਂ ਨੂੰ ਅਤੇ ਜੇ ਲੋੜ ਹੋਵੇ ਦੂਜੇ ਦੇਸ਼ਾਂ ਨੂੰ ਵੇਚਿਆ ਜਾ ਸਕੇ ਤੇ ਵੱਟੇ ਵਿਚ ਕੋਲਾ, ਲੋਹਾ, ਤੇਲ ਅਤੇ ਸੀਮਿੰਟ ਖਰੀਦਿਆ ਜਾ ਸਕੇ। ਘਟ ਤੋਂ ਘਟ ਆਰਥਕ ਤੇ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਣ ਜ਼ਰੂਰ ਹੋਣਾ ਚਾਹੀਦਾ ਹੈ। ਇਸ ਦੇ ਨਾਲ ਨਾਲ ਪੰਜਾਬ ਨੂੰ ਹੋਰ ਖੁਸ਼ਹਾਲੀ ਵਲ, ਆਰਥਕ ਬਰਾਬਰੀ ਵਲ ਅਤੇ ਸਭਿਆਚਾਰਕ ਜਾਗਰਤੀ ਵਲ ਵਧ ਕੇ ਭਾਰਤ ਲਈ ਉਵੇਂ ਹੀ ਇਕ ਮਿਸਾਲ ਬਣਨਾ ਚਾਹੀਦਾ ਹੈ ਜਿਵੇਂ ਅਨਾਜ ਦੀ ਪੈਦਾਵਾਰ ਵਧਾਕੇ ਪਹਿਲਾਂ ਬਣਿਆ ਸੀ।

ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਵਲ ਇਸ ਵੇਲੇ ਅਕਾਲੀ ਪਾਰਟੀ ਅਤੇ ਉਸ ਦੀ ਸਰਕਾਰ ਹੀ ਵਧ ਸਕਦੀ ਹੈ। ਪੰਜਾਬ ਕਾਂਗਰਸ ਤਾਂ ਕੇਂਦਰ ਤੋਂ ਇਨਾਂ ਡਰਦੀ ਹੈ ਤੇ ਕੇਂਦਰ ਦੀ ਹਾਂ ਵਿਚ ਹਾਂ ਇਨਾਂ ਮਿਲਾਉਂਦੀ ਹੈ ਕਿ ਮੈਥਿਊ ਕਮਿਸ਼ਨ ਦੀ ਗਲਤ ਕਾਰਵਾਈ ਦੇ ਵਿਰੁੱਧ ਵੀ ਨਹੀਂ ਬੋਲੀ। ਪੰਜਾਬ ਕਾਂਗਰਸ ਨੇ ਪੰਜਾਬ ਦਾ ਪੱਖ ਕਦੇ ਨਹੀਂ ਲਿਆ। ਹੋਰ ਕੋਈ ਪਾਰਟੀ ਹਾਲ ਦੀ ਘੜੀ ਪੰਜਾਬ ਦੀ ਵਾਗਡੋਰ ਸੰਭਾਲਣ ਦੇ ਯੋਗ ਨਹੀਂ।

ਸੋ, ਇਸ ਵੇਲੇ ਪੰਜਾਬ ਦੇ ਭਾਗਾਂ ਦੀ ਡੋਰ ਅਕਾਲੀ ਪਾਰਟੀ ਦੇ ਹੱਥ ਵਿਚ ਹੈ। ਲੀਡਰ ਅਤੇ ਪਾਰਟੀਆਂ ਗਲਤ ਨੀਤੀਆਂ ਅਖਤਿਆਰ ਕਰਕੇ ਕਿੰਨੀ ਤਬਾਹੀ ਪੈਦਾ ਕਰ ਸਕਦੇ ਹਨ, ਇਸ ਦਾ ਸਬੂਤ 1984 ਵਿਚ ਮਿਲ ਚੁਕਾ ਹੈ।

(ਬਾਕੀ ਪੰਨਾ 5 ਉੱਤੇ)

ਏਅਰਪੋਰਟ ਤੋਂ ਫੜੇ ਗਏ ਰਾਜਿੰਦਰ ਸਿੰਘ ਪੁਰੇਵਾਲ ਦਾ ਕੇਸ ਸ਼ੁਰੂ ਹੋ ਗਿਆ



ਵੈਨਕੂਵਰ — ਇਕ ਖਬਰ ਅਨੁਸਾਰ ਰਾਜਿੰਦਰ ਸਿੰਘ ਪੁਰੇਵਾਲ ਨੂੰ ਵੱਡੀ ਕੋਰਟ ਵਿਚ ਪੇਸ਼ ਹੋਣਾ ਪਵੇਗਾ ਜਿਥੇ ਉਸ ਵਿਰੁੱਧ ਲੱਗੇ ਕਥਿਤ ਦੋਸ਼ਾਂ ਦਾ ਫੈਸਲਾ ਹੋਵੇਗਾ। ਯਾਦ ਰਹੇ ਕਿ ਪਿਛਲੇ ਸਾਲ ਰਾਜਿੰਦਰ ਸਿੰਘ ਪੁਰੇਵਾਲ ਕੋਲੋਂ ਉਜ਼ੀ ਗੰਨਾਂ ਦੇ ਹਿੱਸੇ ਫੜੇ ਗਏ ਸਨ ਜਦ ਉਹ ਵੈਨਕੂਵਰ ਅੱਡੇ ਤੋਂ ਲੰਡਨ ਲਈ ਜਾ ਰਿਹਾ ਸੀ।

ਸ੍ਰੀ ਪੁਰੇਵਾਲ ਉਤੇ ਦੋਸ਼ ਲਾਇਆ ਗਿਆ ਹੈ ਕਿ ਉਸਨੇ ਇਹ ਗੰਨਾਂ ਗੈਰ ਕਾਨੂੰਨੀ ਰੱਖੀਆਂ ਅਤੇ ਇਨ੍ਹਾਂ ਨੂੰ ਕਿਸੇ ਖਤਰਨਾਕ ਕੰਮ ਲਈ ਵਰਤਿਆ ਜਾਣਾ ਸੀ।

ਖਬਰ ਅਨੁਸਾਰ ਪੁਰੇਵਾਲ ਨੇ ਜੱਜ ਅਤੇ ਜਿਊਰੀ ਸਾਹਮਣੇ ਪੇਸ਼ ਹੋਣ ਦਾ ਰਾਹ ਚੁਣਿਆ ਹੈ, ਇਸ ਲਈ ਮੁੱਢਲੀ ਸੁਣਵਾਈ ਸਮੇਂ ਆਪਣਾ ਬਿਆਨ ਨਹੀਂ ਦਿਤਾ।

ਕੋਰਟ ਨੂੰ ਦੱਸਿਆ ਗਿਆ ਕਿ ਪੁਰੇਵਾਲ ਉਤੇ ਆਪਣੀ ਬੀਵੀ ਨੂੰ ਕਤਲ ਕਰਨ ਦੇ ਸ਼ੱਕ ਅਧੀਨ ਉਸਦਾ ਪਿੱਛਾ ਕੀਤਾ ਜਾ ਰਿਹਾ ਸੀ ਜਦੋਂ ਉਹ ਅਤੇ ਉਸਦਾ ਅੰਕਲ ਮਾਰਚ 10, 1985 ਨੂੰ ਵੈਨਕੂਵਰ ਹਵਾਈ ਅੱਡੇ ਉਤੇ ਲੰਡਨ ਦੀ ਉਡਾਣ ਲੈਣ ਲਈ ਗਏ।

(ਖਬਰ ਅਨੁਸਾਰ ਇਹ ਵੀ ਪਤਾ ਲੱਗਾ ਹੈ ਕਿ ਹਰਵਿੰਦਰ ਕੌਰ ਪੁਰੇਵਾਲ ਜੋ ਉਸਦੇ ਪਤੀ ਰਾਜਿੰਦਰ ਸਿੰਘ ਪੁਰੇਵਾਲ ਦੀ ਰੀਪੋਰਟ ਅਨੁਸਾਰ 1 ਜੂਨ 1984 ਤੋਂ ਗੁੰਮ ਸੀ ਬਾਰੇ ਉਸਦੇ ਕਤਲ ਦਾ ਦੋਸ਼ ਸ੍ਰੀ ਪੁਰੇਵਾਲ ਉਤੇ ਨਹੀਂ ਲੱਗਾ। ਪਰ ਉਤਰੀ ਵੈਨਕੂਵਰ ਵਿਚ ਜੋ ਲਾਸ਼ ਲੱਭੀ ਸੀ ਉਹ ਹਰਵਿੰਦਰ ਕੌਰ ਪੁਰੇਵਾਲ ਦੀ ਸਮਝੀ ਜਾਂਦੀ ਹੈ।)

ਰਾਜਿੰਦਰ ਸਿੰਘ ਪੁਰੇਵਾਲ ਦੇ ਵਕੀਲ ਸ੍ਰੀ ਡੇਵ ਗਿਬਨਜ਼ ਨੇ ਕੋਰਟ ਵਿਚ ਕੋਈ ਅਜਿਹੀ ਅਰਜ਼ੀ ਨਹੀਂ ਦਿਤੀ ਜਿਸ ਨਾਲ ਗਵਾਹੀਆਂ ਛਾਪਣ ਉਤੇ ਕੋਈ ਪਾਬੰਦੀ ਲਾਈ ਗਈ ਹੋਵੇ।

ਪੁਲਸ ਅਫਸਰ ਪੀਟਰ ਮੈਕਲਰਨ ਅਨੁਸਾਰ 10 ਮਾਰਚ, 1985 ਨੂੰ ਉਸਨੇ ਪੁਰੇਵਾਲ ਅਤੇ ਉਸਦੇ ਅੰਕਲ ਨੂੰ ਬ੍ਰਿਟਿਸ਼ ਏਅਰਵੇਜ਼ ਦੇ ਕਾਊਂਟਰ ਉਤੇ ਵੈਨਕੂਵਰ ਹਵਾਈ ਅੱਡੇ ਉਤੇ ਦੇਖਿਆ ਜਿਸ ਸਮੇਂ ਉਹ ਚਾਰ ਬੈਗ ਜਮ੍ਹਾਂ ਕਰਵਾ ਰਹੇ ਸਨ। ਉਸਨੇ ਅੱਗੇ ਕਿਹਾ ਕਿ ਉਸਨੇ ਚਾਰੇ ਬੈਗ ਜ਼ਬਤ ਕਰ ਲਏ ਅਤੇ ਦਫਤਰ ਵਿਚ ਲੈ ਗਿਆ।

ਪੁਲਸ ਅਫਸਰ ਅਨੁਸਾਰ ਇਕ ਬੈਗ ਵਿਚੋਂ ਹਥਿਆਰ ਦੇ ਕੁਝ ਹਿਸੇ ਨਿਕਲੇ। ਮੈਕਲਰਨ ਨੇ ਕਿਹਾ ਕਿ ਪੁਰੇਵਾਲ ਦੀ ਉਸਦੀ ਪਤਨੀ ਦੇ ਕਤਲ ਕਾਰਨ ਨਿਗਰਾਨੀ ਕੀਤੀ ਜਾ ਰਹੀ ਸੀ।

ਪੁਲਸ ਅਫਸਰ ਨੇ ਗਵਾਹੀ ਵਿਚ ਕਿਹਾ ਕਿ ਉਸ ਨੇ ਬੈਗ ਇਸ ਲਈ ਫੜੇ ਕਿਉਂਕਿ ਪੁਲਸ ਨੂੰ ਸ਼ੱਕ ਸੀ ਕਿ ਉਹ ਕੈਨੇਡਾ ਛੱਡ ਕੇ ਜਾ ਰਿਹਾ ਹੈ।

ਪੁਰੇਵਾਲ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਪਰ ਉਸਦੇ ਅੰਕਲ ਨੂੰ ਲੰਡਨ ਦੀ ਉਡਾਣ ਉਤੇ ਜਾਣ ਦਿਤਾ ਗਿਆ ਪਰ ਲੰਡਨ ਪੁਲਸ ਨੇ ਪੁਰੇਵਾਲ ਦੇ ਅੰਕਲ ਨੂੰ ਲੰਡਨ ਹਵਾਈ ਅੱਡੇ ਉਤੇ ਰੋਕਿਆ ਤਾਂ ਉਸਦੇ ਬੈਗ ਵਿਚੋਂ ਹਥਿਆਰ ਦੇ ਹੋਰ ਹਿੱਸੇ ਮਿਲੇ। ਉਹ ਹਿੱਸੇ ਕੈਨੇਡਾ ਭੇਜ ਦਿਤੇ ਗਏ। ਜਦੋਂ ਦੋਵਾਂ ਹਿਸਿਆਂ ਨੂੰ ਜੋੜਿਆ ਗਿਆ ਤਾਂ ਉਹ ਚਲਣ ਵਾਲੀ ਗੰਨ ਬਣ ਗਈ।

ਕਾਰਪੋਰਲ ਫਿਲ ਜ਼ੀਗਲਰ ਨੇ ਆਪਣੀ ਗਵਾਹੀ ਵਿਚ ਕਿਹਾ ਦੋਵੇਂ ਹਿੱਸੇ ਜੋੜਨ ਨਾਲ ਉਜ਼ੀ-ਬੀ ਨੌਂ-ਮਿਲੀਮੀਟਰ ਸੈਮੀ-ਆਟੋਮੈਟਿਕ ਗੰਨ ਬਣ ਗਈ।

ਪੁਰੇਵਾਲ ਦੇ ਅੰਕਲ ਸ੍ਰੀ ਬਾਓਲ ਨੇ ਕਿਹਾ ਕਿ ਪੁਰੇਵਾਲ ਕੋਲ ਉਸਨੇ ਲੰਡਨ ਜਾਣ ਤੋਂ ਛੇ ਹਫਤੇ ਪਹਿਲਾਂ ਗੰਨ ਦੇਖੀ ਸੀ। ਉਸਨੇ ਕਿਹਾ ਕਿ ਉਸਨੇ ਪੁਰੇਵਾਲ ਨੂੰ ਕਿਹਾ ਕਿ ਗੰਨ ਤੋਂ ਖਹਿੜਾ ਛੁਡਾਵੇ। ਉਹ ਨਹੀਂ ਸੀ ਚਾਹੁੰਦਾ ਕਿ ਗੰਨ ਉਸਦੇ ਘਰ ਵਿਚ ਹੋਵੇ। ਪਰ ਸ੍ਰੀ ਬਾਓਲ ਅਨੁਸਾਰ ਪੁਰੇਵਾਲ ਨੇ ਕਿਹਾ ਕਿ ਉਹ ਗੰਨ ਇੰਗਲੈਂਡ ਲਿਜਾਣੀ ਚਾਹੁੰਦਾ ਹੈ ਉਥੋਂ ਇੰਡੀਆ ਅਤੇ ਪਾਕਿਸਤਾਨ ਲਿਜਾਵੇਗਾ। ਸ੍ਰੀ ਬਾਓਲ ਨੇ ਕਿਹਾ ਕਿ ਪੁਰੇਵਾਲ ਨੇ ਇਹ ਇਹ ਨਹੀਂ ਦੱਸਿਆ ਕਿ ਉਹ ਭਾਰਤ ਜਾਂ ਪਾਕਿਸਤਾਨ ਗੰਨ ਲਿਜਾਕੇ ਕੀ ਕਰੇਗਾ।

ਕਰਾਊਨ ਕੌਂਸਲ ਜਿਮ ਜਾਰਡੀਕ ਦੇ ਪੁੱਛਣ ਉਤੇ ਪੁਰੇਵਾਲ ਦੇ ਅੰਕਲ ਨੇ ਦਸਿਆ ਕਿ ਉਹ ਫਿਲਮਾਂ ਵਿਚਲੀਆਂ ਗੰਨਾਂ ਵਰਗੀ ਲੱਗਦੀ ਸੀ। ਉਹ ਰਾਈਫਲ ਵਰਗੀ ਸੀ।'

ਸ੍ਰੀ ਬਾਓਲ ਨੇ ਆਪਣੀ ਗਵਾਹੀ ਵਿਚ ਕਿਹਾ ਕਿ ਜਦੋਂ ਉਹ ਇੰਗਲੈਂਡ ਜਾਣ ਲਗੇ ਤਾਂ ਪੁਰੇਵਾਲ ਦੇ ਹੱਥ ਵਿਚ ਗੰਨ ਦਾ ਬੈਰਲ ਵਾਲਾ ਹਿਸਾ ਸੀ ਅਤੇ ਉਸਨੇ ਪੁਰੇਵਾਲ ਨੂੰ ਕਿਹਾ ਕਿ ਉਹ ਇਸਨੂੰ ਨਾਲ ਨਾ ਲੈ ਕੇ ਜਾਵੇ।

ਸ੍ਰੀ ਬਾਓਲ ਨੇ ਕਿਹਾ ਕਿ ਉਹ ਇੰਗਲੈਂਡ ਨੂੰ ਵੀਡੀਓ ਰੀਕਾਰਡਰ ਲਿਜਾ ਰਿਹਾ ਸੀ ਅਤੇ ਉਸਨੇ ਪੁਰੇਵਾਲ ਨੂੰ ਕੁਝ ਤਾਰਾਂ ਅਤੇ ਪਲੱਗ ਵੀ ਫੜਾਏ ਕਿ ਉਹ ਬੈਗਾਂ ਵਿਚ ਪਾ ਲਵੇ।

ਜਦੋਂ ਪੁਰੇਵਾਲ ਵੈਨਕੂਵਰ ਏਅਰਪੋਰਟ ਉਤੇ ਗ੍ਰਿਫਤਾਰ ਕਰ ਲਿਆ ਗਿਆ ਤਾਂ ਸ੍ਰੀ ਬਾਓਲ ਆਪਣਾ ਬੈਗ ਜਿਸ ਵਿਚ ਤਾਰਾਂ ਅਤੇ ਪਲੱਗ ਸਨ ਲੈ ਕੇ ਲੰਡਨ ਚਲਾ ਗਿਆ ਜਿਥੇ ਬਰਤਾਨਵੀ ਅਧਿਕਾਰੀਆਂ ਨੇ ਉਸਨੂੰ ਤਿੰਨ ਦਿਨ ਹਿਰਾਸਤ ਵਿਚ ਰੱਖਿਆ ਜਦੋਂ ਉਸਦੇ ਬੈਗ ਵਿਚੋਂ ਗੰਨ ਦੇ ਕੁਝ ਹਿੱਸੇ ਨਿਕਲੇ।

(ਪੰਨਾ 4 ਦੀ ਬਾਕੀ)

ਅਕਾਲੀ ਹਰ ਪੱਖ ਤੋਂ ਸਹੀ ਤੇ ਸ਼ੁੱਧ ਨਹੀਂ। ਤਾਂ ਵੀ ਸਿਰਫ ਅਕਾਲੀ ਹੀ ਪੰਜਾਬ ਲਈ ਅੰਦੋਲਨ ਚਲਾਉਂਦੇ ਰਹੇ ਹਨ ਤੇ ਥੋੜ੍ਹੀ ਜਾਂ ਬਹੁਤੀ ਪ੍ਰਾਪਤੀ ਕਰਦੇ ਰਹੇ ਹਨ।

ਹੁਣ ਉਨ੍ਹਾਂ ਪਾਸ ਸੁਨਿਹਰੀ ਮੌਕਾ ਹੈ ਕਿਉਂਕਿ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਵਿਚ ਇਨਾਂ ਨਿੱਗਰ ਬਹੁ-ਮੱਤ ਪ੍ਰਾਪਤ ਹੋਇਆ ਹੈ।


ਇਸ ਵੇਲੇ ਲੋੜ ਇਸ ਗੱਲ ਦੀ ਹੈ ਕਿ ਅਕਾਲੀ ਏਕਤਾ ਦਾ ਸਬੂਤ ਦੇਣ। ਇਕ ਲੀਡਰ ਪਿਛੇ ਡਟ ਜਾਣ।

ਸ: ਬਲਵੰਤ ਸਿੰਘ ਤਾਂ ਬਰਨਾਲਾ ਸਾਹਿਬ ਦੀ ਸੱਜੀ ਬਾਂਹ ਬਣੇ ਹੀ ਹੋਏ ਹਨ ਬਾਕੀ ਸਾਰੇ ਮੰਤਰੀ, ਵਿਧਾਨਕਾਰ, ਜਥੇਦਾਰ ਤੇ ਵਰਕਰ ਵੀ ਉਨ੍ਹਾਂ ਨੂੰ ਸਹਿਯੋਗ ਦੇਣ। ਅੱਗੋਂ ਬਰਨਾਲਾ ਸਾਹਿਬ ਦਾ ਫਰਜ਼ ਹੋਵੇਗਾ ਕਿ ਪੰਜਾਬ ਦੀਆਂ ਆਸ਼ਾਵਾਂ ਪੂਰੀਆਂ ਕਰਨ ਲਈ ਦਲੇਰੀ ਨਾਲ ਕੰਮ ਕਰਨ।

ਸਿਖ ਦੰਗਾ ਪੀੜਤ ਨਿਰਾਸ਼

ਜਲੰਧਰ, -(ਵਿਸ਼ੇਸ਼ ਪ੍ਰਤੀਨਿਧ) ਦੂਸਰੇ ਰਾਜਾਂ ਵਿਚੋਂ ਉਜੜਕੇ ਆਏ ਸਿਖ ਦੰਗਾ ਪੀੜਤਾਂ ਨੇ ਰਹਿਣ ਲਈ ਮਕਾਨ ਅਲਾਟ ਕਰਾਉਣ ਦੀ ਮੰਗ ਨੂੰ ਲੈਕੇ ਅਜ ਇਥੇ ਅਨਿਸ਼ਚਤ ਕਾਲ ਲਈ ਧਰਨਾ ਸ਼ੁਰੂ ਕਰ ਦਿਤਾ ਹੈ। ਇਹ ਧਰਨਾ ਹਾਊਸਿੰਗ ਬੋਰਡ ਕਾਲੋਨੀ ਨਵੀਂ ਕਚਹਿਰੀ ਦੇ ਸਾਹਮਣੇ ਸ਼ੁਰੂ ਕੀਤਾ ਗਿਆ। ਇਸ ਵੇਲੇ ਕੋਈ 150 ਪਰਿਵਾਰ ਜਿਹਨਾਂ ਵਿਚ 40 ਔਰਤਾਂ ਤੇ ਬਹੁਤ ਸਾਰੇ ਬਚੇ ਵੀ ਹਨ ਠੰਡ ਦੇ ਵਿਚ ਤੰਬੂ ਲਾਕੇ ਕਾਲੋਨੀ ਦੇ ਸਾਹਮਣੇ ਡਟੇ ਹੋਏ ਹਨ। ਸਿਖ ਦੰਗਾ ਪੀੜਤ ਕਮੇਟੀ ਜਲੰਧਰ ਦੇ ਪ੍ਰਧਾਨ ਸ: ਪ੍ਰੀਤਮ ਸਿੰਘ ਭਾਟੀਆ ਜੋ ਰਾਤ ਚੰਡੀਗੜ੍ਹ ਤੇ ਸੰਗਰੂਰ ਤੋਂ ਹੋਕੇ ਆਏ ਸਨ ਨੇ ਦਸਿਆ ਕਿ ਜਦੋਂ ਤਕ ਉਹਨਾਂ ਨੂੰ ਇਹ ਸਰਕਾਰੀ ਕਵਾਟਰ ਅਲਾਟ ਨਹੀਂ ਹੁੰਦੇ ਧਰਨਾ ਇਥੇ ਹਰ ਹਾਲਤ ਵਿਚ ਜਾਰੀ ਰਹੇਗਾ। ਉਹਨਾਂ ਕਿਹਾ ਕਿ ਉਹ ਇਨ੍ਹਾਂ ਮਕਾਨਾਂ ਦੀ ਕੀਮਤ ਅਸਾਨ ਕਿਸ਼ਤਾਂ ਤੇ ਦੇਣ ਨੂੰ ਤਿਆਰ ਹਨ ਪਰ ਜ਼ਿਲਾ ਅਧਿਕਾਰੀ ਉਹਨਾਂ ਨੂੰ ਕੋਈ ਤਸਲੀ ਬਖਸ਼ ਜਵਾਬ ਨਹੀਂ ਦੇ ਰਹੇ। ਉਹਨਾਂ ਦਸਿਆ ਕਿ ਡੀ.ਸੀ. ਤੇ ਹੋਰ ਅਧਿਕਾਰੀਆਂ ਨਾਲ ਉਹਨਾਂ ਦੀ ਕੋਈ ਗਲਬਾਤ ਸਿਰੇ ਨਹੀਂ ਚੜੀ। ਉਹਨਾਂ ਹੋਰ ਦਸਿਆ ਕਿ ਇਹ ਕਵਾਟਰ ਕੁਝ ਸੀ.ਆਰ.ਪੀ. ਕੋਲ ਹਨ ਤੇ ਕੁਝ ਹਾਊਸਿੰਗ ਬੋਰਡ ਦੇ ਮੁਲਾਜ਼ਮਾਂ ਕੋਲ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਨੂੰ ਅਲਾਟ ਕਰਨ ਲਈ ਸਾਨੂੰ ਤਰਜੀਹ ਦੇਵੇ। ਉਨ੍ਹਾਂ ਦਸਿਆ ਕਿ ਸਾਡੇ ਕੁਝ ਮੈਂਬਰਾਂ ਨੇ ਖਾਲੀ ਪਏ ਕਵਾਟਰਾਂ ਵਿਚ ਆਪਣੀਆ ਔਰਤਾਂ ਤੇ ਬਚਿਆਂ ਨੂੰ ਠੰਡ ਕਾਰਨ ਬਿਠਾ ਦਿਤਾ ਸੀ ਪਰ ਪੁਲਸ ਨੇ ਸਾਰਿਆਂ ਨੂੰ ਜਬਰੀ ਬਾਹਰ ਕਢ ਦਿਤਾ। ਉਨ੍ਹਾਂ ਗਿਲਾ ਕੀਤਾ ਕਿ ਦੰਗਾ ਪੀੜਤਾਂ ਦੇ ਸਾਰੇ ਫਾਇਦੇ ਬੋਗਸ ਲੋਕਾਂ ਨੂੰ ਦਿਤੇ ਜਾ ਰਹੇ ਹਨ ਤੇ ਜਿਹੜੀ ਜ਼ਮੀਨ ਪਲਾਟ ਕਟਕੇ ਉਨ੍ਹਾਂ ਲਈ ਰਾਖਵੀਂ ਰਖੀ ਗਈ ਸੀ ਉਹ ਵੀ ਉਨ੍ਹਾਂ ਨੂੰ ਨਹੀਂ ਦਿਤੀ ਗਈ। ਉਨ੍ਹਾਂ ਕਿਹਾ ਕਿ ਅਕਾਲੀ ਦਲ, ਸ਼੍ਰੋਮਣੀ ਕਮੇਟੀ ਆਦਿ ਕੋਈ ਵੀ ਉਨ੍ਹਾਂ ਦੀ ਮਦਦ ਨਹੀਂ ਕਰ ਰਹੇ ਜਦੋਂ ਕਿ ਉਹ ਬਹੁਤ ਵਡੀਆਂ ਆਸਾਂ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਉਹ ਹੁਣ ਕਿਸੇ ਹਾਲਤ ਵਿਚ ਵਾਪਸ ਨਹੀਂ ਜਾਣਗੇ ਉਹਨਾਂ ਇਕ ਉਚ ਅਧਿਕਾਰੀ ਵਿਰੁਧ ਵਰਤਾਓ ਕਰਨ ਦਾ ਦੋਸ਼ ਲਾਇਆ। ਅਜ ਧਰਨੇ ਸਮੇਂ ਉਚ ਅਧਿਕਾਰੀਆਂ ਸਮੇਤ ਪੁਲਸ ਭਾਰੀ ਗਿਣਤੀ ਵਿਚ ਮੌਜੂਦ ਸੀ। ਯਾਦ ਰਹੇ ਇਸ ਤੋਂ ਪਹਿਲਾ ਵੀ ਉਹ ਧਰਨਾ ਦੇ ਚੁਕੇ ਹਨ। ਇਹ ਅਦੋਲਨ ਦਾ ਦੂਸਰਾ ਪੜਾਅ

ਉਹ ਜਿਸਮ ਵੀ ਸੁਕਦਾ ਹੈ ਹੁਣ ਓਸੇ ਤਰ੍ਹਾਂ ਜੀਕਣ
ਉਸ ਪਿਆਰ ਨਿਸ਼ਾਨੀ ਦੇ ਪੁਸਤਕ 'ਚ ਸੁਕਾਏ ਫੁਲ।



ਆਤੰਕਵਾਦੀਆਂ ਨਾਲ ਪਿਆਰ ਨਾਲ ਨਿਬੜਾਂਗੇ - ਸ: ਟੌਹੜਾ

□ ਇੰਟਰਵੀਊ ਕਰਤਾ/ਦਲਜੀਤ ਸਿੰਘ ਬੇਦੀ

ਸੁਆਲ—ਅਕਾਲੀ ਦਲ ਵਿਚ ਨੇਤਾ ਦੀ ਤਬਦੀਲੀ ਬਾਰੇ ਤੁਸੀਂ ਕਿਸ ਤਰ੍ਹਾਂ ਅਨੁਭਵ ਕਰਦੇ ਹੋ ?

ਜੁਆਬ—(ਮੁਸਕਰਾਂਦਿਆਂ) ਤਬਦੀਲੀਆਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਮੈਂ ਸਮਝਦਾ ਹਾਂ, ਇਹ ਕੁਦਰਤ ਦਾ ਅਸੂਲ ਹੈ।

ਸੁਆਲ—ਕੀ ਤੁਸੀਂ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰੇਰਿਆ ਕਿ ਉਹ ਚੀਫ ਮਨਿਸਟਰੀ ਦੀ ਦੌੜ ਵਿਚੋਂ ਪਾਸੇ ਹਟ ਜਾਣ ਕਿਉਂਕਿ ਆਮ ਲਹਿਰ ਬਰਨਾਲਾ ਦੇ ਹੱਕ ਵਿਚ ਹੈ ?

ਜੁਆਬ—ਮੈਨੂੰ ਪ੍ਰੇਰਨ ਦੀ ਕੋਈ ਲੋੜ ਨਹੀਂ ਪਈ। ਸ਼ਾਇਦ ਬਾਦਲ ਸਾਹਿਬ ਆਪਣੇ ਆਪ ਹੀ ਸਮਝ ਗਏ ਕਿਉਂਕਿ ਉਹ ਬਹੁਤ ਬੁਧੀਮਾਨ ਵਿਅ-ਕਤੀ ਹਨ।

ਸੁਆਲ—ਕੀ ਸਵਰਗੀ ਸੰਤ ਲੌਂਗੋਵਾਲ ਨੇ ਕਦੀ ਇਹ ਚਾਹਿਆ ਸੀ ਬਰਨਾਲਾ ਸਾਹਿਬ ਪੰਜਾਬ ਦੇ ਮੁਖ ਮੰਤਰੀ ਬਣਨ ?

(ਬਾਕੀ ਪੰਨਾ 19 ਤੇ)

ਦੀ ਪਰੋਗਰੈਸਿਵ ਇੰਡੋ-ਕੈਨੇਡੀਅਨ ਕਮਿਊਨਿਟੀ ਸਰਵਿਸਜ਼ ਸੁਸਾਇਟੀ (ਪਿਕਸ)

ਦੀ ਪਰੋਗਰੈਸਿਵ ਇੰਡੋ-ਕਨੇਡੀਅਨ ਕਮਿਊਨਿਟੀ ਸਰਵਸਜ਼ ਸੁਸਾਇਟੀ ਜੂਨ 1985 ਵਿਚ ਬੇ-ਮਨਾਫਾ ਸੁਸਾਇਟੀ ਦੇ ਆਧਾਰ ਤੇ ਸਥਾਪਤ ਹੋਈ। ਇਹੋ ਜਿਹੀ ਸੁਸਾਇਟੀ ਦੀ ਜੋ ਸਮਾਜਕ, ਸਭਿਆਚਾਰਕ, ਵਿਦਿਅਕ ਤੇ ਮਨੋਰੰਜਨ ਲੋੜਾਂ ਨੂੰ ਪੂਰੀਆਂ ਕਰੇ, ਕਾਫੀ ਘਾਟ ਮਹਿਸੂਸ ਹੋ ਰਹੀ ਸੀ। ਇਸ ਸੁਸਾਇਟੀ ਦਾ ਮੁਖ ਮੰਤਵ ਹਰ ਉਮਰ ਦੇ ਲੋਕਾਂ ਨੂੰ ਗਿਆਨ ਦੇਣਾ ਤੇ ਖੁਸ਼ੀਆਂ ਭਰੀਆਂ ਜ਼ਿੰਦਗੀ ਬਿਤਾਉਣ ਲਈ ਤਿਆਰ ਕਰਨਾ ਹੈ। ਇਸ ਕੰਮ ਲਈ ਕਮਿਊਨਿਟੀ ਦੀਆਂ ਜਥੇਬੰਦੀਆਂ ਨਾਲ ਅਸੀਂ ਮੋਢਾ ਜੋੜਕੇ ਕੰਮ ਕਰਨਾ ਤੇ ਸ਼ੋਸ਼ਲ ਸਰਵਿਸ ਦੇ ਪਾੜ ਨੂੰ ਮੇਲਣਾ ਹੈ। ਨਵੇਂ ਆਏ ਇਮੀਗਰੈਂਟਾਂ ਨੂੰ ਅਣਜਾਣੇ ਮੁਲਕ ਵਿਚ ਵਸਣ ਦਾ ਜੋ ਝਟਕਾ ਲਗਦਾ ਹੈ ਉਸਦੇ ਅਸਰ ਨੂੰ ਘਟਾਉਣਾ ਤੇ ਆਪਦੇ ਸਭਿਆਚਾਰ ਨੂੰ ਇਨ੍ਹਾਂ ਔਕੜਾਂ ਦੇ ਵਿੱਚ ਦੀ ਲੰਘਦਿਆਂ ਹੋਇਆਂ ਜਿਊਂਦਾ ਰੱਖਣ ਵਿਚ ਸਹਾਇਤਾ ਦੇਣੀ ਸਾਡਾ ਫਰਜ਼ ਹੈ। ਸਾਡੇ ਨਵੇਂ ਆਏ ਜਵਾਨਾਂ ਨੂੰ ਸੇਧ ਦੇਣੀ, ਕਲੇਸ਼ ਵਾਲੇ ਪਰਵਾਰਾਂ ਨੂੰ ਸਲਾਹ ਮਸ਼ਵਰਾ ਦੇਣਾ, ਬਜ਼ੁਰਗਾਂ ਲਈ ਰਹਿਣ ਲਈ ਥਾਂ ਬਨਾਉਣੀ ਤੇ ਸਾਡੇ ਸਭਿਆਚਾਰ ਨੂੰ ਸੁਰਜੀਤ ਕਰਨ ਲਈ ਕਮਿਊਨਿਟੀ ਸੈਂਟਰ ਬਨਾਉਣ ਲਈ ਆਵਾਜ਼ ਬੁਲੰਦ ਕਰਨੀ ਹੈ।

ਪਿਛਲੀ ਸਮਰ ਵਿਚ ਇਸ ਪਿਕਸ ਸੁਸਾਇਟੀ ਨੇ ਤਿੰਨ ਵਿਦਿਆਰਥੀ ਕੰਮ ਕਰਨ ਲਈ ਰੱਖੇ। ਇਨ੍ਹਾਂ ਵਿਦਿਆਰਥੀਆਂ ਨੂੰ ਤਿੰਨ ਪਰਾਜੈਕਟ ਸੌਂਪੇ ਗਏ। ਇਕ ਪਰਾਜੈਕਟ ਵਿਚ ਇਹ ਖੋਜ ਕੀਤੀ ਗਈ ਕਿ ਬਹੁਤੀ ਸ਼ਰਾਬ ਪੀਣ ਨਾਲ ਸਾਡੀ ਕਮਿਊਨਿਟੀ ਵਿਚ ਕਿੰਨੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤੇ ਕਿੰਨੇ ਪਰਵਾਰ ਦੁਖ ਵਿਚ ਜੀ ਰਹੇ ਹਨ। ਸ਼ਰਾਬ ਦੀ ਸਮਸਿਆ ਨਾਲ ਸਾਡੇ ਕਿੰਨੇ ਘਰ ਬਰਬਾਦ ਹੋ ਗਏ ਹਨ ਤੇ ਅੱਜ ਭੀ ਕੁਝ ਬਹੁਤ ਹੀ ਮੁਸੀਬਤਾਂ ਵਿਚ ਦੀ ਲੰਘ ਰਹੇ ਹਨ। ਇਸ ਸਮੱਸਿਆ ਕਾਰਨ ਤਲਾਕ ਭੀ ਵੱਧ ਰਹੇ ਹਨ ਤੇ ਜ਼ਨਾਨੀਆਂ ਤੇ ਕੁੱਟ ਮਾਰ ਵਿਚ ਭੀ ਵਾਧਾ ਹੋਇਆ ਹੈ। ਬਹੁਤ ਸਾਰੇ ਪਰਵਾਰਾਂ ਨੇ ਸ਼ਰਾਬ ਦੀ ਸਮੱਸਿਆ ਨੂੰ ਸਵੀਕਾਰ ਨਹੀਂ ਕੀਤਾ, ਭਾਵੇਂ ਕਈ ਰੁਜ਼ਗਾਰ ਬਨਾਉਣ ਵਾਲਿਆਂ ਦੀਆਂ ਨੌਕਰੀਆਂ ਭੀ ਹਟ ਗਈਆਂ ਹਨ। ਦੂਸਰੇ ਪਰਾਜੈਕਟ ਵਿਚ ਮਾਂ ਪਿਉ ਅਤੇ ਬੱਚਿਆਂ ਦੇ ਖਿਆਲਾਂ ਵਿਚ ਪਾੜ ਪਾਏ ਬਾਰੇ ਖੋਜ ਕੀਤੀ ਗਈ ਸੀ। ਇਸ ਖੋਜ ਵਿਚ ਪਤਾ ਲੱਗਿਆ ਕਿ ਬਹੁਤ ਸਾਰੇ ਪਰਵਾਰ ਆਪਣੇ ਬੱਚਿਆਂ ਬਾਰੇ ਫਿਕਰਮੰਦ ਹਨ ਤੇ ਉਨ੍ਹਾਂ ਦੀ ਸਮਝ ਤੋਂ ਇਹ ਗੱਲ ਬਾਹਰ ਹੋ ਰਹੀ ਹੈ ਕਿ ਉਨ੍ਹਾਂ ਨੂੰ ਆਪਣੇ ਬੱਚੇ ਬੱਚੇ ਨਹੀਂ ਲਗਦੇ। ਇਸੇ ਤਰ੍ਹਾਂ ਮਾਂ ਪਿਉ ਦੇ ਵਫਾਦਾਰ ਬੱਚੇ ਤੇ ਉਨ੍ਹਾਂ ਅਤੀ ਪਿਆਰ ਕਰਨ ਵਾਲੇ ਇਹ ਸਮਝਣ ਤੋਂ ਅਸਮਰਥ ਹੋ ਰਹੇ ਹਨ ਕਿ ਮਾਂ ਪਿਉ ਉਨ੍ਹਾਂ ਨਾਲ ਏਨਾਂ ਘਬਰਾ ਕੇ ਤੇ ਕੁਰੱਖਤ ਕਿਉਂ ਬੋਲਦੇ ਹਨ। ਇਸਦੇ ਕੁਝ ਮੋਟੇ ਮੋਟੇ ਕਾਰਨ ਇਸ ਤਰ੍ਹਾਂ ਹਨ : ਪਹਿਲਾ ਕਾਰਨ ਡਰੈਸ ਜਾਂ ਪਹਿਰਾਵਾ ਹੈ, ਦੂਸਰਾ ਕਾਰਨ ਦੋਸਤਾਂ ਨਾਲ ਬਾਹਰ ਜਾਣ ਦੀ ਮੰਗ ਕਰਨੀ ਤੇ ਤੀਸਰਾ ਬੱਚਿਆਂ ਦੀ ਸਲਾਹ ਤੋਂ ਬਿਨਾਂ ਉਨ੍ਹਾਂ ਦੀ ਸ਼ਾਦੀ ਕਰਨੀ ਤੇ ਉਨ੍ਹਾਂ ਦੀ ਗੱਲ ਅਣਸੁਣੀ ਕਰਨੀ। ਇਸ ਫਰਕ ਕਾਰਨ ਕਈ ਬੱਚੇ ਮਾਂ ਪਿਉ ਤੋਂ ਵਾਂਝੇ ਰਹਿਣ ਲੱਗ ਪਏ ਹਨ ਜਾਂ ਉਨ੍ਹਾਂ ਦੀ ਇਜ਼ਾਜਤ ਤੋਂ ਬਿਨਾਂ ਘਰੋਂ ਬਾਹਰ ਚਲੇ ਗਏ ਹਨ। ਇਸ ਗੱਲ ਨਾਲ ਬਹੁਤ ਹੀ ਪਰਵਾਰਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਇਜ਼ਤ ਤੇ ਮਾਣ ਨੂੰ ਸੱਟ ਵੱਜੀ ਹੈ। ਭਾਵੇਂ ਇਨ੍ਹਾ ਬੱਚਿਆਂ ਦੇ ਦੋਸਤਾਂ ਲਈ, ਜਿਸ ਸੁਸਾਇਟੀ ਵਿਚ ਇਹ ਰਹਿੰਦੇ ਹਨ, ਉੱਨੀ ਸਾਲ ਤੋਂ ਬਾਅਦ ਘਰੋਂ ਜਾ ਕੇ ਮਾਪਿਆਂ ਤੋਂ ਅਲੱਗ ਰਹਿਣਾ ਇਕ ਮਾਮੂਲੀ ਗੱਲ ਹੈ। ਪਰ ਇਸ ਗੱਲ ਨਾਲ ਘਰਾਂ ਵਿਚ ਏਨਾ ਵਿਰੋਧ ਤੇ ਈਰਖਾ ਵਧ ਜਾਂਦੀ ਹੈ ਕਿ ਦੋਨਾਂ ਧਿਰਾਂ ਗੱਲ ਤਾਂ ਕੀ ਇਕ ਦੂਜੇ ਦਾ ਚਿਹਰਾ ਦੇਖਣ ਤੋਂ ਭੀ ਇਨਕਾਰ ਕਰ ਦੇਂਦੇ ਹਨ। ਦੋਨੋਂ ਧਿਰਾਂ ਬਹੁਤ ਹੀ ਕਸ਼ਟਾਂ ਵਿਚੋਂ ਦੀ ਲੰਘਦੀਆਂ ਹਨ। ਇਹ ਦੁਖ ਏਨਾਂ ਗਹਿਰਾ ਹੈ ਕਿ ਇਹ ਬੁਨਿਆਦੀ ਕੀਮਤਾਂ ਨੂੰ ਜਰਕਾ ਰਿਹਾ ਹੈ। ਇਸ ਵਿਸ਼ੇ ਤੇ ਖਿਆਲ ਏਨੇ ਵਿਰੋਧੀ ਤੇ ਸੌੜੇ ਹੋ ਗਏ ਹਨ ਕਿ ਕਈ ਮਾਪਿਆਂ ਨੇ ਤੇ ਬਹੁਤ ਸਾਰੇ ਬੱਚਿਆਂ ਨੇ ਆਤਮਘਾਤ ਕਰਨ ਵਿਚ ਹੀ ਮਨ ਦੀ ਸ਼ਾਂਤੀ ਸਮਝੀ। ਇਨਾਂ ਦੁਖੀਆਂ ਦੀਆਂ ਮੌਤਾਂ ਨਾਲ ਕਿਸੇ ਦਾ ਭੀ ਫਾਇਦਾ ਨਹੀਂ ਹੋਇਆ। ਪਰ ਨੁਕਸਾਨ ਅਤੀ ਹੋਇਆ ਹੈ ਕਿਉਂਕਿ ਬਹੁਤ ਸਾਰੀਆਂ ਕੀਮਤੀ ਜ਼ਿੰਦਗੀਆਂ ਬੇਅਰਥ ਗਈਆਂ। ਸਾਡੀ ਖੋਜ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਨ੍ਹਾਂ ਵਿਚ ਕੋਈ ਭੀ ਗਲਤ ਨਹੀਂ ਸੀ ਨਾ ਹੀ ਕੋਈ ਠੀਕ ਸੀ ਪਰ ਸਭ ਤੋਂ ਵੱਧ ਲੋੜ ਇਨ੍ਹਾਂ ਵੱਖਰੇ ਖਿਆਲਾਂ ਨੂੰ ਸਮਝਣ ਦੀ ਲੋੜ ਹੈ। ਇਕ ਦੂਜੇ ਨੂੰ ਗਲਤ ਜਾਂ ਠੀਕ ਸਾਬਤ ਕਰਨ ਦੀ ਕੋਈ ਲੋੜ ਨਹੀਂ ਪਰ ਇਸ ਦੀ ਬਜਾਏ ਇਸ ਨਵੀਆਂ ਕੀਮਤਾਂ ਤੇ ਸਭਿਅਤਾਂ ਦੇ ਪਾੜੇ ਨੂੰ ਸਮਝਣ ਦੀ ਲੋੜ ਹੈ। ਤੀਸਰੇ ਪਰਾਜੈਕਟ ਵਿਚ ਅਸੀਂ ਸਾਡੀ ਕਮਿਊਨਿਟੀ ਦੀਆਂ ਵਿਦਿਅਕ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਅਸੀਂ ਇਹ ਪਤਾ ਲਾਉਣੇ ਚਾਹੁੰਦੇ ਸਾਂ ਕਿ ਸਾਨੂੰ ਕਿਹੋ ਜਿਹੀ ਵਿਦਿਆ ਜਾਂ ਗਿਆਨ ਦੀ ਲੋੜ ਹੈ। ਕੀ ਸਾਨੂੰ ਸਹਾਇਤਾ ਕਰਨ ਵਾਲੀਆਂ ਏਜੰਸੀਆਂ ਦਾ ਪਤਾ ਹੈ। ਜੇ ਕਿਸੇ ਨੂੰ ਸਮੱਸਿਆ ਆਵੇ ਤਾਂ ਉਹ ਕਿਥੇ ਜਾ ਸਕਦਾ ਹੈ ? ਬਹੁਗਿਣਤੀ ਲੋਕਾਂ ਨੂੰ ਇਸ ਬਾਰੇ ਬਿਲਕੁਲ ਗਿਆਨ ਨਹੀਂ ਹੈ। ਅਸੀਂ ਸੋਚਿਆ ਕਿ ਆਮ ਲੋਕਾਂ ਤਾਈਂ ਇਹ ਗੱਲਾਂ ਪਹੁੰਚਾਣ ਲਈ ਸਾਨੂੰ ਕਿਸੇ ਮਾਧਿਅਮ ਦੀ ਲੋੜ ਹੈ। ਇਸਦਾ ਨਤੀਜਾ ਰੇਡੀਓ ਪਰੋਗਰਾਮ ਦੀ ਸ਼ੁਰੂਆਤ ਹੈ।

ਪਿਕਸ ਸੁਸਾਇਟੀ ਦੇ ਸੇਵਾਦਾਰਾਂ ਨੇ ਭਾਰਤੀ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮਾਜਕ ਤੇ ਸਭਿਆਚਾਰਕ ਸੈਂਟਰ ਬਨਾਉਣ ਲਈ ਭੀ ਸੱਦਾ ਦਿਤਾ ਹੈ। ਸਾਡੀ ਕਮਿਊਨਿਟੀ ਬਹੁਤ ਹੀ ਵੱਧ ਰਹੀ ਹੈ ਤੇ ਇਸਦੀਆਂ ਲੋੜਾਂ ਭੀ ਦਿਨ ਬਦਿਨ ਵੱਧ ਰਹੀਆਂ ਹਨ। ਸਾਡੇ ਬਜ਼ੁਰਗਾਂ ਨੂੰ, ਭੈਣਾਂ ਨੂੰ, ਭਰਾਵਾਂ ਨੂੰ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਦੀ ਮੱਦਦ ਕਰਨ ਲਈ ਸਾਨੂੰ ਇਕ ਸੋਸ਼ਿਲ ਸਰਵਿਸ ਏਜੰਸੀ ਦੀ ਲੋੜ ਹੈ। ਇਹ ਏਜੰਸੀ ਨਿਰੋਲ ਭਾਰਤੀਆਂ ਦੀ ਹੋਵੇਗੀ। ਸਿਰਫ ਭਾਰਤੀ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਇਹ ਸੈਂਟਰ ਬਣੇਗਾ। ਪਿਕਸ ਸੁਸਾਇਟੀ ਦੀ ਹਰ ਕੋਸ਼ਿਸ਼ ਹੈ ਕਿ ਇਕ ਦਫਤਰ ਲੋਕਾਂ ਦੀ ਮਦਦ ਕਰਨ ਲਈ ਛੇਤੀ ਹੀ ਖੋਲ੍ਹਿਆ ਜਾਵੇਗਾ।

ਪਿਕਸ ਸੁਸਾਇਟੀ ਦਾ ਰੇਡੀਓ ਪਰੋਗਰਾਮ ਇੰਗਲਸ਼ ਤੇ ਪੰਜਾਬੀ ਵਿਚ ਹੋਵੇਗਾ। ਹਰ ਹਫਤੇ ਅੰਗਰੇਜ਼ੀ ਵਿਚ ਸਾਡੀ ਪਨੀਰੀ ਲਈ ਤੇ ਔਰਤਾਂ ਲਈ ਭੀ ਪਰੋਗਰਾਮ ਹੋਵੇਗਾ। ਇਹ ਪਰੋਗਰਾਮ ਕੈਨੇਡਾ ਨਿਵਾਸੀਆਂ ਭਵਿਖ ਵਿਚ ਆ ਰਹੀਆਂ ਮੁਸ਼ਕਲਾਂ ਜਾਂ ਭਾਰਤੀ ਲੋਕਾਂ ਨਾਲ ਇਸ ਮੁਲਕ ਵਿਚ ਆ ਰਹੀਆਂ ਮੁਸ਼ਕਲਾਂ ਜਾਂ ਵਧੀਕੀਆਂ ਬਾਰੇ ਚਾਨਣ ਪਾਵੇਗੀ। ਹਰ ਹਫਤੇ ਇਕ ਵਿਸ਼ੇ ਤੇ ਵਿਚਾਰ ਹੋਵੇਗੀ ਜਿਵੇਂ ਅੱਜ ਕੈਨੇਡਾ ਵਿਚ ਭਾਰਤੀਆਂ ਦਾ ਇਤਿਹਾਸ, ਕਲ ਮਲਟੀਕਲਚਰਲਿਜ਼ਮ ਤੇ ਪਰਸੋਂ ਇਮੀਗਰੇਸ਼ਨ, ਸਕੂਲ, ਔਰਤਾਂ ਤੇ ਮਾਰ ਕਟਾਈ, ਨਸਲਵਾਦ ਸ਼ਰਾਬਵਾਦ ਇਤਿਆਦ ਬਾਰੇ ਪਰੋਗਰਾਮ ਹੋਣਗੇ। ਸਰੋਤੇ ਫੂਨ ਤੇ ਸੁਝਾ ਵੀ ਦੇ ਸਕਦੇ ਹਨ। ਚੰਗੇ ਸੁਝਾ ਆਉਣ ਵਾਲੇ ਪਰੋਗਰਾਮਾਂ ਵਿਚ ਸੁਣਾਏ ਜਾਇਆ ਕਰਨਗੇ। ਕੋਈ ਭੀ ਵਿਅਕਤੀ ਲੋਕਲ ਵਿਸ਼ੇ ਤੇ ਬੋਲ ਸਕਦਾ ਹੈ ਪਰ ਉਨ੍ਹਾਂ ਦੇ ਵਿਚਾਰ ਲਿਖਤੀ ਰੂਪ ਵਿਚ ਪਰੋਗਰਾਮ ਤੋਂ ਦੋ ਹਫਤੇ ਪਹਿਲੋਂ ਸਾਡੇ ਪਾਸ ਪਹੁੰਚਣੇ ਚਾਹੀਦੇ ਹਨ। ਕਮਿਊਨਿਟੀ ਇਨਫਰਮੇਸ਼ਨ ਲਈ ਪੰਜ ਮਿੰਟ ਦਿਤੇ ਜਾਣਗੇ। ਪਬਲਿਕ ਅਨਾਊਂਸਮੈਂਟ ਜਾਂ ਆਮ ਲੋਕਾਂ ਦੀ ਜਾਣਕਾਰੀ ਲਈ ਸੂਚਨਾ ਦਿਤੀ ਜਾ ਸਕਦੀ ਹੈ। ਇਸ ਪਰੋਗਰਾਮ ਵਿਚ ਕੋਈ ਕਮਰਸ਼ਲ ਨਹੀਂ ਹੋਵੇਗਾ।

ਅਸੀਂ ਬੜੇ ਮਾਣ ਤੇ ਚਾਉ ਨਾਲ ਆਪ ਸਾਹਮਣੇ ਇਹ ਪਰੋਗਰਾਮ ਪੇਸ਼ ਕਰਦੇ ਹਾਂ। ਸਾਨੂੰ ਉਮੀਦ ਹੈ ਆਪ ਸਾਡਾ ਉਤਸ਼ਾਹ ਨਾਲ ਸਾਥ ਦੇਵੋਗੇ ਤੇ ਕਮਿਊਨਿਟੀ ਦੇ ਚੰਗੇ ਭਵਿਖ ਤੇ ਤਰੱਕੀ ਲਈ ਸਾਨੂੰ ਸੋਹਣੇ ਸੋਹਣੇ ਸੁਝਾਓ ਦੇਵੋਗੇ


ਵਲੋਂ : ਚਰਨਪਾਲ ਗਿੱਲ - ਪਰਧਾਨ ਪਿਕਸ ਸੁਸਾਇਟੀ

ਅਮਰੀਕਾ ਦੇ ਪੁਲਾੜ ਸ਼ਟਲ 'ਚੈਲਿੰਜਰ ਨੂੰ' ਭਿਆਨਕ ਹਾਦਸਾ

ਕੱਲ੍ਹ ਸਵੇਰੇ ਅਮਰੀਕਾ ਦੇ 55 ਪੁਲਾੜ ਯਾਤਰਾਂ ਕਰ ਚੁੱਕੇ ਪੁਲਾੜ ਸ਼ਟਲ ਨੂੰ ਭਿਆਨਕ ਹਾਦਸੇ ਕਾਰਨ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿਚ ਸੱਤ ਪੁਲਾੜ ਯਾਤਰੀ ਵੀ ਮਾਰੇ ਗਏ ਹਨ। ਇਸ ਸ਼ਟਲ ਦੀ ਕੀਮਤ 1.2 ਬਿਲੀਅਨ ਡਾਲਰ ਦੱਸੀ ਗਈ ਹੈ। ਇਸ ਭਿਆਨਕ ਹਾਦਸੇ ਉਤੇ ਰੂਸ ਦੀ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਗਾਰਬਾਚੋਫ ਨੇ ਦੁੱਖ ਦਾ ਪ੍ਰਗਟਾ ਕੀਤਾ ਹੈ। ਸਮੁੱਚੇ ਸੰਸਾਰ ਦੇ ਲੀਡਰਾਂ ਵਲੋਂ ਇਸ ਭਿਆਨਕ ਹਾਦਸੇ ਉਤੇ ਅਮਰੀਕਾ ਨਾਲ ਦੁੱਖ ਦਾ ਪ੍ਰਗਟਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਪੁਲਾੜ ਯਾਤਰੀਆਂ ਨੂੰ 1967 ਵਿਚ ਭਿਆਨਕ ਹਾਦਸੇ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਵਿਚ ਤਿੰਨ ਯਾਤਰੀ ਮਾਰੇ ਗਏ ਸੀ।


MIKE SMITH


JUDY RESNIK


FRANCIS SCOBEE

AP photos


ELLISON ONIZUKA


GREGORY JARVIS


RONALD McNAIR

ਪੀਪਲਜ਼ ਪਾਰਟੀ ਦੀ ਏਕਤਾ ਖਤਰੇ ਵਿਚ

ਇਸਲਾਮਾਬਾਦ — ਪਾਕਿਸਤਾਨ ਦੇ ਸਿੰਧ ਸੂਬੇ ਵਿਚ ਜਥੇਬੰਦੀ ਦੇ ਪੁਨਰਗਠਨ ਦੇ ਸਵਾਲ ਨੂੰ ਲੈ ਕੇ ਪੀਪਲਜ਼ ਪਾਰਟੀ ਦੀ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਅਤੇ ਗੁਲਾਮ ਮੁਸਤਫਾ ਜਤੋਈ ਵਿਚਕਾਰ ਮਤਭੇਦ ਪੈਦਾ ਹੋ ਗਏ ਹਨ। ਜੇਕਰ ਇਹ ਮਤਭੇਦ ਦੂਰ ਨਾ ਹੋਏ ਤਾਂ ਪਾਰਟੀ ਦੋਫਾੜ ਵੀ ਹੋ ਸਕਦੀ ਹੈ। ਸ੍ਰੀ ਜਤੋਈ ਇਸ ਸਵਾਲ ਉਤੇ ਕੁਮਾਰੀ ਬੇਨਜ਼ੀਰ ਨਾਲ ਗੱਲਬਾਤ ਕਰਨ ਲਈ ਅਗਲੇ ਮਹੀਨੇ ਲੰਡਨ ਜਾ ਰਹੇ ਹਨ।

ਸ੍ਰੀ ਜਤੋਈ ਦੇ ਇਕ ਨਜ਼ਦੀਕੀ ਸਾਥੀ ਦਾ ਕਹਿਣਾ ਹੈ ਕਿ ਕੁਮਾਰੀ ਭੁਟੋ ਨੂੰ ਮਿਲਣ ਤੋਂ ਪਹਿਲਾਂ ਸ੍ਰੀ ਜਤੋਈ ਕੋਈ ਬਿਆਨ ਜਾਰੀ ਨਹੀਂ ਕਰਨਗੇ। 5 ਜਨਵਰੀ ਨੂੰ ਸ੍ਰੀ ਭੁੱਟੋ ਦੀ ਵਰ੍ਹੇਗੰਢ ਦੇ ਮੌਕੇ ਉਤੇ ਵੀ ਸ੍ਰੀ ਜਤੋਈ ਹਾਜ਼ਰ ਨਹੀਂ ਸਨ। ਇਸ ਲਈ ਇਹ ਅਫਵਾਹਾਂ ਉਡਣੀਆਂ ਸ਼ੁਰੂ ਹੋ ਗਈਆਂ ਸਨ ਕਿ ਸ੍ਰੀ ਜਤੋਈ ਨਵੀਂ ਪਾਰਟੀ ਬਣਾ ਰਹੇ ਹਨ।



ਕਿਸਾਨਾਂ ਉਤੇ ਨਦੀਨ ਨਾਸ਼ਕ ਖਰੀਦਣ ਲਈ ਦਬਾਅ

ਪਟਿਆਲਾ — ਉਤਪਾਦਕਾਂ ਨੂੰ ਸਹਿਕਾਰੀ ਕਰਜ਼ਿਆਂ ਤੇ ਖੇਤੀ ਦੀ ਸਮੱਗਰੀ ਪ੍ਰਾਪਤ ਕਰਨ ਵਿਚ ਇਸ ਸਾਲ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਸੁਸਾਇਟੀਆਂ ਦੇ ਮੈਂਬਰ ਸਕੱਤਰਾਂ ਜਾਂ ਸਹਿਕਾਰੀ ਵਿਭਾਗ ਦੇ ਅਫਸਰਾਂ ਕੋਲ ਕਰਜ਼ੇ ਤੇ ਕੀਮੀਆਈ ਖਾਦ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਦੀਨ ਨਾਸ਼ਕ ਦਵਾਈਆਂ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਿਨ੍ਹਾਂ ਲੋਕਾਂ ਨੂੰ ਨਦੀਨ - ਨਾਸ਼ਕ ਨਹੀਂ ਵੀ ਚਾਹੀਦੇ ਉਨ੍ਹਾਂ ਨੂੰ ਵੀ ਕੁਝ ਦਵਾਈਆਂ ਦਿਤੇ ਬਿਨਾਂ ਖਾਦ ਨਹੀਂ ਦਿਤੀ ਜਾਂਦੀ। ਨਤੀਜੇ ਵਜੋਂ ਕਈ ਹਾਲਤਾਂ ਵਿਚ ਖਾਦ ਫਸਲ ਨੂੰ ਸਮੇਂ ਸਿਰ ਨਹੀਂ ਦਿਤੀ ਜਾ ਰਹੀ। ਰਾਜ ਦੀਆਂ ਵਧੇਰੇ ਸੁਸਾਇਟੀਆਂ ਵਿਚ ਖਾਦ ਕਰਜ਼ੇ ਉਤੇ ਦੇਣ ਲਈ ਕਰਮਚਾਰੀਆਂ ਨੂੰ ਇਨਕਾਰ ਕਰ ਦਿਤਾ; ਜਦੋਂ ਤਕ ਉਤਪਾਦਕਾਂ ਨੇ ਦਵਾਈਆਂ ਨਹੀਂ ਲੈ ਲਈਆਂ। ਜਿਨ੍ਹਾਂ ਕਿਸਾਨਾਂ ਨੂੰ ਨਦੀਨ ਨਾਸ਼ਕ ਨਹੀਂ ਚਾਹੀਦੀ, ਉਹ ਫਿਰ ਇਨ੍ਹਾਂ ਨੂੰ ਸੁਸਾਇਟੀਆਂ ਤੋਂ ਲੈ ਕੇ ਡੀਲਰਾਂ ਨੂੰ ਵੇਚ ਜਾਂਦੇ ਹਨ। ਡੀਲਰ ਆਪਣਾ ਮੁਨਾਫਾ ਲਾ ਕੇ ਦੂਜੇ ਉਤਾਪਾਦਕਾਂ ਨੂੰ ਦੇ ਦਿੰਦੇ ਹਨ।

ਸੁਸਾਇਟੀਆਂ ਤੋਂ ਦਿਤੇ ਗਏ ਨਦੀਨ ਨਾਸ਼ਕ ਵਿਕਣ ਲਈ ਲੀਡਰਾਂ ਕੋਲ ਪਹੁੰਚਣ ਉਪਰੰਤ ਇਸ ਸੀਜ਼ਨ ਵਿਚ ਗੁੱਲੀ ਡੰਡਾ ਮਾਰਨ ਵਾਲੀਆਂ ਦਵਾਈਆਂ ਦੀ ਹੁਣ ਕੀਮਤ ਤੀਜੀ ਵਾਰ ਡਿੱਗੀ ਹੈ। ਪਹਿਲੀ ਵਾਰ ਜਦੋਂ ਸਬਸਿਡੀ ਦਾ ਐਲਾਨ ਕੀਤਾ ਗਿਆ ਸੀ ਤਾਂ ਕੀਮਤਾਂ ਡਿੱਗੀਆਂ ਸਨ। ਫੇਰ ਜਦੋਂ ਮਾਰਕਫੈਡ ਨੇ ਕੁਝ ਦਵਾਈਆਂ ਵੇਚਣੀਆਂ ਸ਼ੁਰੂ ਕੀਤੀਆਂ ਉਸ ਸਮੇਂ ਮੰਦਾ ਆਇਆ।

ਕਰਜ਼ਾ ਲੈਣ ਵਾਲਿਆਂ ਨੂੰ ਔਖ ਦਾ ਸਾਹਮਣਾ

ਬਰਨਾਲਾ — ਸਨਅਤ ਲਾਉਣ ਨੂੰ ਉਤਸ਼ਾਹਤ ਕਰਨ ਲਈ ਭਾਵੇਂ ਸਰਕਾਰ ਨੇ ਕਰਜ਼ੇ ਲਈ ਵਿਆਜ਼ ਸਾਢੇ 13 ਦੀ ਥਾਂ ਸਾਢੇ 11 ਫੀਸਦੀ ਕਰਨ ਦਾ ਐਲਾਨ ਕੀਤਾ ਹੈ, ਪਰ ਇਸ ਉਤੇ ਅਮਲ ਨਹੀਂ ਹੋ ਰਿਹਾ। ਇਸ ਮੰਤਵ ਲਈ ਕਰਜ਼ਾ ਲੈਣ ਦੇ ਚਾਹਵਾਨਾਂ ਨੇ ਦੱਸਿਆ ਕਿ ਜਦ ਉਹ ਪੰਜਾਬ ਵਿਚ ਕਾਰਪੋਰੇਸ਼ਨ ਪਾਸ ਜਾਂਦੇ ਹਨ ਤਾਂ ਉਤਰ ਮਿਲਦਾ ਹੈ ਕਿ ਸਰਕਾਰ ਵਲੋਂ ਕੀਤੇ ਐਲਾਨ ਬਾਰੇ ਲਿਖਤੀ ਹੁਕਮ ਨਹੀਂ ਪੁੱਜਿਆ। ਇਹੋ ਹੀ ਨਹੀਂ ਕਿ ਘੱਟ ਵਿਆਜ ਦੀ ਦਰ ਨਹੀਂ ਲਾਈ ਜਾ ਰਹੀ ਸਗੋਂ ਪ੍ਰਾਰਥੀਆਂ ਨੂੰ ਇਸ ਬਹਾਨੇ ਕਰਜ਼ਾ ਦੇਣ ਤੋਂ ਟਾਲਮਟੋਲ ਕੀਤਾ ਜਾ ਰਿਹਾ ਹੈ। ਇਹ ਵੀ ਨਹੀਂ ਕੀਤਾ ਜਾ ਰਿਹਾ ਕਿ ਪਹਿਲੀ ਵਿਆਜ ਦੀ ਦਰ ਉਤੇ ਕਰਜ਼ਾ ਦੇ ਕੇ ਕਿਹਾ ਜਾਏ ਕਿ ਜੇ ਸਰਕਾਰੀ ਹੁਕਮ ਦੋ ਫੀਸਦੀ ਸੂਦ ਘਟਾਉਣ ਦੇ ਆ ਗਏ ਤਾਂ ਉਹ ਲਾ ਲਿਆ ਜਾਵੇਗਾ।

ਕਰਜ਼ਾ ਲੈਣ ਦੇ ਇੱਛਕਾਂ ਦਾ ਦੋਸ਼ ਹੈ ਕਿ ਕਾਰਪੋਰੇਸ਼ਨ ਵਾਲੇ ਲਾਰਿਆਂ ਵਿਚ ਹੀ ਸਮਾਂ ਲੰਘਾ ਦੇਣਾ ਚਾਹੁੰਦੇ ਹਨ। ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲੇ ਆਪਣੇ ਪਾਸੋਂ ਖਰਚ ਕਰਕੇ ਹੁਣ ਸਰਕਾਰੀ ਵਾਅਦਿਆਂ ਤੇ ਐਲਾਨਾਂ ਵਲ ਵੇਖ ਰਹੇ ਹਨ।

ਹਰਿਆਣਾ ਸਰਕਾਰ ਸਿੱਖਾਂ ਨਾਲ ਯੋਗ ਵਰਤਾਓ ਕਰੇ

— ਨਾਜ਼ਰ ਸਿੰਘ

ਹਰਿਆਣਾ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ ਦਾ ਹਮੇਸ਼ਾਂ ਲਈ ਅਨਿਖੜਵਾਂ ਅੰਗ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਹਰਿਆਣਾ ਅਕਾਲੀ ਦਲ ਨੇ ਹਮੇਸ਼ਾ ਬਲ ਬਖਸ਼ਿਆ ਹੈ। ਪੰਜਾਬ ਦੀਆਂ ਮੰਗਾਂ ਲਈ ਪਿਛਲੇ ਸਾਲਾਂ 'ਚ ਲੜੇ ਗਏ ਲੰਮੇ ਅਤੇ ਕਠਨ ਸੰਘਰਸ਼ ਵਿਚ ਵੀ ਹਰਿਆਣਾ ਅਕਾਲੀ ਦਲ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਦਾ ਹੋਇਆ ਸ਼੍ਰੋਮਣੀ ਅਕਾਲੀ ਦਲ ਦੀ ਸਹਾਇਤਾ ਲਈ ਜੂਝਦਾ ਰਿਹਾ ਹੈ। ਅਕਾਲੀ ਦਲ ਦੀ ਰਾਜਨੀਤੀ ਵਿਚ ਆਉਂਦੇ ਉਤਰਾਅ ਚੜ੍ਹਾਅ ਹਰਿਆਣਾ ਅਕਾਲੀ ਦਲ ਨੂੰ ਵੀ ਪ੍ਰਭਾਵਤ ਕਰਦੇ ਰਹੇ ਹਨ। ਹਰਿਆਣਾ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਨਾਜ਼ਰ ਸਿੰਘ ਜੀ ਨਾਲ ਉਨ੍ਹਾਂ ਨਾਲ ਹਰਿਆਣਾ ਅਕਾਲੀ ਦਲ ਅਤੇ ਹਰਿਆਣੇ ਵਿਚ ਰਹਿੰਦੇ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਸੀ ਜਿਹੜੀ ਕਿ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕਰ ਰਹੇ ਹਾਂ।



ਜ਼ੂਥੇਦਾਰ ਨਾਜ਼ਰ ਸਿੰਘ

? ਜਥੇਦਾਰ ਜੀ ਪਹਿਲਾਂ ਇਹ ਦਸਣ ਦੀ ਕਿਰਪਾ ਕਰੋ ਕਿ ਹਰਿਆਣੇ ਵਿਚ ਸਿੱਖਾਂ ਦੀ ਕੁੱਲ ਕਿੰਨੀ ਕੁ ਆਬਾਦੀ ਹੈ ਤੇ ਉਹ ਕੀ ਕੰਮ ਧੰਦੇ ਕਰਦੇ ਹਨ?

— ਹਰਿਆਣੇ ਵਿਚ 7-8 ਲੱਖ ਦੇ ਲਗਭਗ ਸਿੱਖ ਰਹਿੰਦੇ ਹਨ ਤੇ ਉਹ ਮੁਖ ਤੌਰ ਤੇ ਖੇਤੀਬਾੜੀ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਕੁਝ ਲੋਕ ਟਰਾਂਸਪੋਰਟ(ਟਰੱਕ ਆਦਿ) ਵਪਾਰ ਦਾ ਕੰਮ ਵੀ ਕਰਦੇ ਹਨ।

? ਪੰਜਾਬ ਦੀਆਂ ਮੰਗਾਂ ਲਈ ਪਿਛਲੇ ਵਰ੍ਹਿਆਂ 'ਚ ਅਕਾਲੀ ਦਲ ਨੇ ਬਹੁਤ ਵੱਡਾ ਸੰਘਰਸ਼ ਲੜਿਆ ਹੈ। ਇਸ ਵਿਚ ਹਰਿਆਣਾ ਅਕਾਲੀ ਦਲ ਨੇ ਕੀ ਯੋਗਦਾਨ ਪਾਇਆ ਹੈ?

— ਹਰਿਆਣਾ ਅਕਾਲੀ ਦਲ ਨੇ ਆਪਣੇ ਆਪ ਨੂੰ ਹਮੇਸ਼ਾਂ ਸ਼੍ਰੋਮਣੀ ਅਕਾਲੀ ਦਲ ਦੀ ਇਕ ਇਕਾਈ ਸਮਝਿਆ ਹੈ। ਇਸ ਲਈ ਅਕਾਲੀ ਦਲ ਵਲੋਂ ਸਮੇਂ ਸਮੇਂ ਲੜੇ ਗਏ ਸੰਘਰਸ਼ਾਂ ਵਿਚ ਹਰਿਆਣਾ ਅਕਾਲੀ ਦਲ ਢੁਕਵਾਂ ਹਿੱਸਾ ਪਾਉਂਦਾ ਰਿਹਾ ਹੈ। ਇਸ ਮੋਰਚੇ ਵਿਚ ਹਰਿਆਣੇ ਦੇ 10 ਹਜ਼ਾਰ ਸਿੱਖਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਤੇ ਮੋਰਚੇ ਲਈ ਕਾਫੀ ਮਾਤਰਾ 'ਚ ਫੰਡ ਦਿਤਾ। ਮੋਰਚੇ ਕਾਰਨ ਹਰਿਆਣੇ ਵਿਚ ਸਿੱਖਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਫਸਾਦਾਂ ਵਿਚ ਹਰਿਆਣੇ 'ਚ ਢਾਈ ਸੌ ਦੇ ਲਗਭਗ ਸਿੱਖ ਸ਼ਹੀਦ ਹੋਏ। ਕਾਫੀ ਮਾਲੀ ਨੁਕਸਾਨ ਵੀ ਹੋਇਆ। ਇਸ ਤੋਂ ਇਲਾਵਾ ਫਰਵਰੀ 1983 ਵਿਚ ਪਾਣੀਪਤ ਤੇ ਜਮਨਾ ਨਗਰ 'ਚ ਜਨੂੰਨੀਆਂ ਹੱਥੋਂ 12-13 ਸਿੱਖ ਸ਼ਹੀਦ ਹੋਏ। ਇਨ੍ਹਾਂ ਸਭ ਔਕੜਾਂ ਦੇ ਬਾਵਜੂਦ ਅਸੀਂ ਅਕਾਲੀ ਦਲ ਦੀ ਲੜਾਈ ਨੂੰ ਠੀਕ ਸਮਝ ਕੇ ਉਸ ਦਾ ਸਾਥ ਦਿਤਾ।

? ਅਕਾਲੀ ਮੋਰਚੇ ਦੀਆਂ ਕਈ ਮੰਗਾਂ ਹਰਿਆਣੇ ਦੇ ਹਿਤਾਂ ਨਾਲ ਟਕਰਾਉਂਦੀਆਂ ਸਨ। ਜਿਵੇਂ ਕਿ ਦਰਿਆਈ ਪਾਣੀਆਂ ਦੀ ਮੰਗ, ਚੰਡੀਗੜ੍ਹ ਸਮੇਤ ਬਾਕੀ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ 'ਚ ਸ਼ਾਮਲ ਕਰਨ ਦੀ ਮੰਗ ਪਰ ਤੁਸੀਂ ਹਰਿਆਣੇ 'ਚ ਰਹਿੰਦੇ ਹੋਏ ਇਨ੍ਹਾਂ ਮੰਗਾਂ ਦੀ ਕਿਵੇਂ ਹਮਾਇਤ ਕਰਦੇ ਰਹੇ?

— ਤੁਹਾਡਾ ਸੁਆਲ ਕਾਫੀ ਮਹੱਤਵਪੂਰਨ ਹੈ। ਇਸ ਗੱਲ ਨੂੰ ਮੁੱਖ ਰਖਕੇ ਹੀ ਬੰਸੀ ਲਾਲ ਤੇ ਹਰਿਆਣੇ ਦੇ ਹੋਰ ਰਾਜਨੀਤਕ ਨੇਤਾ ਸਾਡੇ ਖਿਲਾਫ ਬਿਆਨਬਾਜ਼ੀ ਕਰਦੇ ਰਹੇ ਹਨ ਕਿ ਤੁਸੀਂ ਰਹਿੰਦੇ ਹਰਿਆਣੇ ਵਿਚ ਹੋ ਤੇ ਸੁਖ ਪੰਜਾਬ ਦੀ ਮੰਗਦੇ ਹੋ? ਪਰ ਅਸੀਂ ਹਮੇਸ਼ਾਂ ਇਹ ਮਹਿਸੂਸ ਕਰਦੇ ਰਹੇ ਹਾਂ ਕਿ ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਾਮਲੇ 'ਚ ਪੰਜਾਬ ਨਾਲ ਬੇਇਨਸਾਫੀ ਹੋਈ ਹੈ ਤੇ ਇਹ ਬੇਇਨਸਾਫੀ ਦੂਰ ਹੋਣੀ ਚਾਹੀਦੀ ਹੈ। ਇਹ ਵਿਚਾਰ ਹਰਿਆਣੇ ਦੇ ਸਿੱਖਾਂ ਦਾ ਹੀ ਨਹੀਂ ਸਗੋਂ ਦੇਸ਼ ਦੇ ਹੋਰ ਹਿੱਸਿਆਂ ਵਿਚ ਰਹਿੰਦੇ ਹੋਰ ਬੁੱਧੀਜੀਵੀ ਲੋਕਾਂ ਦਾ ਵੀ ਹੈ। ਪਿੰਡ ਨੂੰ ਇਕਾਈ ਮੰਨਕੇ ਜੁੜਵੇਂ ਇਲਾਕਿਆਂ ਦੇ ਅਸੂਲ ਨੂੰ ਪ੍ਰਵਾਨ ਕਰਕੇ ਜੇਕਰ ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਕੀਤੇ ਜਾਂਦੇ ਹਨ ਤਾਂ ਇਸ ਵਿਚ ਗਲਤ ਗੱਲ ਕਿਹੜੀ ਹੈ? ਜੇਕਰ ਪੰਜਾਬ ਦਰਿਆਈ ਪਾਣੀਆਂ ਵਿਚੋਂ ਆਪਣਾ ਮੁਨਾਸਬ ਹਿੱਸਾ ਮੰਗਦਾ ਹੈ ਤਾਂ ਇਸ ਵਿਚ ਗਲਤ ਗੱਲ ਕਿਹੜੀ ਹੈ? ਪਾਣੀਆਂ ਦੀ ਵੰਡ ਕੌਮੀ ਤੇ ਕੌਮਾਂਤਰੀ ਪ੍ਰਵਾਨਤ ਅਸੂਲਾਂ ਨੂੰ ਮੁੱਖ ਰੱਖਕੇ ਉਚਿਤ ਢੰਗ ਨਾਲ ਹੋਣੀ ਚਾਹੀਦੀ ਹੈ ਤੇ ਹਰਿਆਣੇ ਦਾ ਬਣਦਾ ਹਿੱਸਾ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ।

? ਪੰਜਾਬੀ ਬੋਲਦੇ ਇਲਾਕਿਆਂ ਅਤੇ ਦਰਿਆਈ ਪਾਣੀਆਂ ਸਬੰਧੀ ਅਕਾਲੀ ਦਲ ਦੇ ਸਟੈਂਡ ਦੀ ਹਿਮਾਇਤ ਕਰਕੇ ਕੀ ਹਰਿਆਣੇ ਦੇ ਸਿੱਖ ਹਰਿਆਣੇ ਦੀ ਮੁਖ ਧਾਰਾ ਵਿਚੋਂ ਅਲੱਗ ਥਲੱਗ ਤਾਂ ਨਹੀਂ ਹੋ ਗਏ?

— (ਗੰਭੀਰ ਹੋਕੇ) ਹਾਂ ਇਨ੍ਹਾਂ ਦੋਵਾਂ ਮੰਗਾਂ ਦੀ ਹਮਾਇਤ ਕਰਨ ਨਾਲ ਹਰਿਆਣੇ ਦੇ ਸਿੱਖਾਂ ਪ੍ਰਤੀ ਕੁਝ ਸਥਾਨਕ ਲੋਕਾਂ ਦੇ ਵਤੀਰੇ ਵਿਚ ਤਬਦੀਲੀ ਆਈ ਸੀ। ਪਰ ਠੀਕ ਗੱਲ ਨੂੰ ਠੀਕ ਕਹਿਣ ਦੀ ਜੁਅਰਤ ਕਰਨੀ ਹੀ ਚਾਹੀਦੀ ਹੈ ਭਾਵੇਂ ਅਸੀਂ ਦੇਸ਼ ਦੇ ਕਿਸੇ ਕੋਨੇ 'ਚ ਵੀ ਕਿਉਂ ਨਾ ਰਹਿੰਦੇ ਹੋਈਏ। ਗਲਤ ਸਟੈਂਡ ਲੈਣ ਨਾਲ ਅੱਗੇ ਹੋਰ ਮੁਸ਼ਕਲਾਂ ਵੀ ਪੈਦਾ ਹੋ ਜਾਂਦੀਆਂ ਹਨ। ਪਰ ਜਿਥੋਂ ਤਕ ਹਰਿਆਣੇ ਦੇ ਸਿੱਖਾਂ ਦੇ ਹਰਿਆਣੇ ਦੀ ਮੁਖ ਧਾਰਾ ਤੋਂ ਅਲੱਗ ਥਲੱਗ ਹੋਣ ਦੀ ਗੱਲ ਹੈ, ਇਸ ਦੇ ਕਈ ਪਹਿਲੂ ਹਨ। ਹਰਿਆਣੇ ਦੀਆਂ ਰਾਜਨੀਤਕ ਪਾਰਟੀਆਂ ਭਾਵੇਂ ਉਹ ਕਾਂਗਰਸ ਆਈ ਹੈ, ਲੋਕ ਦਲ ਹੈ ਜਾਂ ਭਾਰਤੀ ਜਨਤਾ ਪਾਰਟੀ ਹੈ, ਨੇ ਕਦੇ ਵੀ ਹਰਿਆਣੇ ਦੇ ਸਿੱਖਾਂ ਪ੍ਰਤੀ ਉਚਿਤ ਰੁਖ ਅਖਤਿਆਰ ਨਹੀਂ ਕੀਤਾ। ਇਨ੍ਹਾਂ ਪਾਰਟੀਆਂ ਨੇ ਹਰਿਆਣੇ ਦੇ ਸਿੱਖਾਂ ਨੂੰ ਹਰਿਆਣੇ ਦੀ ਰਾਜ ਸਤਾ ਵਿਚ ਜਾਂ ਹਰਿਆਣੇ ਦੀ ਮੁਖ ਧਾਰਾ 'ਚ ਸ਼ਾਮਲ ਹੋਣ ਦਾ ਯੋਗ ਮੌਕਾ ਹੀ ਨਹੀਂ ਦਿਤਾ। ਇਹ ਪਾਰਟੀਆਂ ਵੋਟਾਂ ਦੇ ਦਿਨਾਂ 'ਚ ਹਰਿਆਣੇ ਦੇ ਸਿੱਖਾਂ ਜਾਂ ਪੰਜਾਬੀਆਂ ਕੋਲ ਆਉਂਦੀਆਂ ਹਨ। ਕਈ ਤਰ੍ਹਾਂ ਦੇ ਵਾਇਦੇ ਕਰਦੀਆਂ ਹਨ ਪਰ ਬਾਅਦ 'ਚ ਸਭ ਕੁਝ ਭੁਲਾ ਦਿਤਾ ਜਾਂਦਾ ਹੈ। ਅਸੀਂ ਹਰਿਆਣੇ ਦੇ ਯੋਗ ਹਿਤਾਂ, ਹਰਿਆਣੇ ਦੇ ਸਮੂਹ ਲੋਕਾਂ ਦੀ ਸੁਖ ਚਾਹੁੰਦੇ ਹਾਂ ਪਰ ਹਰਿਆਣੇ ਵਿਚ ਸਾਨੂੰ ਵੀ ਸਾਡਾ ਬਣਦਾ ਯੋਗ ਸਥਾਨ ਮਿਲਣਾ ਚਾਹੀਦਾ ਹੈ।

? ਤੁਸੀਂ ਕਿਸੇ ਸਥਾਨਕ ਰਾਜਨੀਤਕ ਪਾਰਟੀ ਨਾਲ ਵੋਟਾਂ ਸਮੇਂ ਸਮਝੌਤਾ ਕਰਕੇ ਆਪਣੇ ਆਪਣੇ ਲਈ ਚੋਣਾਂ ਵਿਚ ਸੀਟਾਂ ਕਿਉਂ ਨਹੀਂ ਛਡਵਾਉਂਦੇ?

— ਅਸੀਂ ਲੋਕ ਦਲ ਨੂੰ ਕਿਸਾਨਾਂ ਦੀ ਪਾਰਟੀ ਸਮਝ ਕੇ ਕਈ ਵਾਰ ਸਮੱਰਥਨ ਦਿਤਾ। ਪਰ ਉਸ ਨੇ ਵੀ ਸਾਡੇ ਪ੍ਰਤੀ ਠੀਕ ਵਤੀਰਾ ਧਾਰਨ ਨਹੀਂ ਕੀਤਾ। ਜਿਥੋਂ ਤਕ ਸਮਝੌਤਾ ਕਰਕੇ ਸੀਟਾਂ ਹਾਸਲ ਕਰਨ ਦੀ ਗੱਲ ਹੈ, ਅਸੀਂ ਪਿਛਲੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਦੇ ਫੈਸਲੇ ਅਨੁਸਾਰ ਲੋਕ ਦਲ ਨਾਲ ਸਮਝੌਤਾ ਕਰਕੇ ਤਿੰਨ ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਇਨ੍ਹਾਂ ਵਿਚੋਂ ਜੰਡਲਾ ਸੀਟ ਅਸੀਂ ਜਿਤੀ ਸੀ। ਇਸ ਹਲਕੇ ਵਿਚ ਸਿੱਖ ਤੇ ਪੰਜਾਬੀ ਵੋਟਰਾਂ ਦੀ ਬਹੁਗਿਣਤੀ ਹੈ। ਭੇਵਾ ਤੇ ਰਤੀਆ ਹਲਕਿਆਂ ਵਿਚ ਸਾਡੇ ਉਮੀਦਵਾਰਾਂ ਦੇ ਵਿਰੁੱਧ ਲੋਕ ਦਲ ਦੇ ਬਾਗੀ ਉਮੀਦਵਾਰ ਡਟੇ ਰਹੇ ਜਿਸ ਕਾਰਨ ਇਨ੍ਹਾਂ ਦੋਵਾਂ ਸੀਟਾਂ ਤੇ ਕਾਂਗਰਸ ਆਈ ਜਿਤੀ। ਉਪਰੋਕਤ ਦੋਵਾਂ ਸੀਟਾਂ ਤੇ ਲੋਕ ਦਲ ਦੇ ਵਰਕਰਾਂ ਨੇ ਸਾਡਾ ਬਹੁਤਾ ਸਾਥ ਨਹੀਂ ਸੀ ਦਿਤਾ।

? ਫਿਰ ਤੁਸੀਂ ਹਰਿਆਣੇ ਦੀ ਸਤਾ 'ਚੋਂ ਆਪਣਾ ਬਣਦਾ ਹਿੱਸਾ ਲੈਣ ਲਈ ਕੀ ਪ੍ਰੋਗਰਾਮ ਉਲੀਕਣ ਬਾਰੇ ਸੋਚਦੇ ਹੋ?

— ਹਰਿਆਣੇ ਦੀ ਸਤਾ 'ਚੋਂ ਆਪਣਾ ਹਿੱਸਾ ਲੈਣ ਦੀ ਸਾਨੂੰ ਹਰਿਆਣੇ 'ਚ ਰਹਿੰਦੇ ਸਾਰੇ ਸਿੱਖਾਂ ਅਤੇ ਸਮੂਹ ਪੰਜਾਬੀਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਜੇਕਰ ਅਸੀਂ ਇਕੱਠੇ ਹੋ ਕੇ ਇਕ ਬੋਲੀ ਬੋਲੀਏ ਤਾਂ ਹਰਿਆਣੇ ਵਿਚ ਰਾਜਨੀਤਕ ਪਾਰਟੀਆਂ ਨੂੰ ਸਾਡੀ ਹੋਂਦ ਮੰਨਣੀ ਪਵੇਗੀ।

? ਜਿਸ ਤਰ੍ਹਾਂ ਕਿ ਇਹ ਗੱਲ ਸਪੱਸ਼ਟ ਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਸਮੇਂ ਸਮੇਂ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਦਾ ਹਰਿਆਣਾ ਅਕਾਲੀ ਦਲ ਅਤੇ ਹਰਿਆਣੇ ਦੇ ਸਿੱਖਾਂ ਤੇ ਕਾਫੀ ਪ੍ਰਭਾਵ ਪੈਂਦਾ ਹੈ। ਤੁਸੀਂ ਸ਼੍ਰੋਮਣੀ ਅਕਾਲੀ ਦਲ ਤੋਂ ਕੀ ਆਸ ਕਰਦੇ ਹੋ? ਉਹ ਕਿਹੋ ਜਿਹੀਆਂ ਨੀਤੀਆਂ ਧਾਰਨ ਕਰੇ ਜਿਸ ਨਾਲ ਤੁਹਾਡੇ ਹਿਤ ਵੀ ਸੁਰੱਖਿਅਤ ਰਹਿਣ ਅਤੇ ਤੁਸੀਂ ਹਰਿਆਣੇ ਵਿਚ ਅਲੱਗ ਥਲੱਗ ਮਹਿਸੂਸ ਨਾ ਕਰੋ?

— ਅਸੀਂ ਸ਼੍ਰੋਮਣੀ ਅਕਾਲੀ ਦਲ ਤੋਂ ਇਹ ਆਸ ਕਰਦੇ ਹਾਂ ਕਿ ਉਹ ਮਹਾਨ ਸਿੱਖ ਗੁਰੂਆਂ ਵਲੋਂ ਦਸੇ ਸਰਬੱਤ ਦੇ ਭਲੇ ਦੇ ਮਾਰਗ ਤੇ ਚਲੇ। ਅਕਾਲੀ ਦਲ ਉਨ੍ਹਾਂ ਨੀਤੀਆਂ ਅਤੇ ਸਿਧਾਂਤਾਂ ਤੇ ਪਹਿਰਾ ਦੇਵੇ ਜਿਨ੍ਹਾਂ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਕੁਰਬਾਨੀ ਦਿਤੀ ਹੈ। ਪਿਛਲੇ ਸਮੇਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਸਹੀ ਮਾਰਗ ਤੋਂ ਭਟਕਾਉਣ ਲਈ ਕਈ ਪਾਸਿਆਂ ਤੋਂ ਦਬਾਅ ਪਾਏ ਜਾਂਦੇ ਰਹੇ ਹਨ। ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨਾਲ ਸਿੱਖਾਂ ਬਾਰੇ ਸਾਰੇ ਦੇਸ਼ 'ਚ ਗਲਤ ਪ੍ਰਭਾਵ ਪਿਆ ਹੈ। ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਨੂੰ ਅਣਗਿਣਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਭਾਵੇਂ ਦੇਸ਼ ਭਰ 'ਚ ਸਿੱਖਾਂ ਬਾਰੇ ਗਲਤ ਪ੍ਰਭਾਵ ਪੈਦਾ ਕਰਨ 'ਚ ਸਰਕਾਰੀ ਪ੍ਰਚਾਰ ਸਾਧਨਾਂ ਤੇ ਹੋਰ ਵਿਰਕੂ ਤਾਕਤਾਂ ਦਾ ਵੀ ਉਘਾ ਰੋਲ ਰਿਹਾ ਹੈ ਪਰ ਸਿੱਖ ਭਾਈਚਾਰੇ ਦੇ ਨਾਂ ਹੇਠ ਵੀ ਕੁਝ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਰਹੇ ਹਨ, ਜਿਨ੍ਹਾਂ ਨਾਲ ਸਿੱਖਾਂ ਦੇ ਗੌਰਵਮਈ ਨਾਂ ਨੂੰ ਵੱਟਾ ਲੱਗਾ। ਇਸ ਸਮੇਂ ਅਕਾਲੀ ਦਲ ਸ: ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਠੀਕ ਦਿਸ਼ਾ 'ਚ ਅਗੇ ਵਧ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਅਕਾਲੀ ਦਲ ਹੁਣ ਵਾਲੀ ਨੀਤੀ ਤੇ ਹੀ ਚਲੇ।

? ਜਥੇਦਾਰ ਜੀ ਹਰਿਆਣੇ ਦੇ ਸਿੱਖਾਂ ਨੂੰ ਮੁਖ ਤੌਰ ਤੇ ਕਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਹੈ?

— ਹਰਿਆਣੇ ਦੇ ਸਿੱਖਾਂ ਨੂੰ ਮੁਖ ਤੌਰ ਤੇ ਦੋ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਹੈ। ਪਹਿਲੀ ਸਮੱਸਿਆ ਹੈ ਰੁਜ਼ਗਾਰ ਦੇ ਯੋਗ ਮੌਕੇ ਹਾਸਲ ਕਰਨ ਦੀ। ਅਸੀਂ ਚਾਹੁੰਦੇ ਹਾਂ ਕਿ ਹਰਿਆਣੇ ਵਿਚ ਸਿੱਖਾਂ ਨੂੰ ਇਕ ਘਟ ਗਿਣਤੀ ਵਜੋਂ ਪ੍ਰਵਾਨ ਕਰਕੇ ਨੌਕਰੀਆਂ ਵਿਚ ਅਤੇ ਸਿਖਿਆ ਤੇ ਤਕਨੀਕੀ ਸਿਖਿਆ ਪ੍ਰਾਪਤ ਕਰਨ ਲਈ ਕਾਲਜਾਂ ਵਿਚ ਸੀਟਾਂ ਰਾਖਵੀਆਂ ਰਖੀਆਂ ਜਾਣ। ਇਸ ਤੋਂ

(ਬਾਕੀ ਪੰਨਾ 14 ਉਤੇ)

(ਪੰਨਾ 6 ਦੀ ਬਾਕੀ)

ਪੰਜਾਬ ਦੇ ਪ੍ਰਸੰਗ ਵਿਚ ਕੁਝ ਸੁਝਾਅ

—ਪ੍ਰਤਾਪ ਸਿੰਘ ਗਿੱਲ

ਪੁਰਾਣੇ ਜ਼ਮਾਨੇ ਤੋਂ ਲੈ ਕੇ ਅੱਜ ਤੱਕ ਪੰਜਾਬੀਆਂ ਦੀ ਖੁਸ਼ਹਾਲੀ ਤਿੰਨ ਗੱਲਾਂ ਉਤੇ ਨਿਰਭਰ ਰਹੀ ਹੈ। ਖੇਤੀ, ਫੌਜ ਦੀ ਨੌਕਰੀ ਅਤੇ ਅਮਨ। ਹਰ ਹਮਲਾਆਵਰ ਨੂੰ ਪੰਜਾਬ ਵਿਚ ਦੀ ਲੰਘਣਾ ਪਿਆ ਤੇ ਹਰ ਵਾਰੀ ਪੰਜਾਬ ਬੇਅਮਨੀ ਨਾਲ ਤਬਾਹ ਹੋ ਜਾਂਦਾ। ਫੇਰ ਹਿੰਮਤ ਕਰਕੇ ਅਸੀਂ ਪੈਰਾਂ ਉਤੇ ਖੜ੍ਹੇ ਹੁੰਦੇ ਤਾਂ ਦੂਸਰਾ ਕੋਈ ਲੁਟੇਰਾ ਕਾਬਲੋਂ ਆ ਹਾਜ਼ਰ ਹੁੰਦਾ ਤੇ ਤਬਾਹੀ ਕਰਨ ਮਗਰੋਂ ਘੋੜੇ, ਹਾਥੀ, ਜੁਆਨ ਔਰਤਾਂ, ਮਿਸਤਰੀ ਅਤੇ ਸਿਆਣੇ ਕਲਾਕਾਰਾਂ ਨੂੰ ਲੈ ਕੇ ਵਾਪਸ ਚਲਾ ਜਾਂਦਾ। 1947 ਤਾਂ ਬਹੁਤ ਪੁਰਾਣਾ ਨਹੀਂ। ਪੰਜਾਬ ਦੀ ਵੰਡ ਵਿਚ ਛੇ ਲੱਖ ਹਿੰਦੂ ਸਿੱਖ ਖਤਮ ਹੋਏ, ਪਰ ਸਾਡੇ ਲੋਕ ਹਿੰਮਤ ਕਰਕੇ ਫੇਰ ਉਠੇ ਤੇ ਬਾਲ ਬੱਚੇ ਦਾ ਪੇਟ ਪਾਲਣ ਲੱਗੇ। ਅਸੀਂ ਸਮਝਿਆ ਮੁਸੀਬਤਾਂ ਖਤਮ ਹੋ ਗਈਆਂ। ਇਤਨੇ ਨੂੰ 1962 ਵਿਚ ਚੀਨ ਨੇ ਹਮਲਾ ਕਰ ਦਿਤਾ ਤੇ ਸੈਂਕੜੇ ਪੰਜਾਬੀ ਯੁੱਧ ਵਿਚ ਮਾਰੇ ਗਏ। 1965 ਦੀ ਭਾਰਤ-ਪਾਕਿ ਲੜਾਈ ਵਿਚ ਛੇ ਹਜ਼ਾਰ ਪੰਜਾਬੀ ਆਪਣੀਆਂ ਮਾਵਾਂ, ਭੈਣਾਂ ਤੇ ਪਰਿਵਾਰਾਂ ਤੋਂ ਹਮੇਸ਼ਾਂ ਲਈ ਵਿਛੜ ਗਏ। ਪਰ ਆਫਰੀਨ ਇਸ ਪੰਜਾਬੀ, ਤੇ ਖਾਸ ਕਰਕੇ ਪਿੰਡ ਦੇ ਰਹਿਣ ਵਾਲੇ ਦੇ। ਉਹ ਫੇਰ ਵੀ ਸਵੇਰੇ ਚਾਰ ਵਜੇ ਹਲ ਜੋੜ ਕੇ ਦੇਸ਼ ਦਾ ਪੇਟ ਭਰਨ ਲਈ ਖੇਤ ਨੂੰ ਤੁਰ ਜਾਂਦਾ। ਇਤਨਾ ਬੁਰਾ ਹਾਲ ਹੋਇਆ ਪਰ ਮੈਂ ਇਕ ਵੀ ਪੰਜਾਬੀ ਮੰਗਤਾ ਬਣਿਆ ਨਹੀਂ ਦੇਖਿਆ। ਮੇਰਾ ਕਹਿਣ ਦਾ ਮਤਲਬ ਹੈ ਕਿ ਜੇ ਪੰਜਾਬ ਨੂੰ ਅਮਨ ਮਿਲਿਆ ਰਹੇ ਤਾਂ ਅਸੀਂ ਹੋਰ ਕਿਸੇ ਵੀ ਮੁਸੀਬਤ ਤੋਂ ਭਾਹ ਨਹੀਂ ਖਾਂਦੇ।

ਇੰਗਲੈਂਡ ਦੀ ਆਬਾਦੀ ਪੰਜਾਬ ਨਾਲੋਂ ਦੂਣੀ ਹੈ। ਉਨ੍ਹਾਂ ਦੇ ਸਾਲ ਵਿਚ 70-80 ਕਤਲ ਹੁੰਦੇ ਹਨ। ਇਸ ਹਿਸਾਬ ਨਾਲ ਪੰਜਾਬ ਵਿਚ ਕਤਲ 40 ਤੋਂ ਵੱਧ ਨਹੀਂ ਹੋਣੇ ਚਾਹੀਦੇ। ਪਰ ਅਸੀਂ ਸਾਲ ਵਿਚ 600 ਤੋਂ ਉਪਰ ਆਪਣੇ ਭਰਾ ਭਾਈ ਕਤਲ ਕਰ ਲੈਂਦੇ ਹਾਂ। ਸਾਡੀ ਸ਼ਰਾਬ ਤੇ ਫੋਕੀ ਆਕੜ ਸਾਡੇ ਕਤਲਾਂ ਦਾ ਕਾਰਨ ਹੈ। ਰੋਮਾ ਵਿਚ ਬਗੈਰ ਕਿਸੇ ਲਾਇਸੈਂਸ ਦੇ ਸ਼ਰਾਬ ਕੱਢਣ ਦਾ ਹੁਕਮ ਹੈ। ਘਰ ਵਿਚ ਇਕ ਦਰਜਨ ਸ਼ਰਾਬ ਦੀਆਂ ਬੋਤਲਾਂ ਇਕ ਜਣਾ ਰੱਖ ਸਕਦਾ ਹੈ। ਆਪਣੇ ਚਾਰ ਸਾਲ ਰੋਮਾ ਰਹਿਣ ਦੇ ਸਮੇਂ ਸ਼ਰਾਬ ਪੀ ਕੇ ਕਤਲ ਕਰਨ ਦਾ ਮੈਨੂੰ ਇਕ ਵੀ ਕੇਸ ਯਾਦ ਨਹੀਂ। ਜੇ ਕਿਤੇ ਅਸੀਂ ਵੀ ਰੋਮਾ ਦੇ ਲੋਕਾਂ ਵਾਂਗ ਸ਼ਰਾਬ ਪੀਣੀ ਸਿਖ ਲਈਏ ਤਾਂ ਸਾਡੇ ਵੀ ਅਮਨ ਵਿਚ ਵਾਧਾ ਹੋ ਸਕਦਾ ਹੈ। ਪੰਜਾਬ ਵਿਚ ਇਕ ਤਾਂ ਸ਼ਰਾਬ ਪੀ ਕੇ ਅਸੀਂ ਆਪਣੇ ਆਦਮੀ ਆਪ ਹੀ ਮਾਰ ਲੈਂਦੇ ਹਾਂ। ਉਸ ਤੋਂ ਦੂਣੇ ਤੇਜ਼ ਤੇ ਗੱਡੀਆਂ ਤੇ ਟਰੱਕ ਚਲਾ ਕੇ ਐਕਸੀਡੈਂਟਾਂ ਰਾਹੀਂ ਮਾਰ ਦਿੰਦੇ ਹਾਂ। ਜੋ ਪੰਜਾਬੀ ਬਚਦੇ ਹਨ ਉਨ੍ਹਾਂ ਲਈ ਹਰ ਪੰਜ-ਸੱਤ ਸਾਲ ਮਗਰੋਂ ਕਿਸੇ ਨਾ ਕਿਸੇ ਦੇਸ਼ ਨਾਲ ਯੁੱਧ ਛਿੜ ਜਾਂਦਾ ਹੈ।

ਸਾਡੇ ਸੈਂਕੜੇ ਖਾਲਸਾ ਸਕੂਲ ਹਨ ਤੇ ਬਹੁਤ ਸਾਰੇ ਕਾਲਜ। ਸਰਬ ਭਾਰਤੀ ਮੁਕਾਬਲੇ ਤੇ ਇਮਤਿਹਾਨ ਵਿਚ ਇਨ੍ਹਾਂ ਸਕੂਲਾਂ ਕਾਲਜਾਂ ਦਾ ਪੜ੍ਹਿਆ ਕੋਈ ਬੱਚਾ ਨਹੀਂ ਆਉਂਦਾ। ਹਾਂ ਇਕ ਦੋ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾ ਜ਼ਰੂਰ ਬਣ ਜਾਂਦੇ। ਸਾਡੇ ਸੰਤ ਤੇ ਜਥੇਦਾਰ ਪੰਡਾਂ ਦੀਆਂ ਪੰਡਾਂ ਰੁਪਏ ਲਾ ਕੇ ਗੁਰਦੁਆਰੇ ਤਾਂ ਬਣਾਈ ਚੱਲੇ ਜਾ ਰਹੇ ਹਨ। ਕਿਸੇ ਨੇ ਅੱਜ ਤੱਕ ਇਕ ਵੀ ਐਸਾ ਟੈਕਨੀਕਲ ਸਕੂਲ ਨਹੀਂ ਬਣਾਇਆ ਜਿਥੇ ਸਿੱਖ ਨੌਜਵਾਨ ਕੁਝ ਕੰਮ ਸਿਖ ਕੇ ਰੋਟੀ ਪਾਣੀ ਦੇ ਯੋਗ ਹੋ ਸਕਣ। ਨਿਰੀ ਸਰਕਾਰ ਸਾਡੀ ਤਰੱਕੀ ਕਿਵੇਂ ਕਰ ਦੇਵੇਗੀ? ਕੰਮ ਤੋਂ ਬਗੈਰ ਜੁਆਨ ਬੱਚੇ ਵੇਹਲੇ ਨਹੀਂ ਫਿਰਨਗੇ ਤਾਂ ਹੋਰ ਕੀ ਕਰਨਗੇ। ਪੰਜਾਬ ਵਿਚ ਅਮਨ ਲਿਆਉਣਾ ਹੈ ਤਾਂ ਵਿਦਿਆ ਦਾ ਤਰੀਕਾ ਬਦਲਣਾ ਪਵੇਗਾ। ਜਿਸ ਕਾਲਜ ਦੇ ਹਰ ਸਾਲ ਇਕ ਦੋ ਬੱਚੇ ਆਲ ਇੰਡੀਆ ਸਰਵਿਸ ਵਿਚ ਨਹੀਂ ਆਉਂਦੇ, ਇਕ ਦੋ ਡਾਕਟਰ, ਪ੍ਰੋਫੈਸਰ, ਵਧੀਆ ਵਕੀਲ ਨਹੀਂ ਬਣਦੇ, ਉਸ ਕਾਲਜ ਨੂੰ ਰੱਖਣ ਦਾ ਕੀ ਲਾਭ? ਸਾਡੀ ਬਦਕਿਸਮਤੀ ਐਸੀ ਹੈ ਕਿ ਪੰਜ ਕਰੋੜ ਰੁਪਏ ਖਰਚ ਕਰਕੇ ਆਨੰਦਪੁਰ ਸਾਹਿਬ ਅਕੈਡਮੀ ਬਣਾਈ ਅਤੇ ਫੌਜ ਦੀ ਅਫਸਰੀ ਲਈ 9 ਬੱਚਿਆਂ ਦੇ ਨਾਂ ਭੇਜੇ ਪਰ ਉਨ੍ਹਾਂ ਵਿਚੋਂ ਇਕ ਵੀ ਪਾਸ ਨਹੀਂ ਹੋਇਆ। ਮਾਂ ਬਾਪ ਨੇ ਅਕੈਡਮੀ ਨੂੰ ਵਧੀਆ ਸਮਝ ਕੇ ਆਪਣੇ ਬੱਚੇ ਪੜ੍ਹਨ ਲਈ ਦਾਖਲ ਕਰਾਏ ਪਰ ਅਨੁਸ਼ਾਸਨ ਦਾ ਇਹ ਹਾਲ ਹੈ ਕਿ ਤਿੰਨ ਬੱਚੇ ਪੜ੍ਹਨ ਦੀ ਬਜਾਏ ਪਾਕਿਸਤਾਨ ਨੂੰ ਹੱਦ ਪਾਰ ਕਰਦੇ ਫੜੇ ਗਏ ਹਨ। ਬਗੈਰ ਅਨੁਸ਼ਾਸਨ ਦੇ ਪੜ੍ਹਾਈ ਕਿਸੇ ਕੰਮ ਨਹੀਂ। ਜਿਥੇ ਉਸਤਾਦ ਵਿਚ ਖਾਮੀਆਂ ਹੋਣ ਉਹ ਸ਼ਗਿਰਦ ਨੂੰ ਕਦੇ ਨਹੀਂ ਸੁਧਾਰ ਸਕਦਾ। ਲੋੜ ਹੈ ਕੁਝ ਸੇਵਾ ਕਰਨ ਦੀ ਜਿਸ ਨਾਲ ਸਾਡੀ ਪੰਜਾਬੀਆਂ ਦੀ ਆਉਣ ਵਾਲੀ ਨਸਲ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਦੇ ਬੱਚਿਆਂ ਦੇ ਮੁਕਾਬਲੇ ਉਤੇ ਖੜ੍ਹੇ ਸਕੇ। ਜੇ ਬੱਚੇ ਚੰਗਾ ਪੜ੍ਹਨਗੇ, ਉਸਤਾਦ ਨੂੰ ਦੇਖ ਕੇ ਚੰਗਾ ਅਨੁਸ਼ਾਸਨ ਸਿੱਖਣਗੇ, ਸੱਚੀ ਗੱਲ ਨਿਧੜਕ ਹੋ ਕੇ ਕਹਿਣ ਦੀ ਹਿੰਮਤ ਰੱਖਣਗੇ ਅਤੇ ਪਾਕਿਸਤਾਨ ਨੂੰ ਭੱਜਣ ਦੀ ਬਜਾਏ ਆਪਣੀ ਪੜ੍ਹਾਈ ਵੱਲ ਧਿਆਨ ਦੇਣਗੇ ਤਾਂ ਜ਼ਰੂਰੀ ਸਾਡਾ ਪੰਜਾਬ ਸ਼ਾਂਤੀ ਵਾਲਾ ਪੰਜਾਬ ਹੋਵੇਗਾ। ਅੱਜ ਜੇ ਪੰਜਾਬ ਵਿਚ ਅਮਨ ਨਹੀਂ ਹੈ ਤਾਂ ਸਰਕਾਰ ਲੱਖਾਂ ਰੁਪਏ ਰੋਜ਼ ਸਾਨੂੰ ਕਾਬੂ ਵਿਚ ਰੱਖਣ ਲਈ ਲਾ ਰਹੀ ਹੈ। ਅਸੀਂ ਇਹ ਪੈਸਾ ਬਚਾ ਸਕਦੇ ਹਾਂ। ਸਰਕਾਰ ਨੂੰ ਵੀ ਪੰਜਾਬ ਦੇ ਮਸਲਿਆਂ ਨੂੰ ਹਮਦਰਦੀ ਨਾਲ ਸੁਲਝਾਉਣ ਦੀ ਲੋੜ ਹੈ।

ਜੋ ਸਿੱਖ ਪਾਕਿਸਤਾਨ ਚਲੇ ਗਏ ਉਹ ਤਸ਼ੱਦਦ ਤੋਂ ਡਰਦੇ ਦੌੜ ਗਏ। ਪਰ ਉਥੇ ਜਾ ਕੇ ਉਹ ਫਸ ਗਏ ਜਾਪਦੇ ਹਨ। ਰਾਸ਼ਟਰਪਤੀ ਜ਼ਿਆ ਨਾਲ ਗੱਲ ਕਰਕੇ ਜੇ ਉਹ ਵਾਪਸ ਲਿਆਂਦੇ ਜਾਣ ਤਾਂ ਇਸ ਨਾਲ ਵੀ ਪੰਜਾਬ ਦਾ ਅਮਨ ਚੰਗਾ ਹੋਵੇਗਾ। ਜਿੰਨਾ ਚਿਰ ਉਹ ਉਧਰ ਹਨ, ਕਤਲ ਹੁੰਦੇ ਰਹਿਣ ਦਾ ਡਰ ਹੈ।

ਸਿੰਘ ਸਾਹਿਬਾਨ ਬੜੇ ਮੁਸ਼ਕਲ ਸਮੇਂ ਵਿਚ ਦੀ ਨਿਕਲੇ ਹਨ। ਇਨ੍ਹਾਂ ਦੀ ਪੁਜ਼ੀਸ਼ਨ ਨੂੰ ਕਾਫੀ ਧੱਕਾ ਲੱਗ ਚੁੱਕਾ ਹੈ। ਇਨ੍ਹਾਂ ਨੂੰ ਜਿੰਨੀ ਸਰਵਿਸ ਰਹਿੰਦੀ ਹੈ, ਉਸ ਦੀ ਅਗਾਊਂ ਤਨਖਾਹ ਤੇ ਕੁਝ ਹੋਰ ਸਹਾਇਤਾ ਦੇ ਕੇ ਇਜ਼ਤ ਮਾਣ ਨਾਲ ਰਿਟਾਇਰ ਕਰ ਦਿੱਤਾ ਜਾਵੇ ਨਹੀਂ ਤੇ ਅਗਾਂਹ ਝਗੜੇ ਹੋਣ ਦਾ ਖਤਰਾ ਹੈ। ਸ਼ਰੋਮਣੀ ਕਮੇਟੀ ਦਾ ਇਹ ਫੈਸਲਾ ਸੋਹਣਾ ਹੈ ਕਿ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਧਾਰਮਿਕ ਇਸ਼ਤਿਹਾਰ ਬਿਨਾਂ ਹੋਰ ਕੋਈ ਪੋਸਟਰ ਨਾ ਲਾਇਆ ਜਾਵੇ। ਪਹਿਲਾਂ ਵੀ ਪਰਕਰਮਾ ਵਿਚ ਹਥਿਆਰ, ਡਾਂਗ, ਸੋਟਾ, ਬਰਛਾ ਸਭ ਮਨ੍ਹਾ ਹੁੰਦੇ ਸਨ। ਇਹ ਸਾਰੇ ਬਾਹਰ ਜਮ੍ਹਾਂ ਕੀਤੇ ਜਾਂਦੇ ਸਨ। ਸਿਰਫ ਧਾਰਮਿਕ ਇਸ਼ਤਿਹਾਰ ਹੀ ਗੁਰੂ ਘਰਾਂ ਵਿਚ ਲਗਦੇ ਸਨ। ਬਾਬਾ ਜੋਗਿੰਦਰ ਸਿੰਘ ਜੀ, ਭਾਈ ਸੁਰਤ ਸਿੰਘ ਤੇ ਉਨ੍ਹਾਂ ਦੇ ਨਾਲ ਦੇ ਵੀਰਾਂ ਨੂੰ ਬੇਨਤੀ ਹੈ ਕਿ ਇਸ ਨੇਕ ਕੰਮ ਵਿਚ ਗਲਤ ਸਟੈਂਡ ਨਾ ਲੈਣ।

ਸ. ਉਬੋਕੇ ਬਾਹਰੋਂ ਆਏ ਸਿੱਖਾਂ ਦੀ ਮਦਦ ਲਈ ਕਾਫੀ ਦੌੜ-ਭੱਜ ਕਰ ਰਹੇ ਹਨ। ਚੰਗਾ ਹੋਵੇ ਜੇ ਉਹ ਆਪਣੀ ਇਸ ਕਮੇਟੀ ਵਿਚ ਇਕ ਦੋ ਸ਼ਰਨਾਰਥੀ ਵੀ ਲੈਣ। ਮੈਂ ਪਿਛਲੇ ਚਾਲੀ ਸਾਲ ਤੋਂ ਸ਼ਿਵਪੁਰੀ(ਮੱਧ ਪ੍ਰਦੇਸ਼) ਵਿਚ ਰਹਿੰਦਾ ਹਾਂ। ਕਿਲਾ ਗਵਾਲੀਅਰ ਵਿਚ ਗੁਰਦੁਆਰਾ ਬਣਾਉਣ ਵਿਚ ਬਾਬਾ ਉਤਮ ਸਿੰਘ ਜੀ ਨੂੰ ਉਥੇ ਲਿਜਾਣ ਵਿਚ ਮੇਰਾ ਹੱਥ ਸੀ। ਹੁਣ ਵੀ ਜਦੋਂ ਸਿੱਖਾਂ ਦੀ ਮਾਰ ਧਾੜ ਹੋਈ ਤੇ ਗੁਰਦੁਆਰੇ ਸਾੜੇ ਗਏ ਤਾਂ ਮੈਂ ਉਥੇ ਹਾਜ਼ਰ ਸੀ। ਸਭ ਕੁਝ ਅੱਖੀਂ ਦੇਖਿਆ। ਜੋ ਸਿੱਖ ਦੂਸਰੇ ਸੂਬਿਆਂ ਵਿਚੋਂ ਆ ਕੇ ਪ੍ਰਧਾਨ ਮੰਤਰੀ ਨੂੰ ਡੈਲੀਗੇਸ਼ਨ ਬਣਾ ਕੇ ਮਿਲੇ ਉਹ ਸਾਰੇ ਕਾਂਗਰਸੀ ਸਿੱਖ ਸਨ। ਮਾਰ-ਕੁੱਟ ਵੇਲੇ ਉਨ੍ਹਾਂ ਉਤੇ ਕਿਸੇ ਹਮਲਾ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਨੇ ਅਗਾਂਹ ਹੋ ਕੇ ਕਿਸੇ ਦੂਜੇ ਸਿੱਖ ਦੀ ਮਦਦ ਕੀਤੀ। ਸਰਕਾਰ ਉਨ੍ਹਾਂ ਨੂੰ ਅੱਗੇ ਲਾ ਕੇ ਤੇ ਉਨ੍ਹਾਂ ਦੇ ਹੱਥੀਂ ਪੈਸੇ ਵੰਡ ਕੇ ਬਾਹਰ ਦੇ ਸਿੱਖਾਂ ਨੂੰ ਆਪਣੇ ਅਸਰ ਥੱਲੇ ਕਰਨਾ ਚਾਹੁੰਦੀ ਹੈ। ਬਹੁਤ ਹੱਦ ਤਕ ਸਰਕਾਰ ਕਾਮਯਾਬ ਹੋਈ ਹੈ। ਹੋ ਸਕਦਾ ਹੈ ਕਿ ਪਿਛਲਿਆਂ ਝਗੜਿਆਂ ਵਿਚ ਕੋਈ ਹਿੰਦੂ ਵੀ ਮਾਰਿਆ ਗਿਆ ਹੋਵੇ ਤੇ ਉਸ ਦੀ ਵਿਧਵਾ ਪੰਜਾਬ ਆ ਗਈ ਹੋਵੇ। ਜੋ ਪੈਸਾ ਅੱਜ ਸਰਕਾਰ ਵੰਡ ਰਹੀ ਹੈ, ਉਸ ਵਿਚੋਂ ਉਸ ਨੂੰ ਵੀ ਮਦਦ ਮਿਲਣੀ ਚਾਹੀਦੀ ਹੈ।

ਜੁਆਬ—ਹਾਂ, ਸੰਤ ਜੀ ਚਾਹੁੰਦੇ ਸਨ ਕਿ ਜੇ ਅਕਾਲੀ ਦਲ ਜਿਤੇ ਤਾਂ ਬਰਨਾਲਾ ਹੁਰੀਂ ਪੰਜਾਬ ਦੇ ਮੁਖ ਮੰਤਰੀ ਬਣਨ। ਇਸੇ ਲਈ ਕਿਸੇ ਨੂੰ ਕਹਿਣ ਜਾਂ ਸੁਣਨ ਦੀ ਕੋਈ ਲੋੜ ਨਹੀਂ ਪਈ। ਉਹ ਬਿਨਾਂ ਕਿਸੇ ਵਿਰੋਧ ਦੇ ਤੇ ਸਰਬ ਸੰਮਤੀ ਨਾਲ ਚੀਫ ਮਨਿ-ਸਟਰ ਚੁਣੇ ਗਏ।

ਸੁਆਲ—ਬਾਬਾ ਜੋਗਿੰਦਰ ਸਿੰਘ ਅਤੇ ਉਨ੍ਹਾਂ ਦੇ ਸੰਯੁਕਤ, ਅਕਾਲੀ ਦਲ ਦੀ ਕੀ ਪੋਜ਼ੀਸ਼ਨ ਹੈ, ਖ਼ਾਸ ਤੌਰ ਤੇ ਇੰਨੀ ਵਡੀ ਅਕਾਲੀ ਜਿਤ ਤੋਂ ਬਾਅਦ ?

ਜੁਆਬ—ਅਸੀਂ ਸਿਧਾਂਤਕ ਤੌਰ ਤੇ ਬਾਬਾ ਜੀ ਨਾਲ ਸਹਿਮਤ ਨਹੀਂ। ਇਹ ਤਾਂ ਸਿਧਾਂਤਾਂ ਦੀ ਲੜਾਈ ਹੈ ਵਰਨਾ ਉਨ੍ਹਾਂ ਨੇ ਸਾਡਾ ਕੀ ਵਿਗਾੜਿਆ ਹੈ ?

ਸੁਆਲ—ਭਿੰਡਰਾਂਵਾਲੇ ਜਿਨ੍ਹਾਂ ਨੂੰ 'ਸੰਤ' ਕਿਹਾ ਜਾਂਦਾ ਸੀ ਆਤੰਕਵਾਦੀ ਸਰਗਰਮੀਆਂ ਵਿਚ ਕਿਉਂ ਸ਼ਾਮਲ ਹੋਏ ?

ਜੁਆਬ—ਕਿਉਂਕਿ ਉਨ੍ਹਾਂ ਨੂੰ ਦਰਬਾਰਾ ਸਿੰਘ ਨੇ ਉਤੇਜਿਤ ਕੀਤਾ। ਹਰ ਚੀਜ਼ ਨੂੰ ਬਰਦਾਸ਼ਤ ਕਰਨ ਦੀ ਕੋਈ ਹੱਦ ਹੁੰਦੀ ਹੈ। ਜੇ ਤੁਸੀਂ ਕਿਸੇ ਨੂੰ ਨੁਕਰੇ ਲਾਉਣ ਦਾ ਯਤਨ ਕਰੋਗੇ ਤਾਂ ਉਹ ਕੀ ਕਰੇਗਾ ਜਾਂ ਨਤੀਜਾ ਕੀ ਨਿਕਲੇਗਾ ?

ਸੁਆਲ -ਹੁਣ ਜਦੋਂ ਕਿ ਤੁਹਾਡੀ ਆਪਣੀ ਸਰਕਾਰ ਹੋਵੇਗੀ ਤੁਸੀਂ ਆਤੰਕਵਾਦੀਆਂ ਨਾਲ ਕਿਵੇਂ ਨਿਬੜੋਗੇ ?

ਜੁਆਬ—ਅਸੀਂ ਉਨ੍ਹਾਂ ਨਾਲ ਪਿਆਰ ਨਾਲ ਨਿਭੜਾਂਗੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜਨਤਾ ਸਰਕਾਰ ਨੇ ਐਮਰਜੈਂਸੀ ਬਾਅਦ ਨਕਸਲ-ਵਾਦੀਆਂ ਨਾਲ ਵਿਹਾਰ ਕੀਤਾ ਤੇ ਨਕਸਲਵਾਦੀ ਬਿਲਕੁਲ ਬਦਲੇ ਹੋਏ ਲੋਕ ਸਾਬਤ ਹੋਏ। ਲੋਕ ਰਾਜ ਪ੍ਰਣਾਲੀ ਵਿਚ ਉਨ੍ਹਾਂ ਦਾ ਪੂਰਾ ਵਿਸ਼ਵਾਸ ਹੋ ਗਿਆ। ਅਸੀਂ ਦਰਬਾਰਾ ਸਿੰਘ ਵਾਂਗ ਆਤੰਕਵਾਦ ਨੂੰ ਸ਼ਹਿ ਨਹੀਂ ਦਿਆਂਗੇ। **'ਪੀਪਲਜ਼ ਯੂਨੀਅਨਜ਼ ਆਫ ਸਿਵਲ ਲਿਬਰਟੀਜ਼'** ਦੀ ਰਿਪੋਰਟ ਵਿਚ ਤਾਰ-ਕੁੰਡੇ ਨੇ ਸਾਫ ਲਿਖਿਆ ਹੈ ਕਿ ਪੰਜਾਬੇ ਵਿਚ ਆਤੰਕਵਾਦ ਸਰਕਾਰੀ ਜਬਰ ਦਾ ਨਤੀਜਾ ਸੀ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਵੀ ਸਰਕਾਰ ਦੇ ਜ਼ੁਲਮ ਦੇ ਖ਼ਿਲਾਫ ਲੜੇ ਸਨ।

ਸੁਆਲ—ਤੁਸੀਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਹਵਾਲਾ ਕਿਸ ਤਰ੍ਹਾਂ ਦੇ ਸਕਦੇ ਹੋ ? ਉਹ ਕਿਸੇ ਵਿਦੇਸ਼ੀ ਹਕੂਮਤ ਦੇ ਖ਼ਿਲਾਫ ਲੜੇ ਸਨ ਤੇ

ਆਤੰਕਵਾਦੀ ਪੰਜਾਬ ਵਿਚ...।

ਜੁਆਬ—ਜ਼ੁਲਮ ਜ਼ੁਲਮ ਹੈ, ਕੋਈ ਵੀ ਸਰ-ਕਾਰ ਕਿਸੇ 'ਤੇ ਕਰੇ। (ਬਾਕੀ ਅਗਲੇ ਅੰਕ ਵਿਚ)

ਕਹਾਣੀ: ਦੀਵੇ ਵਾਂਗ ਬਲਦੀ ਅੱਖ

ਗੁਰਬਚਨ ਭੁੱਲਰ

ਉਹਨਾਂ ਦੇ ਵਿਹੜੇ ਵਿਚ ਜੁੜਦਾ-ਜੁੜਦਾ ਕਾਫੀ ਵੱਡਾ ਇਕੱਠ ਜੁੜ ਗਿਆ ਸੀ। ਪਿੰਡ ਦੇ ਕੁਝ ਪੈਂਚ ਅਤੇ ਮੋਹਰੀ ਬੰਦੇ ਉਹਨਾਂ ਨੇ ਆਪ ਸੱਦੇ ਸਨ। ਮਗਰੋਂ ਰੋਜ਼-ਰੋਜ਼ ਦੇ ਝਗੜੇ-ਝੇੜੇ ਤੋਂ ਬਚਣ ਲਈ ਫੈਸਲਾ ਉਹਨਾਂ ਸਾਹਮਣੇ ਹੋਇਆ ਹੀ ਠੀਕ ਰਹਿਣਾ ਸੀ। ਜਿਨ੍ਹਾਂ ਬੰਦਿਆਂ ਨਾਲ ਉਹਨਾਂ ਦੀ ਕੰਮ-ਧੰਦੇ ਦੀ, ਹਲ-ਗੱਡੇ ਦੀ, ਵਾਹੀ-ਗੋਡੀ ਦੀ ਸਾਂਝ ਸੀ, ਉਹ ਤਾਂ ਬੁਲਾਉਣੇ ਹੀ ਹੋਏ। ਅਜਿਹੇ ਬੰਦੇ ਪੰਚਾਇਤਾਂ ਤੋਂ ਨਾ ਖੁੱਲ੍ਹਣ ਵਾਲੀਆਂ ਗੰਢਾਂ ਵੀ, ਸਾਰੇ ਭਰਾਵਾਂ ਉੱਤੇ ਪਰਭਾਵ ਹੋਣ ਕਰਕੇ, ਸੌਖਿਆਂ ਹੀ ਖੋਲ੍ਹ ਦਿੰਦੇ ਹਨ। ਖੜਪੈਂਚ ਕਿਸਮ ਦੇ ਲੋਕ ਬਿਨਾਂ-ਸੱਦਿਆਂ ਆਪੇ ਹੀ ਆ ਗਏ ਸਨ। ਉਹਨਾਂ ਨੂੰ ਤਾਂ ਕਿਤੇ ਚਾਰ ਬੰਦੇ ਜੁੜਨ ਦੀ, ਕੋਈ ਝਗੜਾ ਜਾਂ ਝਗੜੇ ਦੀ ਸੰਭਾਵਨਾ ਹੋਣ ਦੀ ਸੋਅ ਲੱਗਣੀ ਚਾਹੀਦੀ ਹੈ, ਫੇਰ ਉਹਨਾਂ ਨੂੰ ਬੁਲਾਉਣ ਦੀ ਲੋੜ ਨਹੀਂ ਪੈਂਦੀ। ਆਪਣੀ ਚੌਧਰ ਦਿਖਾਉਣ ਲਈ ਉਹ ਸਭ ਤੋਂ ਤਮਾਸ਼ਬੀਨ, ਖੁੰਢਾਂ ਉੱਤੇ ਬੈਠੇ ਵਿਹਲੜ ਲੋਕ, ਬਹੁਤਾ ਸਮਾਂ ਘਰਾਂ ਤੋਂ ਬਾਹਰ ਬਿਤਾਉਣ ਵਾਲੇ ਬੁੱਢੇ ਅਤੇ ਅਮਲੀ। ਇਹਨਾਂ ਦਾ "ਨਾ ਕਾਹੂ ਸਿਉਂ ਦੋਸਤੀ, ਨਾ ਕਾਹੂੰ ਸਿਉਂ ਵੈਰ" ਵਾਲਾ ਹਿਸਾਬ ਹੁੰਦਾ ਹੈ। ਕਿਸੇ ਨੂੰ ਘਾਟਾ ਰਹੇ, ਕਿਸੇ ਨੂੰ ਵਾਧਾ, ਉਹਨਾਂ ਨੇ ਤਾਂ ਬੱਸ ਵਿਚ-ਵਿਚਾਲਿਉਂ ਚਸਕਾ ਲੈਣਾ ਹੁੰਦਾ ਹੈ। ਤੇ ਮਗਰੇ-ਮਗਰ ਗਲੀ-ਗੁਆਂਢ ਦੇ ਕੁਝ ਵੱਡੇ-ਛੋਟੇ ਬੱਚੇ ਵੀ ਆ ਗਏ ਸਨ। ਕਿਤੇ ਕੁਝ ਮਾੜਾ ਵਾਪਰ ਰਿਹਾ ਹੋਵੇ ਜਾਂ ਚੰਗਾ, ਗੱਲ ਖੁਸ਼ੀ ਦੀ ਹੋਵੇ ਜਾਂ ਗ਼ਮੀ ਦੀ, ਉਹ ਅੱਖਾਂ ਵਿਚ ਅਚੰਭਾ ਅਤੇ ਮਨਾਂ ਵਿਚ ਉਤਸੁਕਤਾ ਭਰ ਕੇ ਦਬਵੇਂ ਪੈਰੀਂ ਪਹੁੰਚ ਜਾਂਦੇ ਹਨ। ਪਹਿਲਾਂ ਝਿਜਕ ਕੇ ਇਕ ਪਾਸੇ ਖਲੋਤੇ ਰਹਿੰਦੇ ਹਨ, ਫੇਰ ਹੌਲੀ-ਹੌਲੀ ਨੇੜੇ ਹੁੰਦੇ ਹਨ ਅਤੇ ਅੰਤ ਨੂੰ ਭੀੜ ਵਿਚ ਜੁੜੇ ਲੋਕਾਂ ਦੀਆਂ ਲੱਤਾਂ ਵਿਚਕਾਰੋਂ ਦੀ ਅਛੋਪੋਲੇ ਹੀ ਲੰਘ ਕੇ ਅੱਗੇ ਜਾ ਖਲੋਣਾ ਆਪਣਾ ਹੱਕ ਸਮਝਦੇ ਹਨ।

ਵਿਹੜੇ ਵਿਚ ਕਾਫੀ ਵੱਡਾ ਇਕੱਠ ਤਾਂ ਜੁੜ ਗਿਆ ਸੀ, ਪਰ ਅਜੇ ਅਸਲ ਗੱਲ ਨਹੀਂ ਸੀ ਤੁਰੀ। ਸਭ ਆਪੋ-ਆਪਣੀਆਂ ਮਾਰ ਰਹੇ ਸਨ। ਕਾਵਾਂ-ਰੌਲੀ ਜਿਹੀ ਪਾਈ ਹੋਈ ਸੀ, ਜੀਹਦੇ ਵਿਚੋਂ ਕਦੀ-ਕਦੀ ਕਿਸੇ ਦੇ ਮੂੰਹੋਂ ਕਿਸੇ ਗੱਲ ਦਾ ਕੋਈ ਟੋਟਾ ਸੁਣਾਈ ਦੇ ਜਾਂਦਾ — "ਉਇ ਕਾਹਨੂੰ ਭੈੜਿਆ ... ਮਖਿਆ ਮੇਰੀ ਮੰਨ ਵੀ ... ਉਇ ਭਾਈ ਇਹ ਤਾਂ ਜਗਤ-ਰਵੀਰਾ ਅ ... ਥਪਾਕ ਦੀਆਂ ਗੀਸਾਂ ਨਹੀਂ ... ਲੈ ਤੂੰ ਮੇਰੀ ਸੁਣ ... ਮੰਨੀ ਗੱਲ, ਪਰ ਥਪਾਕ ਰਹੇ ਵੀ ... ਜਮਾਨਾ ਕਿਹੜੇ ਭਾਈ ..."

ਪੈਂਚ-ਖੜਪੈਂਚ ਮੰਜਿਆਂ ਉੱਤੇ ਬੈਠ ਗਏ ਸਨ। ਕੁਝ ਲੋਕ ਖੁਰਲੀਆਂ ਉੱਤੇ ਅਤੇ ਵਿਹੜੇ ਵਿਚ ਪਏ ਇਕ ਖੁੰਢ ਉੱਤੇ ਬੈਠ ਗਏ ਸਨ। ਬਾਕੀ ਇਧਰ-ਉਧਰ ਖਲੋਤੇ ਹੋਏ ਸਨ। ਤਿੰਨਾਂ ਵਿਚੋਂ ਵੱਡਾ ਭਰਾ ਦਿਆਲਾ ਅਤੇ ਛੋਟਾ ਪਾਲਾ ਦੋ ਵੱਖਰੇ-ਵੱਖਰੇ ਮੰਜਿਆਂ ਉੱਤੇ ਹੋਰ ਲੋਕਾਂ ਦੇ ਵਿਚਕਾਰ ਬੈਠੇ ਸਨ। ਚਾਰ ਚੁਫੇਰੇ ਕੁਝ ਨਾ ਕੁਝ ਬੋਲ ਰਹੇ ਲੋਕਾਂ ਵਿਚਾਲੇ ਉਹ ਚੁੱਪ ਸਨ। ਕੋਈ ਉਹਨਾਂ ਵਿਚੋਂ ਕਿਸੇ ਨੂੰ ਸਿੱਧਾ ਕੁਝ ਆਖਦਾ ਤਾਂ ਉਹ ਹੂੰ-ਹਾਂ ਵਿਚ ਸੰਖੇਪ ਉੱਤੇ ਦੇ ਕੇ ਚੁੱਪ ਹੋ ਜਾਂਦਾ।

ਪਰ੍ਹੇ ਚੁੱਲ੍ਹੇ-ਚੌਂਕੇ ਦੀ ਕੱਚੀ ਕੰਧੋਲੀ ਕੋਲ ਆਂਢ-ਗੁਆਂਢ ਦੇ ਘਰਾਂ ਦੀਆਂ ਪੰਜ-ਸੱਤ ਜ਼ਨਾਨੀਆਂ ਬੈਠੀਆਂ-ਖੜ੍ਹੀਆਂ ਸਨ। ਦੂਰ-ਨੇੜੇ ਕਿਧਰੇ ਵੀ ਵਾਪਰ ਰਹੀ ਹਰ ਚੰਗੀ-ਮਾੜੀ ਘਟਨਾ ਵਿਚ ਸ਼ਾਮਲ ਹੋਣ ਦੀ, ਉਹਨੂੰ ਅੱਖੀਂ ਦੇਖਣ ਦੀ ਅਤੇ, ਜੇ ਸੰਭਵ ਹੋਵੇ, ਪੰਚਾਇਤੀ ਘੋਟਣ ਦੀ ਲਾਲਸਾ ਤਾਂ ਆਖਰ ਉਹਨਾਂ ਨੂੰ ਵੀ ਹੁੰਦੀ ਹੀ ਹੈ। ਜੇ ਪੰਚਾਇਤ ਗੁਰਦੁਆਰੇ, ਧਰਮਸ਼ਾਲਾ ਜਾਂ ਸੱਥ ਵਿਚ ਜੁੜੇ, ਉਹਨਾਂ ਨੂੰ ਬੇਵਸ ਹੋ ਕੇ ਘਰ ਰਹਿਣਾ ਪੈਂਦਾ ਹੈ। ਪਰ ਜਦੋਂ ਇਕੱਠ ਕਿਸੇ ਦੇ ਘਰ ਹੋਵੇ, ਉਹ ਵੀ ਇਕ-ਇਕ ਕਰਕੇ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਪੁਰਸ਼ਾਂ ਦੀ ਪੰਚਾਇਤ ਤੋਂ ਹਟਵੀਂ ਆਪਣੀ ਪੰਚਾਇਤ ਜੋੜ ਕੇ ਬੈਠ ਜਾਂਦੀਆਂ ਹਨ। ਤੇ ਜ਼ਨਾਨੀਆਂ ਦੀ ਇਸ ਵੱਖਰੀ ਪੰਚਾਇਤ ਵਿਚ ਦਿਆਲੇ ਦੀ ਘਰ-ਵਾਲੀ ਗੁਰਨਾਮੋ ਅਤੇ ਪਾਲੇ ਦੀ ਘਰ-ਵਾਲੀ ਮਹਿੰਦਰੋ ਵੀ ਸਨ।

"ਮੈਂਗਲ ਸਿਉਂ ਕਿਥੇ ਐ?" ਸਰਪੰਚ ਨੇ ਪੁੱਛਿਆ। "ਸੱਦੋ ਭਾਈ ਉਹਨੂੰ ਹੁਣ, ਗੱਲ ਕਿਸੇ ਸਿਰੇ ਲੱਗੇ। ਹੁਣ ਤਾਂ ਸਭ ਸਿਆਣੇ ਬੰਦੇ ਆ ਗਏ।"

"ਅਥੇ ਘਰੇ ਹੀ ਸੀ, ਅੰਦਰ ਸਬਾਤ ਵਿਚ", ਦਿਆਲਾ ਬੋਲਿਆ ਅਤੇ ਫੇਰ ਉਹਨੇ ਪਾਲੇ ਨੂੰ ਕਿਹਾ, "ਸੱਦ ਲਾਂ ਉਹਨੂੰ ਅੰਦਰੋਂ। ਕੀ ਕਰਦੈ ਹੁਣ ਅੰਦਰ ਉਹ?"

ਪਾਲਾ ਸਬਾਤ ਵਿਚੋਂ ਮੈਂਗਲ ਨੂੰ ਲਿਆਉਣ ਤੁਰ ਗਿਆ। ਪੰਚ ਗੁਰਬਖ਼ਸ਼ ਸਿੰਘ ਨੇ ਸੋਹਣੇ ਅਮਲੀ ਨੂੰ, ਜੋ ਸਰਪੰਚ ਵਾਲੇ ਮੰਜੇ ਉੱਤੇ ਉਹਦੇ ਬਰਾਬਰ ਡਟਿਆ ਬੈਠਾ ਸੀ, ਕਿਹਾ, "ਸੋਹਣਾ ਸਿਆਂ, ਕੰਨ ਪਾਈ ਗੱਲ ਨ੍ਹੀਂ ਸੁਣਨ ਦਿੰਦੇ, ਭਜਾ ਦੇ ਗਾ... ਏਸ ਸਾਰੀ ਮੁੰਡੀਹਰ ਨੂੰ ਇਥੋਂ। ਇਹਨਾਂ ਦਾ ਇਥੇ ਕੀ ਕੰਮ!"

ਸੋਹਣੇ ਅਮਲੀ ਨੇ ਮੋਢੇ ਉੱਤੇ ਰਖਿਆ ਪਰਨਾ ਚਿੜੀਆਂ ਉਡਾਉਣ ਵਾਲਿਆਂ ਵਾਂਗ ਘੁਮਾਉਂਦਿਆਂ ਧਰਤੀ ਉੱਤੇ ਪੈਰਾਂ ਦਾ ਖੜਾਕ ਕੀਤਾ, "ਚਲੋ ਉਇ ਜੁਆਕੋ, ਭੱਜੋ ਇਥੋਂ!" ਤੇ ਫੇਰ ਉਹਨੇ ਵਡੇ ਬੰਦਿਆਂ ਵਿਚ ਲੁਕਦੇ ਜਾਂਦੇ ਇਕ ਮੁੰਡੇ ਨੂੰ ਬਾਹਰ ਖਿੱਚ ਕੇ ਕਿਹਾ, "ਲੁਕਦਾ ਕਿਧਰ ਐਂ? ਭੱਜ ਬਾਹਰ!... ਤੇਰੀ ਦਾਦੀ ਨੂੰ ਮੇਲੇ ਲੈ ਜਾਂ!"

"ਹੋਖਾਂ, ਭਰੀ ਪੰਚਾਇਤ ਵਿਚ ਸੁਭ-ਬਚਨ ਬੋਲਦਿਆਂ ਸੰਗ ਨ੍ਹੀਂ ਆਉਂਦੀ," ਕੰਧੋਲੀ ਕੋਲੋਂ ਨਾਮੀ ਬੁੜ੍ਹੀ ਤਿੱਖੀ ਆਵਾਜ਼ ਵਿਚ ਬੋਲੀ।

ਸੋਹਣਾ ਅਮਲੀ ਇਕ ਵਾਰ ਤਾਂ ਠਠੰਬਰ ਕੇ ਕੱਚਾ ਜਿਹਾ ਹੋ ਗਿਆ। ਉਹਨੂੰ ਕੀ ਪਤਾ ਸੀ ਕਿ ਮੁੰਡੇ ਦੀ ਦਾਦੀ ਵੀ ਨੇੜੇ ਹੀ ਬੈਠੀ ਹੋਈ ਹੈ। ਪਰ ਪੰਚਾਇਤ ਵਿਚ ਆਉਣ ਤੋਂ ਪਹਿਲਾਂ ਉਹ ਫੀਮ ਦਾ ਇਕ ਵਧੀਆ ਮਾਵਾ ਅੰਦਰ ਸੁਟ ਕੇ ਆਇਆ ਸੀ ਅਤੇ ਹੁਣ ਪੂਰੇ ਤਰਾਰੇ ਵਿਚ ਸੀ। ਛਿੱਥਾ ਪੈਣ ਦੀ ਥਾਂ ਉਹ ਹੱਸ ਕੇ ਬੋਲਿਆ, "ਕਿਉਂ ਬਈ ਨੰਬਰਦਾਰਨੀਏਂ, ਉਂ ਤਾਂ ਜੇ ਕੋਈ ਕੂਕ ਕਰੇ, ਕਹਿੰਦੀ ਰਹਿਨੀ ਐਂ ਉਚਾ ਸੁਣਦੈ, ਉਚਾ ਸੁਣਦੈ। ਮੇਲੇ ਜਾਣ ਦੀ ਗੱਲ ਝੱਟ ਸੁਣ ਗਈ ਤੈਨੂੰ!"

ਸਾਰੇ ਵਿਹੜੇ ਵਿਚ ਖਿੜ-ਖਿੜ ਹਾਸਾ ਖਿੰਡ ਗਿਆ। ਜ਼ਨਾਨੀਆਂ ਵੀ ਚੁੰਨੀ ਲਾ ਹੱਸ ਕੇ ਦੂਹਰੀਆਂ ਹੋ ਗਈਆਂ। ਕੱਚੀ ਜਿਹੀ ਹੋ ਕੇ ਨਾਮੀ ਨੇ ਕੋਈ ਮੋੜ ਤਾਂ ਕੀਤਾ, ਪਰ ਹੁਣ ਉਹਦੀ ਕੌਣ ਸੁਣਦਾ ਸੀ। ਉਹ ਖਿਝ ਕੇ ਕਾਹਲੀ-ਕਾਹਲੀ ਹਥ ਹਿਲਾ-ਹਿਲਾ ਕੇ ਕੁਝ ਆਖ ਰਹੀ ਸੀ। ਪਰ ਬਾਜ਼ੀ ਤਾਂ ਸੋਹਣਾ ਅਮਲੀ ਮਾਰ ਗਿਆ ਸੀ।

ਏਨੇ ਨੂੰ ਅੰਦਰੋਂ ਆ ਕੇ ਮੈਂਗਲ ਵੀ ਇਕ ਮੰਜੇ ਦੀ ਬਾਹੀ ਉੱਤੇ ਝਿਜਕਦਾ ਜਿਹਾ ਬੈਠ ਗਿਆ। ਸਰਪੰਚ ਨੇ ਸਭ ਨੂੰ ਚੁੱਪ ਕਰਵਾ ਕੇ ਅਸਲ ਗੱਲ ਤੋਰਨੀ ਚਾਹੀ। ਜਿਸ ਕੰਮ ਖਾਤਰ ਉਹ ਸਭ ਇਕੱਠੇ ਹੋਏ ਸਨ, ਉਹ ਤਾਂ ਅਜੇ ਸ਼ੁਰੂ ਹੀ ਨਹੀਂ ਸੀ ਕੀਤਾ ਗਿਆ। ਪਰ ਸੋਹਣੇ ਅਮਲੀ ਨੇ ਸਰਪੰਚ ਦੀ ਗੱਲ ਵਿਚੋਂ ਟੋਕ ਕੇ ਘਤਿੱਤ ਕੀਤੀ, "ਮੈਂਗਲ ਸਿਆਂ, ਭੱਜਣ ਵਾਲਿਆਂ ਵਾਂਗੂੰ ਬਾਹੀ ਉੱਤੇ ਕਿਓਂ



ਬੈਠਾ ਐਂ? ਠੀਕ ਹੋ ਕੇ ਬੈਠ ਭੈੜਿਆ। ਭਾਈਆਂ ਵਿਚ ਬਰਾਬਰ ਦਾ ਭਾਈ ਐਂ। ਬਰਾਬਰ ਦੀ ਢੇਰੀ ਦਾ ਮਾਲਕ!"

"ਬਰੋਬਰੀ ਵਿਚ ਕੋਈ ਝੂਠ ਤਾਂ ਨ੍ਹੀਂ ਬਾਬਾ ਜੀ! ਓਸੇ ਮਾਂ ਦੇ ਪੇਟੋਂ ਜਨਮਿਐ, ਜੀਹਦੇ ਪੇਟੋਂ ਦੂਜੇ ਦੋਵੇਂ ਜਨਮੇ ਸੀ", ਕੰਧੋਲੀ ਕੋਲ ਜੁੜੀ ਜ਼ਨਾਨੀਆਂ ਦੀ ਟੰਡਲੀ ਵਿਚੋਂ ਮੂਹਰੇ ਆਉਂਦਿਆਂ ਮਹਿੰਦਰੋ ਬੋਲੀ। ਉਹਨੇ ਆਪਣਾ ਛੋਟਾ ਮੁੰਡਾ ਗੁਰਜੰਟ ਨੁਆਹ-ਧੋ ਕੇ ਅਤੇ ਕਲਿੱਪ ਵਾਲਾ ਜੂੜਾ ਕਰਕੇ ਗੋਦੀ ਚੁਕਿਆ ਹੋਇਆ ਸੀ। ਘੁੰਡ ਵਿਚ ਕੱਜੇ ਹੋਏ ਉਹਦੇ ਸਾਰੇ ਚਿਹਰੇ ਵਿਚੋਂ ਨੰਗੀ ਉਹਦੀ ਖੱਬੀ ਅੱਖ ਦੀਵੇ ਵਾਂਗ ਬਲ ਰਹੀ ਸੀ।

ਸੋਹਣੇ ਅਮਲੀ ਨੂੰ ਇਸ ਮੋੜਵੇਂ ਜਵਾਬ ਦੀ ਉੱਕਾ ਹੀ ਕੋਈ ਆਸ ਨਹੀਂ ਸੀ। ਇਸ ਅਣਕਿਆਸੇ ਵਾਰ ਨਾਲ ਨਾਮੀ ਬੁੜ੍ਹੀ ਵਾਲੀ ਗੱਲ ਸਦਕਾ ਬਣੀ ਉਹਦੀ ਹਾਜ਼ਰ-ਜਵਾਬੀ ਦੀ ਸਾਰੀ ਪੈਂਠ ਜਾਂਦੀ ਰਹੀ। ਉਹ ਕੁਝ ਕਹਿਣਾ ਚਾਹੁੰਦਾ ਸੀ, ਪਰ ਕਹਿ ਨਾ ਸਕਿਆ। ਕੁਝ ਔੜਿਆ ਹੀ ਨਾ। ਆਖਰ ਕੋਈ ਹੋਰ ਬੰਦਾ ਉਹਦੀ ਮਦਦ ਲਈ ਬਹੁੜਿਆ। ਪੰਚਾਇਤ ਵਿਚੋਂ ਕਿਸੇ ਨੇ ਕਿਹਾ, "ਤੁਸੀਂ ਬੁੜ੍ਹੀਆਂ ਚੁੱਪ ਕਰੋ ਭਾਈ। ਬੰਦਿਆਂ ਨੂੰ ਗੱਲ ਕਰਨ ਦਿਉ।"

"ਤੂੰ ਵਿਚ ਜਾ ਕੇ ਕਾਹਨੂੰ ਮਗਜਾਲੀ ਮਾਰਦੀ ਐਂ, ਵੱਡੀ ਪੰਚਾਇਤਣ, ਐਧਰ ਆ ਜਾ ਚੁੱਪ ਕਰਕੇ", ਮੈਲੀ ਚਾਦਰ ਦਾ ਲਮਕਵਾਂ ਜਿਹਾ ਘੁੰਡ ਕੱਢੀ ਬੈਠੀ ਉਹਦੀ ਜਠਾਣੀ ਗੁਰਨਾਮੋ ਬੋਲੀ। "ਪੰਚਾਇਤ ਵਿਚ ਪ੍ਰਮੇਸਰ ਹੁੰਦੈ, ਜੋ ਫੈਸਲਾ ਪੰਚ ਕਰਨਗੇ, ਦੁੱਧੋਂ ਪਾਣੀ ਨਿਤਾਰ ਕੇ ਹੀ ਕਰਨਗੇ।"

"ਨੀ ਤੂੰ ਪੁਰਖਾਂ ਵਿਚ ਕਾਹਨੂੰ ਬੋਲਦੀ ਐਂ" ਕਈ ਹੋਰ ਬੁੜ੍ਹੀਆਂ ਨੇ ਵੀ ਇਕਠੀਆਂ ਨੇ ਮਹਿੰਦਰੋ ਨੂੰ ਮੱਤ ਦਿਤੀ।

"ਨਾ, ਮੈਂ ਕਾਹਨੂੰ ਬੋਲਦੀ ਆਂ", ਮਹਿੰਦਰੋ ਇਕ ਕਦਮ ਪਿਛੇ ਹਟ ਗਈ, "ਇਹ ਤਾਂ ਅਮਲੀ ਬੁੜ੍ਹਾ ਚੱਕਵੀਂ ਗੱਲ ਕਰਦਾ ਸੀ.. ਛੋਟੇ ਭਾਈ ਜੀ ਦੀ ਬਰੋਬਰੀ ਤੋਂ ਇਨਕਾਰੀ ਕੌਣ ਕਰਦੈ? ਬਰਾਬਰਾਂ ਨਾਲੋਂ ਵੀ ਵੱਧ ਐ ਏਸ ਘਰ ਵਿਚ ਇਹੇ!

ਹਾਂ, ਅੱਜ ਤਾਂ ਮੈਂਗਲ ਠੀਕ ਹੀ ਬਰਾਬਰ ਦੇ ਨਾਲੋਂ ਵੀ ਵੱਧ ਗੌਰਾ-ਭਰਾ ਲਗਦਾ ਸੀ। ਦਾਦੇ-ਲਹਿੰਦੀ ਵੀਹ ਕਿੱਲੇ ਜ਼ਮੀਨ ਉੱਤੇ ਤਿੰਨਾਂ ਭਰਾਵਾਂ ਦਾ ਬਰਾਬਰ ਦਾ ਹੱਕ ਸੀ। ਵੱਡਾ ਦਿਆਲਾ ਅਤੇ ਛੋਟਾ ਪਾਲਾ ਬਾਲ-ਬੱਚੇ ਵਾਲੇ ਸਨ, ਪਰ ਵਿਚਕਾਰਲਾ ਮੈਂਗਲ ਛੜਾ ਰਹਿ ਗਿਆ ਸੀ। ਜਦੋਂ ਵਿਹੜੇ ਵਿਚ ਜੁੜੇ ਲੋਕ ਮਨ ਹੀ ਮਨ ਵਿਚ ਤਿੰਨਾ ਭਰਾਵਾਂ ਨੂੰ ਜੋਖਦੇ, ਕਈ-ਕਈ ਬੱਚਿਆਂ ਵੱਲ ਵੇਖਦਿਆਂ ਦਿਆਲਾ ਅਤੇ ਪਾਲਾ ਜਾਇਦਾਦ ਦੇ ਪੱਖੋਂ ਹੀਣੇ-ਹੀਣੇ ਲਗਦੇ, ਪਰ ਬਰਾਬਰ ਦੀ ਢੇਰੀ ਦਾ ਮਾਲਕ ਮੈਂਗਲ ਇਕੱਲੀ ਜਾਨ ਹੋਣ ਕਰਕੇ ਭਾਰਾ-ਭਾਰਾ ਲਗਦਾ। ਆਖਰ ਜੱਟ ਦਾ ਆਪਣਾ ਭਾਰ ਤਾਂ ਕੋਈ ਹੁੰਦਾ ਹੀ ਨਹੀਂ। ਜਦੋਂ ਵੀ ਕੋਈ ਜੱਟ ਨੂੰ ਜੋਖਦਾ ਹੈ, ਉਹਨੂੰ ਤੱਕੜੀ ਦੇ ਉਹਦੇ ਵਾਲੇ ਪੱਲੜੇ ਵਿਚ ਉਹਦੇ ਨਾਲ ਹੀ ਉਹਦੀ ਜ਼ਮੀਨ ਪਾ ਕੇ ਜੋਖਿਆ ਜਾਂਦਾ ਹੈ। ਜ਼ਮੀਨ ਬਿਨਾਂ ਜੱਟ ਦਾ ਕਾਹਦਾ ਭਾਰ! ਜ਼ਮੀਨ ਬਿਨਾਂ ਜੱਟ ਦੀ ਕਾਹਦੀ ਹੋਂਦ!

ਦਿਆਲਾ ਤਾਂ ਬਿਨਾਂ ਕਿਸੇ ਨੱਸ-ਭੱਜ ਤੋਂ ਵਿਆਹਿਆ ਗਿਆ ਸੀ। ਉਹਨਾਂ ਦਿਨਾਂ ਵਿਚ ਮਸਤਾਨ ਸਿੰਘ ਦੀ ਵਾਹੀ ਵਧੀਆ ਚਲਦੀ ਸੀ। ਚੱਠਿਆਂ ਵਰਗੇ ਨਗੌਰੀ ਬਲਦ ਉਹਦੇ ਹਲ ਅੱਗੇ ਜੁੜਦੇ ਸਨ। ਤਿੰਨੇ ਮੁੰਡੇ ਕੰਮ ਵਿਚ ਉਹਦੇ ਨਾਲ ਹੱਥ ਪੁਆਉਣ ਲੱਗ ਪਏ ਸਨ। ਕਿਸਾਨ ਦੇ ਆਪਣੇ ਘਰ ਦੇ ਚਾਰ ਬੰਦੇ ਖੇਤ ਜਾਣ ਵਾਲੇ ਹੋਣ, ਉਹ ਕੀਹਦੋਂ ਲਿਆ ਜਾਂਦਾ ਹੈ! ਆਦਮੀ ਵੀ ਉਹ ਨੇਕ-ਨਾਮ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਗੱਲ ਮੈਂਗਲ ਉੱਤੇ ਆ ਕੇ ਅੜ ਗਈ ਸੀ।

ਮੈਂਗਲ ਦੇ ਸੁੱਕੜ ਜਿਹੇ ਚਿਹਰੇ ਉੱਤੇ ਮਾਤਾ ਦੇ ਦਾਗ ਕਿਸੇ ਧੀ ਵਾਲੇ ਦਾ ਮਨ ਖਲੋਣ ਨਾ ਦਿੰਦੇ। ਰਹਿੰਦੀ ਕਸਰ ਉਹਦੀ ਪੱਗ ਦਾ ਛੇਕੜਲਾ ਲੜ ਪੂਰੀ ਕਰ ਦਿੰਦਾ, ਜੀਹਨੂੰ ਬਿਨਾਂ ਟੰਗਿਆਂ ਹੀ ਉਹ ਸਾਰੀ ਪੱਗ ਦੇ ਉੱਤੋਂ ਦੀ ਮੋਢਿਆਂ ਉੱਤੇ ਵਿਛਾ ਲੈਂਦਾ ਸੀ। ਕਰੂਪ ਹੋਣ ਦੇ ਨਾਲ-ਨਾਲ ਉਹ ਕੁਝ ਜੱਭਲ ਜਿਹਾ ਵੀ ਲਗਦਾ। ਵਿਚੋਲਿਆਂ ਦਾ ਲਿਆਂਦਾ ਜੇ ਕੋਈ ਮੈਂਗਲ ਨੂੰ ਦੇਖਣ ਆਉਂਦਾ ਵੀ, ਉਹ ਤੁਰਨ ਲਗਿਆਂ ਕੰਨ ਵਿਚ ਫੂਕ ਮਾਰ ਜਾਂਦਾ, "ਛੋਟੇ ਨੂੰ ਤਾਂ ਰੁਪਈਆ ਭਾਵੇਂ ਹੁਣੇ ਫੜ ਲਉ, ਇਹ ਮੁੰਡਾ ਤਾਂ ..."

ਕਈ ਸਾਲ ਮਸਤਾਨ ਸਿੰਘ ਅਤੇ ਕਿਸ਼ਨੋ ਮੈਂਗਲ ਨੂੰ ਵਿਆਹੁਣ ਲਈ ਹੱਥ-ਪੈਰ ਮਾਰਦੇ ਰਹੇ। ਮਸਤਾਨ ਸਿੰਘ ਸਾਕ-ਸਕੀਰੀਆਂ ਵਾਲਿਆਂ ਨੂੰ ਆਖਦਾ ਅਤੇ ਮਿਤਰਾਂ-ਵਾਕਫਾਂ ਉੱਤੇ ਜ਼ੋਰ ਪਾਉਂਦਾ। ਕਿਸ਼ਨੋ ਪਿੰਡ ਦੀਆਂ ਸਾਕ ਕਰਵਾਉਣ ਲਈ ਮਸ਼ਹੂਰ ਜ਼ਨਾਨੀਆਂ ਦੇ ਘਰੀਂ ਗੇੜੇ ਮਾਰਦੀ। ਉਹ ਵਿਚੋਲੀਗਿਰੀ ਲਈ ਭਾਰੀਆਂ ਛਾਪਾਂ, ਵਧੀਆਂ ਸੂਟ ਅਤੇ ਮੋਟੋ ਧੁੱਸਿਆਂ ਦਾ ਲਾਲਚ ਦਿੰਦੀ। ਉਹ ਅੱਧ ਕੁ ਦੀ ਹੋ ਕੇ, ਤਰਲਾ ਕਰਨ ਵਲਿਆਂ ਵਾਂਗ ਆਖਦੀ, "ਭੈਣੇ, ਮੈਂ ਤਾਂ ਤੇਰਾ ਅਹਿਸਾਨ ਸਾਰੀ ਉਮਰ ਨ੍ਹੀਂ ਭੁਲਦੀ। ਇਕ ਵਾਰੀਂ ਮੁੰਡੇ ਦੀ ਰੋਟੀ ਪੱਕਦੀ ਹੋ ਜਾਵੇ। ਇਕ ਵਾਰੀਂ ਤੀਜੀ ਬਹੂ ਘਰ ਆ ਜਾਵੇ। ਉਠਦੀ-ਬੈਠਦੀ ਤੇਰੇ ਗੁਣ ਗਾਊਂ। ਕੱਚੇ ਧਾਗੂੰ ਨਾਲ ਪਾਣੀ ਭਰੂੰ ਤੇਰਾ!" ਪਰ ਰੱਬ ਜਾਣੇ, ਮਸਤਾਨ ਸਿੰਘ ਅਤੇ ਕਿਸ਼ਨੋ ਦੀ ਕਿਸਮਤ ਵਿਚ ਕੋਈ ਫਰਕ ਸੀ ਜਾਂ ਮੈਂਗਲ ਦੀ ਕਿਸਮਤ ਵਿਚ, ਕਿਤੇ ਵੀ ਕੋਈ ਚਾਰਾ ਨਾ ਚੱਲਿਆ। ਅਖੀਰ ਇਹ ਸੋਚ ਕੇ ਇਹਨੂੰ ਵਿਆਹੁੰਦੇ-ਵਿਆਹੁੰਦੇ ਕਿਤੇ ਛੋਟਾ ਵੀ ਖੁੰਝ ਨਾ ਜਾਵੇ, ਉਹਨਾਂ ਨੇ ਪਾਲੇ ਲਈ ਰੁਪਈਆ ਫੜ ਲਿਆ।

ਛੋਟਾ ਭਰਾ ਵਿਆਹੇ ਤੋਂ ਮਗਰੋਂ ਵੱਡੇ ਨੂੰ ਕੌਣ ਪੁੱਛਦਾ ਹੈ। ਤੇ ਲੋਕਾਂ ਦੇ ਇਸ ਸ਼ੰਕੇ ਦਾ ਆਧਾਰ ਵੀ ਤਾਂ ਹੁੰਦਾ ਹੈ ਕਿ ਵੱਡਾ ਅਣ-ਵਿਆਹਿਆ ਛੱਡ ਕੇ ਛੋਟਾ ਵਿਆਹਿਆ ਗਿਆ, ਉਹਦੇ ਵਿਚ ਕੋਈ ਕਸਰ, ਕੋਈ ਊਣ, ਕੋਈ ਕਜ ਤਾਂ ਹੋਵੇਗਾ ਹੀ! ਐਵੇਂ ਹੀ ਤਾਂ ਨਹੀਂ ਕੰਵਾਰਾ ਰਹਿ ਗਿਆ। ਸੋ ਮੈਂਗਲ ਰਹਿੰਦਾ-ਰਹਿੰਦਾ ਰਹਿ ਹੀ ਗਿਆ। ਹੁਣ ਉਹ ਕੰਵਾਰਾ ਨਹੀਂ, ਛੜਾ ਸੀ।

ਮਸਤਾਨ ਸਿੰਘ ਦੇ ਮਰਨ ਮਗਰੋਂ ਇਕੱਲੀ ਕਿਸ਼ਨੋ ਤਰਲੇ ਲੈਂਦੀ ਰਹੀ। ਹੁਣ ਤਾਂ ਉਹ ਜੱਟ ਵਾਲੀ ਟੈਂ ਨੂੰ ਲਾਂਭੇ ਛੱਡ ਕੇ ਬਹੁਤ ਹੇਠਾਂ ਉਤਰ ਆਈ ਸੀ। ਹੁਣ ਤਾਂ ਉਹ ਸੋਚਦੀ, ਕਿਤੋਂ ਕੋਈ ਮੁੱਲ ਦੀ ਤੀਵੀਂ ਦੀ ਹੀ ਗੱਲ ਬਣ ਜਾਵੇ! ਪਰ ਜੇ ਕੋਈ ਗੱਲ ਕਿਤੇ ਤੁਰਦੀ ਵੀ, ਪਤਾ ਨਹੀਂ ਕੌਣ ਭਾਨੀ ਮਾਰ ਆਉਂਦਾ। ਗੱਲ ਬਣਦੀ-ਬਣਦੀ ਰਹਿ ਜਾਂਦੀ। ਕਿਸ਼ਨੋ ਮੱਥੇ ਉੱਤੇ ਹੱਥ ਮਾਰਦੀ, "ਮੇਰੇ ਭਾਗ ਮਾੜੇ, ਨਾਲੇ ਮਾੜੇ ਏਸ ਚੰਦਰੇ ਦੇ।" ਤੇ ਉਹ ਰੱਬ ਨੂੰ ਉਲਾਂਭਾ ਦਿੰਦੀ, "ਓਸੇ ਕੁੱਖੋਂ ਪੈਦਾ ਕਰਕੇ ਤੂੰ ਇਹਨੂੰ ਕਰਮਾਂ ਦਾ ਹੀਣਾ ਕਾਹਤੋਂ ਰਖਿਆ ਵੇ ਡਾਢਿਆ!"

ਮੈਂਗਲ ਨੂੰ ਕਿਸ਼ਨੋ ਦੇ ਏਸ ਰੋਜ਼-ਰੋਜ਼ ਦੇ ਰੁਦਣ ਤੋਂ ਬੜੀ ਹੀ ਸ਼ਰਮ ਆਉਂਦੀ। ਭਰਜਾਈਆਂ ਸਾਹਮਣੇ ਇਉਂ ਉਹ ਆਪਣੇ ਆਪ ਨੂੰ ਹੋਰ ਵੀ ਹੀਣਾ ਹੋਇਆ ਸਮਝਦਾ। ਕਈ ਵਾਰ ਉਹ ਅੱਕ ਕੇ ਅਤੇ ਛਿੱਥਾ ਜਿਹਾ ਪੈ ਕੇ ਬੋਲਦਾ, "ਐਵੇਂ ਨਾ ਤੂੰ ਬੇਬੇ ਆਥਣ-ਉਗਣ ਕੀਰਨੇ ਜਿਹੇ ਪਾਇਆ ਕਰੇਂ ਮੈਨੂੰ ਨਹੀਂ ਲੋੜ ਤੇਰੇ ਲਿਆਂਦੇ ਇਹੋ ਜਿਹੇ ਡੋਲਿਆਂ ਦੀ!" ਤੇ ਉਹ ਉਠ ਕੇ ਘਰੋਂ ਬਾਹਰ ਨਿਕਲ ਜਾਂਦਾ।

ਕਿਸ਼ਨੋ ਉਹਦੀ ਜਾਂਦੀ ਦੀ ਪਿਠ ਵੱਲ ਦੇਖਦਿਆਂ ਹਾਉਕਾ ਭਰਦੀ, "ਵੇ ਨਿਕਰਮਿਆਂ, ਸਾਰੀ ਉਮਰ ਦੋ ਬੁਰਕੀਆਂ ਟੁੱਕ ਖਾਤਰ ਦੂਜਿਆਂ ਦੇ ਹੱਥਾਂ ਵੱਲ ਝਾਕੇਂਗਾ ਵੇ ... ਕਿਸੇ ਨੇ ਨ੍ਹੀਂ ਪੁੱਛਣਾ ਵੇ ਪੁੱਤਾ!"

ਇਕ-ਦੋ ਸਾਕ ਮਹਿੰਦਰੋ ਵੀ ਲਿਆਈ। ਇਕ ਵਾਰ ਉਹਦਾ ਮਾਮਾ ਆਪਣੇ ਪਿੰਡੋਂ ਕਿਸੇ ਧੀ-ਵਾਲੇ ਨੂੰ ਲੈ ਕੇ ਆਇਆ, ਮੁੰਡਾ ਉਹਦੇ ਪਸੰਦ ਸੀ, ਬੱਸ ਉਹਨੇ ਆਪਣੇ ਭਣੋਈਏ ਅਤੇ ਸਾਲੇ ਦੀਆਂ ਨਜ਼ਰਾਂ ਵਿਚੋਂ ਕਢਵਾਉਣਾ ਸੀ। ਪਰ ਉਹਨੇ ਮੁੜ ਕੇ ਕੋਈ ਪਤਾ ਨਾ ਦਿੱਤਾ। ਮਹਿੰਦਰੋ ਦੀ ਮਸਾਣੀ ਦੇ ਪੁੱਤ ਵਲੋਂ ਲਿਆਂਦੇ ਗਏ ਧੀ-ਵਾਲੇ ਦੇ ਤਾਂ ਕੋਈ ਸਾਲਾ-ਭਣੋਈਆ ਵੀ ਨਹੀਂ ਸੀ। ਮੁੰਡਾ ਉਹਨੂੰ ਜਚ ਗਿਆ ਸੀ, ਬੱਸ ਉਹਨੇ ਸਾਰਾ ਕੁਝ ਦੱਸ ਕੇ ਘਰ-ਦਿਆਂ ਦੀ ਸਹਿਮਤੀ ਲੈਣੀ ਸੀ। ਉਹ ਵੀ ਚੁੱਪ ਹੀ ਧਾਰ ਗਿਆ।। ਮਹਿੰਦਰੋ ਦੇ ਫੁੱਫੜ ਨਾਲ ਆਇਆ ਧੀ-ਵਾਲਾ ਤਾਂ ਕੋਈ ਚੰਗਾ ਦਿਨ ਕਢਵਾ ਕੇ ਆਉਣ ਦਾ ਇਕਰਾਰ ਤੱਕ ਕਰ ਗਿਆ ਸੀ। ਪਰ ਕੁਝ ਦਿਨਾਂ ਮਗਰੋਂ ਉਹਦੀ ਹਰੇਕ ਸਕੀਰੀ ਵਿਚੋਂ ਇਹੋ ਜਵਾਬ ਆ ਜਾਂਦਾ ਕਿ ਕੁੜੀ-ਵਾਲੇ ਕੋਲ ਕਿਸੇ ਨੇ ਭਾਨੀ ਮਾਰ ਦਿੱਤੀ। ਸੋਚ-ਸੋਚ ਕੇ ਵੀ ਕਿਸੇ ਨੂੰ ਸਮਝ ਨਾ ਪੈਂਦੀ ਕਿ ਉਹਨਾਂ ਦੇ ਟੱਬਰ ਦੇ ਏਨਾਂ ਵੈਰ ਕੌਣ ਪੈ ਗਿਆ ਸੀ, ਜੋ ਭਾਨੀ ਮਾਰਨ ਲਈ ਹਰ ਥਾਂ ਜਾ ਪਹੁੰਚਦਾ ਸੀ। ਮਹਿੰਦਰੋ ਵਿਚਾਰੀ ਤਾਂ ਪੂਰਾ ਜ਼ੋਰ ਲਾ ਰਹੀ ਸੀ ਕਿ ਮੈਂਗਲ ਦਾ ਚੁੱਲ੍ਹਾ ਵੀ ਤਪਦਾ ਹੋ ਜਾਵੇ, ਪਰ ਪਤਾ ਨਹੀਂ ਕੀਹਦੀਆਂ ਭਾਨੀਆਂ ਦੇ ਭਜਾਏ ਹੋਏ ਸਭ ਭੱਜ ਜਾਂਦੇ।

ਜਿੰਨਾ ਚਿਰ ਕਿਸ਼ਨੋ ਬੈਠੀ ਰਹੀ, ਸਾਂਝਾ ਘਰ ਕਿਵੇਂ ਨਾ ਕਿਵੇਂ ਤੁਰਦਾ ਰਿਹਾ। ਕਿਸ਼ਨੋ ਦੇ ਅੱਖਾਂ ਮੀਟਦਿਆਂ ਹੀ ਸਭ ਕੁਝ ਖਿੰਡ-ਪੁੰਡ ਗਿਆ।

ਗੁਰਨਾਮੋ ਰੋਜ਼ ਰਾਤ ਨੂੰ ਦਿਆਲੇ ਕੋਲ ਮਹਿੰਦਰੋ ਦੀਆਂ ਵਧੀਕੀਆਂ ਦੀ ਕਥਾ ਲੈ ਬੈਠਦੀ। ਘਰ ਦਾ ਬਹੁਤਾ ਕੰਮ ਗੁਰਨਾਮੋ ਨੂੰ ਕਰਨਾ ਪੈਂਦਾ। ਹਰੇਕ ਕੰਮ ਦਾ ਭਾਰਾ ਪੱਖ ਉਹਦੇ ਹਿੱਸੇ ਆਉਂਦਾ, ਹੌਲਾ ਮਹਿੰਦਰੋ ਦੇ। ਮਹਿੰਦਰੋ ਘਰ ਵਿਚ ਬਹੁਕਰ ਮਾਰ ਕੇ ਗੋਹੇ-ਕੂੜੇ ਦੇ ਟੋਕਰੇ ਭਰਦੀ, ਗੁਰਨਾਮੋ ਚੁੱਕ ਕੇ ਰੂੜੀ ਉੱਤੇ ਸੁੱਟਣ ਜਾਂਦੀ। ਮਹਿੰਦਰੋ ਆਟਾ ਗੁੰਨ੍ਹਦੀ ਅਤੇ ਹਾਰੀ ਵਿਚ ਗੋਹੇ ਪਾ ਕੇ ਦਾਲ ਦਾ ਤਪਲਾ ਧਰਦੀ, ਗੁਰਨਾਮੋ ਰੋਟੀਆਂ ਦੀ ਥਹੀ ਪਕਾਉਂਦੀ। ਮਹਿੰਦਰੋ ਟੋਕਰੇ ਵਿਚ ਰੋਟੀਆਂ, ਦਾਲ ਤੇ ਲੱਸੀ ਰਖਦੀ ਅਤੇ ਗੰਢੇ ਦੇ ਪੱਤ ਵਰਗਾ ਦੁਪੱਟਾ, ਜ਼ੰਜੀਰੀ ਵਾਲੀ ਕੁੜਤੀ, ਪੱਟਾਂ ਨਾਲ ਖਹਿੰਦੀ ਸਲਵਾਰ ਤੇ ਕੱਢਵੀਂ ਜੁੱਤੀ ਪਾ ਕੇ ਪਿੰਡ ਵਿਚੋਂ ਦੀ ਆਪਣੀ ਜਵਾਨੀ ਦਾ ਪਰਦਰਸ਼ਨ ਕਰਦੀ ਹੋਈ ਖੇਤ ਨੂੰ ਤੁਰ ਜਾਂਦੀ, ਗੁਰਨਾਮੋ ਸਾਰੇ ਟੱਬਰ ਦੇ ਕੱਪੜੇ ਧੋਣ ਬੈਠਦੀ। ... ਗੁਰਨਾਮੋ ਦਿਆਲੇ ਨੂੰ ਆਖਦੀ, ਉਹ ਕੰਮ ਤਾਂ ਮਹਿੰਦਰੋ ਦੇ ਹਿਸੇ ਦੀ ਵੀ ਆਪ ਕਰ ਲਵੇ, ਪਰ ਉਹਤੋਂ ਉਹਦੀਆਂ ਚੁਸਤ-ਚਲਾਕੀਆਂ ਨਹੀਂ ਝੱਲੀਆਂ ਜਾਂਦੀਆਂ। ਉਹ ਕੰਮ ਘੱਟ ਕਰਦੀ ਸੀ, ਚੰਗਾ ਪਹਿਨਦੀ ਸੀ ਅਤੇ ਚੰਗਾ ਖਾਂਦੀ ਸੀ, ਪਰ ਮੰਦਾ ਬੋਲਦੀ ਸੀ ਅਤੇ ਟੈਂ ਬਹੁਤੀ ਦਿਖਾਉਂਦੀ ਸੀ।

ਮਹਿੰਦਰੋ ਸਮਝਦੀ ਸੀ ਕਿ ਦਿਆਲੇ ਦੀ ਔਲਾਦ ਵੱਡੀ ਹੋ ਰਹੀ ਸੀ। ਭਲਕੇ ਜੇਠੀ ਕੁੜੀ ਦਾ ਵਿਆਹ ਕਰਨਾ ਹੋਵੇਗਾ। ਉਹ ਸਾਂਝੇ ਘਰ ਵਿਚੋਂ ਕਿਉਂ ਹੋਵੇ? ਉਹਦੇ ਆਪਣੇ ਬੱਚਿਆਂ ਦੇ ਜਵਾਨ ਹੋ ਕੇ ਵਿਆਹੇ ਜਾਣ ਤੱਕ ਤਾਂ ਘਰ ਦੀ ਸਾਂਝ ਨਿਭ ਹੀ ਨਹੀਂ ਸੀ ਸਕਣੀ। ਰਾਤ ਨੂੰ ਉਹ ਪਾਲੇ ਨੂੰ ਉਹਦਾ ਬੁੱਧੂ ਹੋਣਾ ਰੜਕਾਉਂਦੀ ਰਹਿੰਦੀ। ਉਹ ਆਖਦੀ ਕਿ ਉਹਨੂੰ ਅੱਗਾ ਦਿਸ ਕਿਉਂ ਨਹੀਂ ਸੀ ਰਿਹਾ। ਬੰਦਾ ਤਾਂ ਉਹੀ ਹੁੰਦਾ ਹੈ ਜਿਹੜਾ ਭਲਕੇ ਦੀ ਸੋਚੇ। ਕੰਮ ਵਿਚ ਉਹ ਦੋਵੇਂ ਹੀ ਹੱਡ ਤਾਂ ਦਿਆਲੇ ਅਤੇ ਗੁਰਨਾਮੋ ਵਾਂਗ ਹੀ ਤੁੜਵਾ ਰਹੇ ਸਨ, ਪਰ ਟੱਬਰ ਪਲ ਰਿਹਾ ਸੀ ਵੱਡਿਆਂ ਦਾ। ਉਹ ਪਾਲੇ ਨੂੰ ਅੱਡ ਹੋ ਜਾਣ ਲਈ ਚੁੱਕਾਂ ਦਿੰਦੀ ਰਹਿੰਦੀ। ਉਹ ਸਮਝਦੀ ਸੀ ਕਿ ਉਹ ਅੱਡ ਹੋ ਕੇ ਸਰਦਾਰੀ ਭੋਗ ਸਕਦੇ ਸਨ।

ਮੈਂਗਲ ਨੂੰ ਤਾਂ ਮਾਂ ਤੋਂ ਮਗਰੋਂ ਘਰ ਵਿਚੋਂ ਆਪਣਾ ਸੀਰ ਹੀ ਮੁੱਕ ਗਿਆ ਲਗਦਾ ਸੀ। ਉਹ ਤਾਂ ਜਿਵੇਂ ਅਚਾਨਕ ਵਾਧੂ ਹੋ ਕੇ ਰਹਿ ਗਿਆ ਸੀ। ਸ਼ਰੀਕਾਂ ਦਾ ਗੋਲਾ-ਧੰਦਾ ਕਰੇ ਅਤੇ ਦੋ ਵੇਲੇ ਮੰਨੀਆਂ ਛਕੇ। ਕੀ ਸੀ ਉਹਦਾ ਏਸ ਘਰ ਵਿਚ ਹੁਣ, ਜੀਹਦੀ ਖਾਤਰ ਉਹ ਜਾਨ ਤੋੜ ਕੇ ਮਿਹਨਤ ਕਰੇ! ਉਹਦਾ ਕੰਮ ਵਿਚ ਦਿਲ ਨਾ ਲਗਦਾ। ਉਹ ਖੇਤ ਜਾਣੋਂ ਕਤਰਾਉਂਦਾ।

ਕਲੇਸ਼ ਸਭ ਦੇ ਦਿਲਾਂ ਵਿਚ ਅੰਦਰੇ-ਅੰਦਰ ਦਿਨੋ-ਦਿਨ ਵਧਦਾ ਹੀ ਜਾਂਦਾ ਸੀ।

ਮੈਂਗਲ ਕਦੀ ਕਿਸੇ ਭਤੀਜੇ-ਭਤੀਜੀ ਨੂੰ ਗੋਦੀ ਚੁੱਕ ਕੇ ਜਾਂ ਉਂਗਲ ਲਾ ਕੇ ਘਰੋਂ ਬਾਹਰ ਨਿਕਲਦਾ ਤਾਂ ਲੋਕ ਚੋਖਰੀਆਂ ਆਰਾਂ ਚੁਭੋਂਦੇ, "ਐਵੇਂ ਹੀ ਚਾਕਾਂ ਕੁੜਾਉਣੈਂ ਕਿ ਭਰਜਾਈਆਂ ਰੋਟੀ-ਟੁੱਕ ਵੀ ਚੱਜ ਨਾਲ ਦਿੰਦੀਆਂ ਨੇ!"

ਮੈਂਗਲ ਦਾ ਥੁੱਕ ਅਜਿਹੇ ਮੌਕੇ ਸੰਘ ਵਿਚ ਅੜ ਜਾਂਦਾ। ਉਹਨੂੰ ਕੋਈ ਜਵਾਬ ਨਾ [redacted]

ਗੁਰਨਾਮੋ ਸਾਹਮਣੇ ਤਾਂ ਵੱਡੀ ਹੋਣ ਕਰਕੇ, ਮੈਂਗਲ ਪਹਿਲੇ ਦਿਨੋਂ ਨੀਵੀਂ ਪਾ ਕੇ ਰੱਖਦਾ ਸੀ। ਉਹ ਦਿਆਲੇ ਤੋਂ ਕਈ ਸਾਲ ਛੋਟਾ ਸੀ। ਵਿਚਕਾਰ ਦੋ ਕੁੜੀਆਂ ਹੋਈਆਂ ਸਨ ਅਤੇ ਇਕ ਮੁੰਡਾ ਝੁਰ ਗਿਆ ਸੀ। ਜਦੋਂ ਗੁਰਨਾਮੋ ਵਿਆਹੀ ਆਈ ਸੀ, ਮੈਂਗਲ ਅਜੇ ਨਿਆਣਾ ਹੀ ਸੀ। ਓਦੋਂ ਤੋਂ ਬੱਸ ਐਵੇਂ ਇਕ ਝਿਜਕ ਜਿਹੀ ਪੈ ਗਈ ਸੀ ਅਤੇ ਉਹ ਪਈ ਹੀ ਰਹੀ ਸੀ। ਗੁਰਨਾਮੋ ਦੀ ਜਵਾਨੀ ਵੀ ਪਹਿਲੇ ਸਾਲਾਂ ਵਿਚ ਹੀ ਸਾਂਝੇ ਘਰ ਵਿਚ ਜਾਨ ਤੋੜ ਕੇ ਕੰਮ ਕਰਦਿਆਂ ਢਲ ਗਈ ਸੀ। ਉਂਜ ਵੀ ਉਹਦਾ ਰੰਗ ਪੱਕਾ ਅਤੇ ਸਰੀਰ ਢਿੱਲਾ ਜਿਹਾ ਤੇ ਫੁੱਲਵਾਂ ਸੀ।

(ਬਾਕੀ ਪੰਨਾ 12 ਉੱਤੇ)

ਪੁਸਤਕ ਪੜਚੋਲ

ਪੁਸਤਕ : ਖੱਟਣ ਗਏ ਪਰਦੇਸ

ਸੰਪਾਦਕ : ਮਹਿੰਦਰ ਸੂਮਲ

ਮੁੱਲ : 20 ਡਾਲਰ, ਸਫੇ : 96, ਆਰਟ ਪੇਪਰ

ਪ੍ਰਕਾਸ਼ਕ : ਲੋਕ ਕਲਾ ਕੇਂਦਰ ਵੈਨਕੂਵਰ (ਬੀ. ਸੀ.)

ਪਰਦੇਸ ਪਹੁੰਚ ਕੇ ਅਪਣੀ ਮਿੱਟੀ ਦਾ ਮੋਹ ਅਤੇ ਉਸ ਤੋਂ ਵਿਛੜਨ ਦਾ ਦਰਦ ਭਾਵੁਕ, ਸੁਚੇਤ ਮਨਾਂ ਵਿਚ ਕਈ ਗੁਣਾਂ ਵਧ ਜਾਂਦਾ ਹੈ। ਜੋ ਕੁੱਝ ਬੰਦੇ ਦੇ ਨੇੜੇ ਹੋਵੇ ਜਾਂ ਉਸ ਨੂੰ ਪਰਾਪਤ ਹੋਵੇ, ਉਸਦੀ ਖੂਬਸੂਰਤੀ ਅੱਖਾਂ ਦੇ ਬਹੁਤ ਨੇੜੇ ਹੋਣ ਕਰਕੇ ਅਪਣੇ ਪੂਰੇ ਜਲਾਲ ਵਿਚ ਨਹੀਂ ਦਿਸਦੀ।

ਰੁਜ਼ਗਾਰ ਲਈ ਜਦੋਂ ਅਸੀਂ ਕਾਮੇ ਲੋਕ ਕਿਸੇ ਪਰਾਈ ਧਰਤੀ ਉੱਤੇ ਅਪੜਦੇ ਹਾਂ ਤਾਂ ਵਤਨ ਲਈ ਉਦਰੇਵਾਂ ਗੀਤ ਬਣ ਕੇ ਕੂਲਾਂ ਵਾਂਗ ਵਗ ਤੁਰਦਾ ਹੈ। ਅਜੇਹੀਆਂ ਅਨੇਕਾਂ ਕੂਲਾਂ ਦੇ ਪਾਣੀਆਂ ਨੂੰ ਕਵੀ ਮਹਿੰਦਰ ਸੂਮਲ ਨੇ "ਖੱਟਣ ਗਏ ਪਰਦੇਸ" ਦੇ ਰੂਪ ਵਿਚ ਇਕੱਠਿਆ ਕਰ ਦਿਤਾ ਹੈ। ਇਸ ਖੂਬਸੂਰਤ ਸਰੋਵਰ ਲਈ ਜੀਵਨ ਦੇ ਅਨੇਕਾਂ ਝਿਲਮਲਾਂਦੇ ਪਲਾਂ ਨੇ ਅਪਣਾ ਆਪਾ ਨਿਛਾਵਰ ਕੀਤਾ ਹੈ।

ਕਵੀਆਂ ਨੇ ਜੀਵਨ ਦੇ ਅਨੇਕਾਂ ਦੁੱਖਾਂ ਸੁੱਖਾਂ ਦਾ ਬਿਆਨ ਸਾਧਾਰਨ ਲੋਕਾਂ ਦੇ ਨੇੜੇ ਰਹਿਣ ਲਈ ਲੋਕ ਗੀਤਾਂ ਦੀ ਬੋਲੀ ਵਿਚ ਕੀਤਾ ਹੈ। ਲੋਕ-ਪਿਆਰੇ ਛੰਦ ਅਤੇ ਤੋਲ ਵਰਤੇ ਹਨ, ਜਿਵੇਂ ਟੱਪੇ ਅਤੇ ਬੋਲੀਆਂ। ਲੋਕ ਗੀਤਾਂ ਦੇ ਇਹ ਤੋਲ ਵਰਤਣ ਦਾ ਕਾਰਨ ਇਹ ਵੀ ਹੈ ਕਿ ਇਹ ਸਾਰੀਆਂ ਰਚਨਾਵਾਂ **ਕੈਨੇਡਾ** ਵਿਚਲੀਆਂ ਅਨੇਕਾਂ ਭੰਗੜਾ ਟੀਮਾਂ ਨੇ ਹਜ਼ਾਰਾਂ ਲੋਕਾਂ ਦੇ ਇਕੱਠਾਂ ਵਿਚ ਪੇਸ਼ ਕਰਕੇ ਹੱਕੀ ਵਾਹਵਾ ਖੱਟੀ ਹੈ।

ਕੈਨੇਡਾ ਵਿਚ **ਭੰਗੜੇ** ਦੀ 1971 ਤੋਂ ਪਿਛੋਂ ਦੇ ਰੰਗਾ ਰੰਗ ਇਤਿਹਾਸ ਦੇ ਹਰ ਪੜਾ ਨਾਲ ਮਹਿੰਦਰ ਸੂਮਲ ਦਾ ਨਾਂ ਜੁੜਿਆ ਹੋਇਆ ਹੈ। ਉਸਨੇ ਇਸ ਖਾਤਰ ਭੰਗੜਾ ਪਾਣ ਵਾਲੇ ਕਲਾਕਾਰਾਂ ਨੂੰ ਇਕੱਠਾ ਕੀਤਾ, ਨਵੇਂ ਗੱਭਰੂਆਂ ਅਤੇ ਬੱਚਿਆਂ ਨੂੰ ਲਗਾਤਾਰ ਸਿਖਲਾਈ ਦੇ ਕੇ ਉਨ੍ਹਾਂ ਦੇ ਅੰਦਰਲੀ ਕਲਾ ਨੂੰ ਜਗਾਇਆ। ਉਸਨੇ ਵੈਨਕੂਵਰ ਤੋਂ ਬਾਹਰ ਕੈਨੇਡਾ ਦੇ ਹੋਰ ਸ਼ਹਿਰਾਂ ਜਿਵੇਂ ਸਰੀ, ਪ੍ਰਿੰਸ ਜਾਰਜ, ਪ੍ਰਿੰਸ ਰੂਪਰਟ, ਕਾਲਗਰੀ, ਐਡਮਿੰਨਟਨ ਵਿਚਲੇ ਕਲਾਕਾਰਾਂ ਨਾਲ ਤਾਲ ਮੇਲ ਪੈਦਾ ਕਰਕੇ ਓਥੇ ਭੰਗੜਾਂ ਟੀਮਾਂ ਨਾਲ ਸਾਂਝੇ ਪਰੋਗਰਾਮ ਦਿਤੇ

ਪੰਜਾਬ ਦੇ ਲੋਕ-ਸਭਿਆਚਾਰ ਦਾ ਪਰਤੀਕ : ਭੰਗੜਾ ਜੇ ਬੰਬਈ ਵਿਚ ਲੋਕ ਪਿਆਰਾ ਹੈ ਤਾਂ ਓਵੇਂ ਵੈਨਕੂਵਰ ਦੇ ਪੰਜਾਬੀ ਅਤੇ ਗੈਰ ਪੰਜਾਬੀ ਦਰਸ਼ਕਾਂ ਦੇ ਪੈਰ ਵੀ ਨੱਚਣ ਲਾ ਦਿੰਦਾ ਹੈ।

ਪੰਦਰਾਂ ਸਾਲ ਪਿਛੋਂ ਕੈਨੇਡਾ ਦੀ ਲੋਕ ਸਭਿਆਚਾਰਕ ਲਹਿਰ ਦੇ ਬੂਟੇ ਦੀ ਸਿਖਰ ਉੱਤੇ ਇਕ ਫੁੱਲ ਖਿੜਿਆ, ਉਹ ਹੈ ਹਥਲੀ ਪੁਸਤਕ "ਖੱਟਣ ਗਏ ਪਰਦੇਸ"। **ਇਸ ਵਿਚਲੀਆਂ** ਰਚਨਾਵਾਂ ਵਿਚ ਜੀਵਨ ਦੀਆਂ ਸਾਰੀਆਂ ਕੁੜੱਤਣਾਂ ਅਤੇ ਸਾਰੀ ਮਿਠਾਸ ਦੇ ਅਨੇਕਾਂ ਰੂਪ-ਸ਼ਾਮਿਲ ਹਨ। ਇਨ੍ਹਾਂ ਵਿਚ ਵਤਨ ਤੋਂ ਦੂਰ ਹੋਂਣ ਦਾ ਉਦਰੇਵਾਂ ਹੈ. ਬੱਚਿਆਂ ਵਿਚ ਮਾਂ ਬੋਲੀ ਨਾ ਬੋਲ ਸਕਣ ਦੀ ਘਾਟ ਦੀ ਪੀੜ ਹੈ, ਸੋਲਾਂ ਪੜ੍ਹੀਆਂ ਮੁਟਿਆਰਾਂ ਦੇ ਖੇਤਾਂ ਦੇ ਔਖੇ ਕੰਮ ਵਿਚ ਕਾਮੇ ਦੀ ਲੁੱਟ ਹੈ, ਅਤੇ ਬਿਗਾਨੇ ਨਸਲਵਾਦੀ ਗੋਰਿਆਂ ਦੀ ਨਫਰਤ ਹੈ। ਪਿੱਛੇ ਗਹਿਣੇ ਪਈ ਜ਼ਮੀਨ ਦੇ ਕਰਜੇ ਦੀ ਚਿੰਤਾ ਹੈ, ਅਣਜੋੜ ਵਿਆਹਾਂ ਦਾ ਨਰਕ ਹੈ। ਲੰਮੀਆਂ ਕਾਰਾਂ ਤੇ ਰੰਗੀਨ ਟੀ. ਵੀ. ਅਤੇ ਬਹੁਲਤਾ ਦੇ ਸੁਖ ਦੇ ਨਾਲ ਨਾਲ ਸਿਰ ਉੱਤੇ ਚੜੇ ਕਰਜ਼ਿਆਂ ਦੀਆਂ ਕਿਸ਼ਤਾਂ ਹਨ। ਤਿਆਗ ਦਾ ਪਰਚਾਰ ਕਰ ਰਹੇ ਸਾਧਾਂ ਵਲੋਂ ਆਪ ਲੱਖਾਂ ਡਾਲਰ ਇਕੱਠੇ ਕਰਕੇ ਲਿਜਾਣ ਦੀ ਕਹਾਣੀ ਹੈ। ਸਰਕਾਰੀ ਖਰਚ ਉੱਤੇ ਐਸ਼ ਕਰ ਰਹੇ ਵਜ਼ੀਰਾਂ ਉੱਤੇ ਵਿਅੰਗ ਹੈ। ਸੰਸਾਰ ਅਮਨ ਅਤੇ ਮਨੁੱਖੀ ਸਾਂਝ ਦਾ ਹੋਕਾ ਹੈ। ਗੱਲ ਕੀ ਇਸ ਸੰਗ੍ਰਹਿ ਬਿੰਦੂ ਤੋਂ ਪਰਵਾਸੀ ਜੀਵਨ ਦੇ **ਦੁਖਾਂਤ** ਦਾ ਬਿਆਨ ਹੈ।

ਇਸ ਪੁਸਤਕ ਵਿਚ ਕਿਤੇ ਕਿਤੇ ਤੋਲ, ਤੁਕਾਂਤ ਅਤੇ ਛਪਾਈ ਵਿਚ ਗਲਤੀਆਂ ਰਹਿ ਗਈਆਂ ਹਨ ਜੋ ਕੁਝ ਰੜਕਦੀਆਂ ਹਨ।

ਇਸ ਪੁਸਤਕ ਵਿਚ 50,60 ਰੰਗੀਨ ਅਤੇ ਦੂਜੀਆਂ ਤਸਵੀਰਾਂ ਹਨ ਉਨ੍ਹਾਂ ਕਲਾਕਾਰਾਂ ਦੀਆਂ ਜਿਨ੍ਹਾਂ ਨੇ ਵਖੋ ਵੱਖ ਸ਼ਹਿਰਾਂ ਵਿਚ ਭੰਗੜਾ - ਟੀਮਾਂ ਬਣਾ ਰਖੀਆਂ ਹਨ। ਮਹਿੰਦਰ ਸੂਮਲ ਦੇ 11 ਸਾਲ ਦੇ ਸਪੁੱਤਰ ਰਾਜ ਸੂਮਲ ਦੇ ਬਣਾਏ ਕਈ ਸਕੈੱਚ ਹਨ।

ਇਸ ਸੰਗ੍ਰਹਿ ਦੀ ਪ੍ਰਕਾਸ਼ਨਾ ਲਈ ਸੰਪਾਦਕ ਮਹਿੰਦਰ ਸੂਮਲ, ਪ੍ਰਕਾਸ਼ਕ : ਲੋਕ ਕਲਾ ਕੇਂਦਰ ਵੈਨਕੂਵਰ ਅਤੇ ਦਰਪਣ ਪਬਲੀਕੇਸ਼ਨ, ਵਧਾਈ ਦੇ ਹੱਕਦਾਰ ਹਨ।

"ਖੱਟਣ ਗਏ ਪਰਦੇਸ" ਲੇਖਕਾਂ ਅਤੇ ਸੰਪਾਦਕ ਵਲੋਂ ਕੀਤੀ ਮੋਹ ਦੀ ਮਜ਼ਦੂਰੀ ਹੈ ਜਿਸ ਲਈ ਭੰਗੜਾ ਕਲਾਕਾਰਾਂ ਨੇ ਖੂਨ ਪਸੀਨੇ ਨਾਲ ਕੀਤੀ ਚੋਖੀ ਕਮਾਈ ਖਰਚ ਕੀਤੀ ਹੈ।

ਆਸ ਹੈ ਇਹ ਪ੍ਰਕਾਸ਼ਨ ਕੈਨੇਡਾ ਵਿਚਲੀ ਪੰਜਾਬੀ ਲੋਕ ਸਭਿਆਚਾਰਕ ਲਹਿਰ ਨੂੰ ਹੋਰ **ਅੱਗੇ** ਤੋਰਨ ਵਿਚ ਸਹਾਈ ਹੋਵੇਗੀ।

ਗੁਰਚਰਨ ਰਾਮਪੁਰੀ

ਗੀਤ

ਤਾਰਾ ਸਿੰਘ

ਪੌਣਾਂ,
ਨਿਰਮੋਹੀਆਂ ਪੌਣਾਂ
ਜੋ ਪੌਣਾਂ ਦਿਲਜੋਈਆਂ ਜਹੀਆਂ
ਓਹਨਾਂ ਨੇ ਕਦ ਆਉਣਾ ?

ਪੌਣਾਂ,
ਤੱਤੀਆਂ ਪੌਣਾਂ
ਜੋ ਪੌਣਾਂ ਵਰਖਾ ਵਿਚ ਭਿੱਜੀਆਂ
ਓਹਨਾਂ ਨੇ ਕਦ ਆਉਣਾ ?

ਪੌਣਾਂ,
ਕੰਡਿਆਲੀਆਂ ਪੌਣਾਂ
ਜੋ ਪੌਣਾਂ ਮਹਿਕਾਂ ਵਿਚ ਵੱਸੀਆਂ
ਓਹਨਾਂ ਨੇ ਕਦ ਆਉਣਾ ?

ਪੌਣਾਂ,
ਬੇਰੁੱਤੀਆਂ ਪੌਣਾਂ
ਜੋ ਪੌਣਾਂ ਮੌਸਮ ਦੀਆਂ ਜਾਈਆਂ
ਓਹਨਾਂ ਨੇ ਕਦ ਆਉਣਾ ?

ਪੌਣਾਂ,
ਬੇਸਬਰੀਆਂ ਪੌਣਾਂ
ਜੋ ਪੌਣਾਂ ਸਬਰਾਂ ਤੋਂ ਪਿਛੋਂ
ਓਹਨਾਂ ਨੇ ਕਦ ਆਉਣਾ ?

ਪੌਣਾਂ,
ਮੁਰਝਾਈਆਂ ਪੌਣਾਂ,
ਜੋ ਪੌਣਾਂ ਹਾਲੇ ਨਾ ਆਈਆਂ
ਓਹਨਾਂ ਨੇ ਕਦ ਆਉਣਾ ?

ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ ਦੀ ਸਥਾਪਨਾ

ਬੜੇ ਚਿਰਾਂ ਤੋਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ ਕਿ ਚੰਗੀਆਂ ਪੰਜਾਬੀ ਫਿਲਮਾਂ ਬਣਨ, ਜਿਨ੍ਹਾਂ ਦਾ ਮਕਸਦ ਸਿਰਫ ਪੈਸਾ ਕਮਾਉਣਾ ਹੀ ਨਾ ਹੋਵੇ, ਸਗੋਂ ਪੰਜਾਬੀ ਸਭਿਆਚਾਰਕ ਨੂੰ ਸਹੀ ਰੰਗ ਵਿਚ ਪੇਸ਼ ਕਰਨਾ ਹੋਵੇ। ਮੈਂ ਜਦੋਂ ਬਾਹਰ ਦੇ ਦੇਸ਼ਾਂ ਦੇ ਦੌਰੇ ਤੇ ਗਿਆ ਤਾਂ ਬਹੁਤ ਸਾਰੇ ਲੋਕਾਂ ਨੇ ਗਿਲੇ ਵਜੋਂ ਆਪਣੀ ਇਹ ਇੱਛਾ ਦੱਸੀ। ਇਹ ਮਾਧਿਅਮ ਇਕ ਸ਼ਕਤੀਸ਼ਾਲੀ ਮਾਧਿਅਮ ਹੈ ਤੇ ਅਸੀਂ ਜਿਹੜੇ ਜ਼ਿੰਦਗੀ ਦੇ ਰੌਂ ਨੂੰ ਬਦਲਣ ਲਈ ਵਚਨਬੱਧ ਹਾਂ, ਅਸੀਂ ਇਸਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਐਪਰ ਇਸ ਮਾਧਿਅਮ ਵਿਚ ਪੈਸੇ ਦੀ ਬਹੁਤ ਲੋੜ ਹੈ। ਕੋਈ ਇਕੱਲੇ ਦੁਕੱਲੇ ਦਾ ਇਹ ਕੰਮ ਨਹੀਂ। ਮੈਂ ਕੁਝ ਸਾਲਾਂ ਤੋਂ ਫਿਲਮ ਬਨਾਉਣ ਦੇ ਸਾਰੇ ਅਮਲ ਦਾ ਬੜੀ ਡੂੰਘੀ ਤਰ੍ਹਾਂ ਅਧਿਅਨ ਕੀਤਾ। ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਸਾਂਝੀ ਕੋਸ਼ਿਸ਼ ਨਾਲ ਪੰਜਾਬੀ ਫਿਲਮਾਂ ਨੂੰ ਇਕ ਨਵੀਂ ਦਿਸ਼ਾ ਦਿਤੀ ਜਾ ਸਕਦੀ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ। ਸਿਹਤਮੰਦ ਸਭਿਆਚਾਰ ਦਾ ਪਸਾਰਾ ਵੀ ਹੋ ਸਕਦਾ ਹੈ ਤੇ ਨਾਲ ਹੀ ਵਪਾਰਕ ਦ੍ਰਿਸ਼ਟੀ ਨਾਲ ਵੀ ਇਕ ਸਫਲ ਫਿਲਮ ਬਣਾਈ ਜਾ ਸਕਦੀ ਹੈ।

ਆਪਣੇ ਲੰਮੇ ਪ੍ਰਬੰਧਕੀ ਤੇ ਲੋਕ ਸੰਚਾਰ ਦੇ ਤਜਰਬੇ ਤੇ ਵਿਸ਼ਵਾਸ਼ ਦੇ ਆਧਾਰ ਤੇ ਮੈਂ ਆਪਣੇ ਕੁਝ ਸਾਥੀਆਂ ਨਾਲ ਮਿਲਕੇ ਇਹ ਜ਼ਿੰਮੇਵਾਰੀ ਲੈਣ ਦਾ ਫੈਸਲਾ ਕੀਤਾ ਹੈ ਤੇ ਅਸੀਂ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੁਸਾਇਟੀ (Progressive Film Makers Society, Punjab) ਦੀ ਸਥਾਪਨਾ ਕੀਤੀ ਹੈ। ਇਸ ਸੁਸਾਇਟੀ ਦੀ ਮੈਂਬਰਸ਼ਿਪ ਫੀਸ 10,000/-ਰੁ: ਰੱਖੀ ਹੈ। ਇਹ ਇਕ ਕਿਸਮ ਦਾ ਇਸ ਸੋਸਾਇਟੀ ਦਾ ਇਕ ਹਿੱਸਾ (Share) ਹੋਵੇਗਾ। ਟੀਚਾ ਪੰਜਾਹ ਮੈਂਬਰ ਬਨਾਉਣ ਦਾ ਹੈ। ਮੈਂਬਰ ਇਕ ਤੋਂ ਵੱਧ ਹਿੱਸਾ ਵੀ ਲੈ ਸਕਣਗੇ। ਇਸ ਤਰ੍ਹਾਂ ਪਰਵਾਰ ਦੇ ਵੱਖ ਵੱਖ ਮੈਂਬਰ ਵੀ ਇਕ ਜਾਂ ਇਕ ਤੋਂ ਵੱਧ ਹਿੱਸਾ ਲੈ ਸਕਣਗੇ।

ਇਸ ਸੋਸਾਇਟੀ ਵੱਲੋਂ ਦੋ ਪ੍ਰਾਜੈਕਟ ਉਲੀਕੇ ਗਏ ਹਨ। ਪਹਿਲਾ ਪ੍ਰਾਜੈਕਟ ਸਾਗਰ ਸਰਹੱਦੀ ਵਲੋਂ ਬਣਾਈ ਜਾ ਰਹੀ ਪੰਜਾਬੀ ਫਿਲਮ ਵਿਚ ਇਕ ਹਿੱਸੇਦਾਰ ਬਨਣਾ ਹੈ। ਸਾਗਰ ਸਰਹੱਦੀ ਪ੍ਰਸਿੱਧ ਫਿਲਮ 'ਬਾਜ਼ਾਰ' ਦੇ ਨਿਰਮਾਤਾ ਹਨ। 'ਕਭੀ ਕਭੀ' ਫਿਲਮ ਦੇ ਸੰਵਾਦ ਵੀ ਉਹਨਾਂ ਦੀ ਕਲਮ ਤੋਂ ਹਨ। ਉਹਨਾਂ ਕੋਲ ਫਿਲਮ ਲਾਈਨ ਦਾ ਲੰਮਾ ਤਜਰਬਾ ਹੈ। ਉਹਨਾਂ ਵੱਲੋਂ ਬਣਾਈ ਜਾ ਰਹੀ ਫਿਲਮ ਦੀ ਪਲੈਨਿੰਗ ਮੁਕੰਮਲ ਹੋ ਚੁੱਕੀ ਹੈ ਅਤੇ 15 ਫਰਵਰੀ ਤੋਂ ਲੈ ਕੇ 31 ਮਾਰਚ ਤੱਕ ਇਸ ਦੀ ਸ਼ੂਟਿੰਗ ਗਿਦੜਬਾਹਾ ਦੇ ਆਸਪਾਸ ਦੇ ਇਲਾਕੇ ਵਿਚ ਹੋ ਰਹੀ ਹੈ। ਇਹ ਫਿਲਮ ਮੁਕੰਮਲ ਤੌਰ ਤੇ ਸਾਗਰ ਸਰਹੱਦੀ ਦੀ ਫਿਲਮ ਹੋਵੇਗੀ। ਸਾਡੀ ਸੰਸਥਾ ਦੀ ਤਕਨੀਕੀ ਤੌਰ ਤੇ ਇਸ ਵਿਚ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ। ਪਰ ਖਰਚ ਵਿਚ ਤੇ ਬਾਅਦ ਦੇ ਘਾਟੇ ਵਾਧੇ ਵਿਚ ਸਾਡਾ ਹਿੱਸਾ ਹੋਵੇਗਾ। ਅਗਲੀ ਫਿਲਮ 31 ਦਸੰਬਰ ਤੱਕ ਮੁਕੰਮਲ ਕੀਤੀ ਜਾਏਗੀ। ਉਹ ਸਾਡੀ ਫਿਲਮ ਹੋਵੇਗੀ ਤੇ ਸਾਡੇ ਹੀ ਨਾਮ (Banner) ਥੱਲੇ ਹੋਵੇਗੀ। ਉਹਦੀ ਕਹਾਣੀ, ਸੰਵਾਦ ਆਦਿਕ ਸਾਡੀ ਚੋਣ ਦੇ ਹੋਣਗੇ। ਸਾਗਰ ਸਰਹੱਦੀ ਇਸਨੂੰ ਸਾਡੇ ਲਈ ਬਨਾਉਣਗੇ। ਉਹ ਉਸ ਵਿਚ ਮਾਇਕ ਤੌਰ ਤੇ ਆਪਣਾ ਹਿੱਸਾ ਪਾਉਣਗੇ, ਜਿਸ ਤਰ੍ਹਾਂ ਪਹਿਲੇ ਅਸੀਂ ਉਹਨਾਂ ਦੀ ਫਿਲਮ ਵਿਚ ਹਿੱਸਾ ਪਾ ਰਹੇ ਹਾਂ। ਬੜੀ ਬਰੀਕੀ ਨਾਲ ਛਾਣ ਬੀਣ ਕਰਕੇ ਇਹ ਦੋਨੋਂ ਪ੍ਰਾਜੈਕਟ ਬਣਾਏ ਗਏ ਹਨ ਤਾਂ ਜੋ ਸੁਸਾਇਟੀ ਦੀ ਹਰ ਪੱਖ ਤੋਂ ਸਫਲ ਬੁਨਿਯਾਦ ਰੱਖੀ ਜਾ ਸਕੇ। ਹਰ ਇਕ ਨੁਕਤੇ ਨੂੰ ਬਾਕਾਇਦਾ ਲਿਖਤ ਵਿਚ ਲਿਆਂਦਾ ਗਿਆ ਹੈ।

'ਕੈਨੇਡਾ ਦਰਪਣ' ਦੇ ਇਨ੍ਹਾਂ ਕਾਲਮਾਂ ਰਾਹੀਂ ਮੈਂ ਅਪੀਲ ਕਰਦਾ ਹਾਂ ਕਿ ਫਿਲਮ ਨਿਰਮਾਣ ਦੇ ਇਸ ਪ੍ਰਾਜੈਕਟ ਵਿਚ ਮੇਰੀ ਮਦਦ ਕੀਤੀ ਜਾਏ। ਇਹ ਯਕੀਨ ਮੰਨਕੇ ਕਿ ਉਹਨਾਂ ਦੀ ਦਿੱਤੀ ਰਕਮ ਦੀ ਹਰ ਪਾਈ ਦੀ ਸਹੀ ਤਰੀਕੇ ਨਾਲ ਵਰਤੋਂ ਕੀਤੀ ਜਾਏਗੀ ਤੇ ਲਾਹੇਵੰਦ ਤਰੀਕੇ ਨਾਲ ਉਹਦੀ ਵਾਪਸੀ ਕੀਤੀ ਜਾਏਗੀ, ਕਿਉਂਕਿ ਮੈਂ ਸਮਝਦਾ ਹਾਂ ਕਿ ਸਾਡੇ ਦਾਇਰੇ ਦੇ ਲੋਕਾਂ ਦੀ ਕਮਾਈ ਲਹੂ ਪਸੀਨੇ ਦੀ ਕਮਾਈ ਹੈ। ਤੁਹਾਡੇ ਹੁੰਗਾਰੇ ਦੀ ਮੈਨੂੰ ਉਡੀਕ ਰਹੇਗੀ।

ਗੁਰਸ਼ਰਨ ਸਿੰਘ

ਕਨਵੀਨਰ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ

ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ

ਪੰਜਾਬੀ ਲੇਖਕ ਮੰਚ ਵੈਨਕੂਵਰ ਸਾਹਿਤਕ ਇਕੱਤਰਤਾ — 21 ਦਸੰਬਰ, 1985

ਲੇਖਕ ਮੰਚ ਦੀ 1985 ਵਿਚ ਇਹ ਆਖਰੀ ਇਕੱਤਰਤਾ ਚਾਰ ਵਜੇ ਲਿਟਲ ਮਾਊਂਟਿਨ ਨੇਬਰਹੁੱਡ ਹਾਊਸ ਵਿਚ ਹੋਈ ਜਿਸ ਵਿਚ

ਅਜਮੇਰ ਰੋਡੇ, ਗੁਰਚਰਨ ਟੱਲੇਵਾਲੀਆ, ਗੁਰਚਰਨ ਰਾਮਪੁਰੀ, ਸੁਖਵੰਤ ਹੁੰਦਲ, ਇਕਬਾਲ ਕਾਹਲੋਂ, ਮਹਿੰਦਰ ਸੂਮਲ, ਚਰਨ ਸਿੰਘ, ਅਜੀਤ ਧਨੋਆ, ਸੁਖੀ ਅਮਰਜੀਤ, ਅਮਰਜੀਤ ਚਾਹਲ ਅਤੇ ਸੁਦੇਸ਼ ਕੌਰ ਨੇ ਹਿੱਸਾ ਲਿਆ।

ਗੁਰਚਰਨ ਰਾਮਪੁਰੀ ਨੇ ਆਪਣੀ ਨਵੀਂ ਛਪੀ ਪੁਸਤਕ 'ਕਤਲਗਾਹ' ਵਿਚੋਂ ਇਕ ਨਜ਼ਮ ਪੜ੍ਹ ਕੇ ਸੁਣਾਈ

"ਗੱਲ ਤਾਂ ਤੁਰਦੀ ਹੈ ਵਿਸ਼ਵਾਸ਼ ਤੋਂ
ਸੱਚ ਕੋਈ ਵੀ ਨਹੀਂ ਹੈ ਆਖਰੀ"

'ਕਤਲਗਾਹ' ਦਾ ਇਸ ਮੀਟਿੰਗ ਵਿਚ ਪ੍ਰੀਚੈ ਵੀ ਕਰਵਾਇਆ ਗਿਆ। ਗੁਰਚਰਨ ਰਾਮਪੁਰੀ ਨੇ ਆਪਣੀ ਕਵਿਤਾ ਦੀ ਇਹ ਛੇਵੀਂ ਪੁਸਤਕ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਉੱਤੇ ਆਏ ਰਾਜਸੀ ਅਤੇ ਧਾਰਮਿਕ ਸੰਕਟ ਤੋਂ ਪ੍ਰਭਾਵਿਤ ਹੋ ਕੇ ਲਿਖੀ ਹੈ। ਸ਼ੈਲੀ ਅਤੇ ਸ਼ਿਕਸ਼ਨ ਸਰਲ ਅਤੇ ਸਾਦੀ ਹੈ। ਪੁਸਤਕ ਵਿਚ ਕਵਿਤਾਵਾਂ ਦੀ ਵੰਡ ਅਤੇ ਤਰਤੀਬ ਵੀ ਸੁਚੱਜੇ ਢੰਗ ਨਾਲ ਕੀਤੀ ਹੈ। ਇਸਨੂੰ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਕੀਤਾ ਗਿਆ। ਪੰਨੇ 105 ਹਨ, ਅਤੇ ਮੁੱਲ ਅੱਠ ਰੁਪੈ। ਪੁਸਤਕ ਨੂੰ ਰੀਵੀਊ ਕਰਨ ਦਾ ਜ਼ਿੰਮਾ ਅਜਮੇਰ ਰੋਡੇ ਨੇ ਲਿਆ।

"ਏਸ ਸ਼ਹਿਰ ਵੀ ਮੈਂ ਮਰਿਆ ਹਾਂ, ਦੂਜੇ ਵੀ
ਲਾਸ਼ ਮਿਰੀ ਸੜਕੇ ਵੀ ਰੁਲੀ, ਸਰਵੇਰ ਵੀ।"

ਅਮਰਜੀਤ ਚਾਹਲ ਨੇ ਆਪਣੀ ਨਵੀਂ ਲਿਖੀ ਕਹਾਣੀ "ਬੁੱਢਾ ਕੀ ਕਰੇ" ਪੜ੍ਹ ਕੇ ਸੁਣਾਈ। ਕਹਾਣੀ ਦਾ ਕਥਾਨਕ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੀ ਜ਼ਿੰਦਗੀ ਉੱਤੇ ਆਧਾਰਤ ਹੈ। ਇਕੋ ਘਰ ਵਿਚ ਰਹਿੰਦੇ ਦੋ ਭਰਾਵਾਂ ਦੀ ਕਹਾਣੀ ਹੈ ਵੱਡਾ ਅਣਵਿਆਹਿਆ ਅਤੇ ਛੋਟਾ ਸ਼ਾਦੀ ਸ਼ੁਦਾ ਪਰਿਵਾਰ ਸਮੇਤ। ਪਰਿਵਾਰਕ ਅਤੇ ਸਮਾਜਕ ਉਲਝਣਾਂ ਕਾਰਣ ਪਾਤਰਾਂ ਵਿਚ ਲੜਾਈ ਝਗੜਾ ਹੁੰਦਾ ਹੈ ਅਤੇ ਮਾਨਸਕ ਤਨਾਓ ਵਧਦਾ ਹੈ। ਕਹਾਣੀ ਵਿਚ ਇਮੀਗਰੇਸ਼ਨ ਦੇ ਫਲਸਰੂਪ ਸਾਡੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਸ਼ਖਸ਼ੀਅਤਾਂ ਦਾ ਟੁਟ ਭੱਜ ਸਫਲਤਾ ਨਾਲ ਚਿਤ੍ਰਿਆ ਗਿਆ ਹੈ। ਲੇਖਕ ਨੂੰ ਮੈਂਬਰਾਂ ਵਲੋਂ ਕੁਝ ਸੁਝਾ ਵੀ ਪੇਸ਼ ਕੀਤੇ ਗਏ।

ਮੀਟਿੰਗ ਵਿਚ 1986 ਲਈ ਲੇਖਕ ਮੰਚ ਦੇ ਇਹ ਦੋ ਨਵੇਂ ਕੋਆਰਡੀਨੇਟਰ ਚੁਣੇ ਗਏ :

ਅਮਰਜੀਤ ਚਾਹਲ, ਗੁਰਚਰਨ ਟੱਲੇਵਾਲੀਆ

ਗੁਰਚਰਨ ਰਾਮਪੁਰੀ ਵਲੋਂ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ ਬਾਰੇ ਜਾਣਕਾਰੀ ਦਿੱਤੀ ਗਈ। ਇਹ ਫਿਲਮ ਸੋਸਾਇਟੀ ਪੰਜਾਬ ਵਿਚ ਪ੍ਰੋਗਰੇਸਿਵ ਅਤੇ ਸਿਹਤਮੰਦ ਫਿਲਮਾਂ ਬਨਾਉਣ ਲਈ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਜੀ ਵਲੋਂ ਸ਼ੁਰੂ ਕੀਤੀ ਗਈ ਹੈ ਅਤੇ ਦੇਸ਼ ਅਤੇ ਵਿਦੇਸ਼ਾਂ ਵਿਚੋਂ ਸੋਸਾਇਟੀ ਦੇ ਮੈਂਬਰ ਬਣਨ ਲਈ ਸੱਦਾ ਪੱਤਰ ਦਿੱਤਾ ਗਿਆ ਹੈ।

ਅਜੀਤ ਧਨੋਆ ਵਲੋਂ ਵੈਨਕੂਵਰ ਸਿਟੀ ਵਲੋਂ ਪ੍ਰਕਾਸ਼ਤ "ਕਲਾ ਅਤੇ ਸੱਭਿਆਚਾਰ ਐਕਸ਼ਨ ਪਲੈਨ" ਬਾਰੇ ਜਾਣਕਾਰੀ ਦਿੱਤੀ ਗਈ ਅਤੇ ਲੇਖਕ ਮੰਚ ਦੇ ਮੈਂਬਰਾਂ ਨੂੰ ਇਸ ਪਲੈਨ ਵਿਚ ਹਿੱਸਾ ਲੈਣ ਲਈ ਸੁਝਾ ਦਿਤਾ ਗਿਆ। ਅਜੀਤ ਹੋਰਾਂ ਨੇ ਅਗਲੀ ਵਾਰ ਇਸ ਐਕਸ਼ਨ ਪਲੈਨ ਬਾਰੇ ਹੋਰ ਜਾਣਕਾਰੀ ਲਿਆਉਣ ਬਾਰੇ ਵੀ ਪੇਸ਼ਕਸ਼ ਕੀਤੀ।

ਪੰਜਾਬੀ ਲੇਖਕ ਮੰਚ ਵਲੋਂ ਪੰਜਾਬੀ ਦੇ ਲੇਖਕਾਂ ਸਰਦਾਰ ਕਪੂਰ ਸਿੰਘ ਘੁੰਮਣ, ਅਤੇ ਪ੍ਰੋਫੈਸਰ ਬਲਬੀਰ ਸਿੰਘ ਸੰਧੂ ਜੀ ਦੇ ਸਦੀਵੀ ਵਿਛੋੜੇ ਉੱਤੇ ਡੂੰਘਾ ਸ਼ੋਕ ਪ੍ਰਗਟ ਕੀਤਾ ਗਿਆ। ਕਪੂਰ ਸਿੰਘ ਘੁੰਮਣ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸਨ ਜਿਨ੍ਹਾਂ ਨੇ ਦਰਜਨਾਂ ਨਾਟਕ ਲਿਖੇ ਅਤੇ ਸਟੇਜ ਕਰਵਾਏ। ਬਲਬੀਰ ਸਿੰਘ ਸੰਧੂ ਪੰਜਾਬ ਯੂਨੀਵਰਸਿਟੀ ਵਿਚ ਭਾਸ਼ਾ ਵਿਗਿਆਨ ਦੇ ਸੀਨੀਅਰ ਅਧਿਆਪਕ ਸਨ ਜਿਨ੍ਹਾਂ ਨੇ ਭਾਸ਼ਾ ਵਿਗਿਆਨ ਉੱਤੇ ਕਈ ਪੁਸਤਕਾਂ ਪਰਕਾਸ਼ਤ ਕੀਤੀਆਂ। ਅਗਲੀ ਮੀਟਿੰਗ ਲਈ ਫੋਨ : 581-0406

ਅਜਮੇਰ ਰੋਡੇ

ਗੀਤ

ਸੰਤ ਸੰਧੂ

1.

ਇਕ ਪਾਸੇ ਤਾਂ ਲੂਣਾ ਕਪਟਣ
ਦੂਜੇ ਹੈ ਸਲਵਾਨ, ਨੀ ਜ਼ਿੰਦੇ ਮੇਰੀਏ
ਲਾਈਲੱਗ ਜੱਲਾਦ ਬਣੇ,
ਤੇ ਪੂਰਨ ਲਹੂ ਲੁਹਾਣ, ਨੀ ਜ਼ਿੰਦੇ ਮੇਰੀਏ

ਬੂਰ 'ਤੇ ਬੇਰੀ ਫੇਰ ਕੇ ਆਰੀ,
ਮਾਣ ਕਰੇ ਤਰਖਾਣ, ਨੀ ਜ਼ਿੰਦੇ ਮੇਰੀਏ

ਨੀਂਦ ਮੇਰੀ 'ਤੇ ਪੈ ਗਿਆ ਧਾੜਾ
ਚੰਦਰੇ ਸੁਪਨੇ ਆਣ, ਨੀ ਜ਼ਿੰਦੇ ਮੇਰੀਏ

ਮੁਗਲਾਂ ਦੀ ਪ੍ਰਛਾਂਈ ਫਿਰਦੀ,
ਸੂਬੇ ਨਾਲ ਪਠਾਣ, ਨੀ ਜ਼ਿੰਦੇ ਮੇਰੀਏ

ਸੋਮਨਾਥ ਨੂੰ ਲੁੱਟੇ ਗਜ਼ਨਵੀ
ਨਜ਼ਰਾਂ ਵੀ ਸ਼ਰਮਾਣ, ਨੀ ਜ਼ਿੰਦੇ ਮੇਰੀਏ

ਮੈਂ ਕਮਲੀ ਨੂੰ ਸਮਝ ਨਾ ਆਵੇ
ਮੈਨੂੰ ਲੱਖ ਸਮਝਾਣ, ਨੀ ਜ਼ਿੰਦੇ ਮੇਰੀਏ

ਗਲੀਏ ਗਲੀਏ ਲਹੂ ਵਗੇਂਦਾ,
ਕਿਵੇਂ ਆਵਣ ਜਾਣ, ਨੀ ਜ਼ਿੰਦੇ ਮੇਰੀਏ

ਕੱਲਰ ਧਰਤੀ ਬੀਜ ਮੁਹੱਬਤ
ਜੰਮਦੇ ਹੀ ਮਰ ਜਾਣ ਨੀ ਜ਼ਿੰਦੇ ਮੇਰੀਏ

2.

ਰੋਵੇ ਗਾਵੇ ਤੇ ਕੁਰਲਾਵੇ, ਤਕੀਏ ਇਕ ਫ਼ਕੀਰ
ਪਾਣੀ ਵਿਚ ਲਕੀਰ ਨਾ ਪਾਓ, ਪਾਣੀ ਵਿਚ ਲਕੀਰ

ਆਦਮ-ਜਾਏ ਖਾਂਦੀ ਜਾਵੇ ਰੰਗ ਨਸਲ ਦੀ ਡੈਣ
ਆਓ ਟੋਟੇ ਟੋਟੇ ਕਰੀਏ ਜ਼ਾਲਮ ਇਹ ਜ਼ੰਜੀਰ

ਅੱਜ ਫਿਰ ਕੌਣ ਕੁਹਾੜਾ ਲੈ ਕੇ ਜੰਗਲ ਵਲ ਗਿਆ
ਜੰਗਲ ਪੈ ਗਈ ਕਾਵਾਂ ਰੌਲੀ ਜੰਗਲ ਦੇ ਦਿਲਗੀਰ

ਫਿਰ ਰੁੱਖਾਂ ਨੂੰ ਵੱਢਣ ਦੀ ਕੋਈ ਕਰਦਾ ਏ ਸਾਜ਼ਿਸ਼
ਪੰਛੀਆਂ ਨੇ ਖਾਬਾਂ ਵਿਚ ਤੱਕੀ ਲਹੂ ਭਿੱਜੀ ਸ਼ਮਸ਼ੀਰ

ਸਾਂਝੀ ਮਾਂ ਦੀ ਛਾਤੀ ਉੱਤੇ ਲੜਦੇ ਸੱਕੇ ਭਰਾ
ਅੰਬਰਾਂ ਤੇ ਤਾਰੇ ਨੇ ਰੋਂਦੇ, ਦਰਿਆਵਾਂ ਦੇ ਨੀਰ

ਪੀਂਘਾਂ ਈਦ ਕ੍ਰਿਸ਼ਣ ਸਾਂਝੇ ਟੱਲ, ਬਾਂਗ ਤੇ ਸੰਖ
ਸਾਨੂੰ ਫਿਰ ਫ਼ਕੀਰ ਨਾ ਕਰ ਜਾਏ, ਝੱਲੀ ਇਕ ਸ਼ਮਸ਼ੀਰ

ਮੰਦਰ, ਮਸਜਿਦ ਵੰਡਣ ਤੁਰਦੇ ਪੱਤਣ, ਹੁਕਾ, ਧੂਣੀ,
ਬੁਕਲੀਂ ਮੂੰਹ ਲੈ ਰੋਂਦੇ ਪਿਛੋਂ ਸਾਊ ਦਾਨਿਸ ਵੀਰ

ਪਾਣੀ ਵਿਚ ਲਕੀਰ ਨਾ ਪੈਣੀ ਤੁਹਮਤ ਪੈ ਜਾਊ ਪੱਲੇ
ਫੇਰ ਕਦੇ ਨਾ ਪਰਤ ਕੇ ਆਉਣੇ ਛੁੱਟੇ ਕਮਾਨੋਂ ਤੀਰ।

(ਪੰਨਾ 10 ਦੀ ਬਾਕੀ)

ਹੁਣ ਤਾਂ ਕਈ ਵਾਰ ਪਿੱਠ-ਪਿੱਛੋਂ ਉਹ ਮੈਂਗਲ ਨੂੰ ਬੇਬੇ ਵਰਗੀ ਹੀ ਲਗਦੀ।
[redacted]

ਛੋਟੀ ਮਹਿੰਦਰੋ ਮੈਂਗਲ ਨੂੰ ਲੂਮੜੀ ਵਾਂਗ ਪੂਛ ਉੱਤੇ ਨਚਾਉਂਦੀ ਸੀ, ਪਰ ਫੜਾਈ ਨਹੀਂ ਸੀ ਦਿੰਦੀ। ਉਹਦਾ ਮੱਕੀ ਦੀ ਰੋਟੀ ਵਰਗਾ ਰੰਗ ਅਤੇ ਕਸਿਆ ਹੋਇਆ ਸਰੀਰ ਮੈਂਗਲ ਦੇ ਦਿਲ ਵਿਚ ਇਕ ਤਰਲੋਵਾਂ ਪੈਦਾ ਕਰ ਦਿੰਦੇ। ਜਦੋਂ ਉਹ ਘਰੇ ਕੰਮ ਕਰਦੀ ਅੰਦਰ-ਬਾਹਰ ਤੁਰਦੀ, ਉਹਦੇ ਪੈਰਾਂ ਦੀ ਧਮਕ ਨਗਾਰੇ ਵਾਂਗ ਪੈਂਦੀ। ਘੁੰਡ ਵਿਚੋਂ ਨੰਗੀ ਰਹਿੰਦੀ ਉਹਦੀ ਖੱਬੀ ਅੱਖ ਦੀਵਟ ਉੱਤੇ ਪਏ ਤੇਲ ਦੇ ਭਰੇ ਹੋਏ ਦੀਵੇ ਵਾਂਗ ਲਟ-ਲਟ ਬਲਦੀ। ਅਜਿਹੇ ਸਮੇਂ ਮੈਂਗਲ ਨੂੰ ਲਗਦਾ ਜਿਵੇਂ ਉਹਦੀ ਆਪਣੀ ਕਾਇਆ ਸੁਕੇ ਘਾਹ-ਫੂਸ ਦੀ ਬਣੀ ਹੋਈ ਹੋਵੇ!

ਇਕ ਦਿਨ ਸਬੱਬ ਨਾਲ ਦੋਵੇਂ ਜੇਠ-ਭਰਜਾਈ ਹੀ ਘਰੇ ਸਨ। ਮੈਂਗਲ ਕਿੰਨਾ ਚਿਰ ਤੁਰੀ-ਫਿਰਦੀ ਮਹਿੰਦਰੋ ਨੂੰ ਦੇਖਦਾ ਰਿਹਾ। ਉਹਦੇ ਅੰਦਰ ਕੋਈ ਚਿਣਗ ਮਘ ਪਈ ਸੀ। ਮਹਿੰਦਰੋ ਵੀ ਅਣ-ਕੱਜੇ ਜਿਹੇ ਘੁੰਡ ਵਿਚੋਂ ਦੀ ਚੋਰ-ਅੱਖ ਨਾਲ ਮੈਂਗਲ ਨੂੰ ਤਾੜ ਰਹੀ ਸੀ। ਨਿੱਕੇ-ਮੋਟੇ ਕੰਮ ਕਰਦਿਆਂ ਇਧਰ-ਉਧਰ ਫਿਰਦੀ ਮਹਿੰਦਰੋ ਦੇ ਦੁਪੱਟੇ ਦਾ ਪੱਲਾ ਜਿਵੇਂ ਮੈਂਗਲ ਦੀ ਚਿਣਗ ਨੂੰ ਹਵਾ ਦੇ ਕੇ ਭੜਕਾ ਰਿਹਾ ਸੀ। ਮੈਂਗਲ ਨੇ ਇਕ-ਦੋ ਜਢਲੀਆਂ ਜਿਹੀਆਂ ਟਿੱਚਰਾਂ ਕੀਤੀਆਂ ਅਤੇ ਫੇਰ ਉਹਨੇ ਸਬਾਤ ਵਿਚ ਕੁਝ ਚੁੱਕਣ ਗਈ ਮਹਿੰਦਰੋ ਦੇ ਪਿੱਛੇ ਜਾ ਕੇ ਉਹਦੀ ਬਾਂਹ ਫੜ ਲਈ।

"ਔਹ ਸੀਤੋ ਆ ਗਈ", ਮਹਿੰਦਰੋ ਨੇ ਬਾਹਰਲੇ ਦਰਵਾਜ਼ੇ ਵੱਲ ਦੂਜਾ ਹੱਥ ਕਰਕੇ ਕਿਹਾ।

ਮੁਟਿਆਰ ਹੋ ਰਹੀ ਵੱਡੀ ਭਤੀਜੀ ਦਾ ਆ ਜਾਣਾ ਸੁਣ ਕੇ ਮੈਂਗਲ ਦੇ ਹੱਥ ਢਿੱਲੇ ਪੈ ਗਏ ਅਤੇ ਉਹਨਾਂ ਵਿਚੋਂ ਮਹਿੰਦਰੋ ਦਾ ਗੁੱਟ ਆਪਣੇ ਆਪ ਤਿਲ੍ਹਕ ਗਿਆ ਉਹ ਹਰਨੀ ਵਾਂਗ ਛਾਲ ਮਾਰ ਕੇ ਸਬਾਤੋਂ ਬਾਹਰ ਜਾ ਖਲੋਤੀ। ਸੀਤੋ ਕਿਤੇ ਨਹੀਂ ਸੀ। ਮੈਂਗਲ ਠੱਗਿਆ ਗਿਆ ਸੀ। ਉਹਨੂੰ ਕੱਚਾ ਜਿਹਾ ਹੋ ਕੇ ਸਬਾਤ ਵਿਚੋਂ ਬਾਹਰ ਨਿਕਲਦੇ ਨੂੰ ਮਹਿੰਦਰੋ ਨੇ ਸਮਝਾਇਆ, "ਭਾਈ ਜੀ, ਕਮਲਾ ਹੋ ਗਿਐਂ? ਹੁਣੇ ਕੋਈ ਬਾਹਰੋਂ ਆ ਜਾਂਦਾ ਤਾਂ ਕੀ ਬਣਦਾ?"

ਗੱਲ ਮੈਂਗਲ ਨੂੰ ਵੀ ਠੀਕ ਲੱਗੀ। ਏਨੇਂ ਵੱਡੇ ਪਰਿਵਾਰ ਵਿਚੋਂ ਕੋਈ ਕਦੋਂ ਵੀ ਬਾਹਰੋਂ ਘਰ ਆ ਸਕਦਾ ਸੀ। ਮਹਿੰਦਰੋ ਦੀ ਪਿਆਰ-ਭਰੀ ਝਿੜਕ ਨੇ ਮੈਂਗਲ ਨੂੰ ਇਹ ਤਸੱਲੀ ਕਰਵਾ ਦਿਤੀ ਕਿ ਉਹਨੇ ਬੁਰਾ ਨਹੀਂ ਸੀ ਮਨਾਇਆ। ਸਗੋਂ ਮੈਂਗਲ ਦੀ ਅੱਗਾ-ਪਿੱਛਾ ਸੋਚੇ ਬਿਨਾਂ ਕੀਤੀ ਮੂਰਖਤਾ ਘਰ ਵਿਚ ਝਮੇਲਾ ਖੜ੍ਹਾ ਕਰ ਸਕਦੀ ਸੀ। ਮਹਿੰਦਰੋ ਸਿਆਣਪ ਵਰਤ ਕੇ ਗੱਲ ਨੂੰ ਸਾਂਭ ਗਈ ਸੀ। ਚਲੋ, ਗੱਲ ਕਿਸੇ ਸਿਰੇ ਤਾਂ ਲੱਗੀ ਸੀ, ਮਹਿੰਦਰੋ ਨੇ ਇਕਰਾਰ ਤਾਂ ਕਰ ਲਿਆ ਸੀ!

ਬਾਹਰ ਨੂੰ ਤੁਰੇ ਜਾਂਦੇ ਮੈਂਗਲ ਨੂੰ ਮਹਿੰਦਰੋ ਨੇ ਪੀਹਣ ਕਰਨ ਲਈ ਬਰਾਂਡੇ ਵਿਚ ਰੱਖੀ ਢਾਈ ਮਣ ਦੀ ਕਣਕ ਦੀ ਬੋਰੀ ਵੱਲ ਹੱਥ ਕਰਕੇ ਕਿਹਾ, "ਭਾਈ ਜੀ, ਆਹ ਪਾਸੇ ਕਰਵਾ ਜਾਈਂ।"

ਮੈਂਗਲ ਨੇ ਬੋਰੀ ਧੂਹ ਕੇ ਲਾਂਭੇ ਕਰਨੀ ਚਾਹੀ, ਪਰ ਉਹਤੋਂ ਹਿੱਲੀ ਨਾ। ਕੁਝ ਤਾਂ ਬੋਰੀ ਹੀ ਭਾਰੀ ਸੀ, ਕੁਝ ਮੈਂਗਲ ਦਾ ਸਰੀਰ ਨਿਤਾਣਾ ਹੋਇਆ ਪਿਆ ਸੀ। ਕੋਲ ਖਲੋਤੀ ਮਹਿੰਦਰੋ ਬੋਲੀ, "ਠਹਿਰ ਭਾਈ ਜੀ, ਮੈਂ ਲਗਦੀ ਹਾਂ ਤੇਰੇ ਨਾਲ!"

ਉਹਨਾਂ ਦੋਵਾਂ ਨੇ ਪਹਿਲਾਂ ਬੋਰੀ ਖੜ੍ਹੀ ਕੀਤੀ। ਫੇਰ ਮਹਿੰਦਰੋ ਨੇ ਮੈਂਗਲ ਦਾ ਖੱਬਾ ਗੁੱਟ ਆਪਣੇ ਸੱਜੇ ਹੱਥ ਵਿਚ ਫੜ ਕੇ ਕਿਹਾ, "ਲੈ ਭਾਈ ਜੀ ਬੋਰੀ ਬਾਹਾਂ ਦੇ ਸਹਾਰੇ ਚੁੱਕੀ ਜਾਊ।"

ਜਦੋਂ ਮੈਂਗਲ ਨੇ ਬੋਰੀ ਬਾਹਾਂ ਉੱਤੇ ਲੁੱਟੀ, ਮਹਿੰਦਰੋ ਨੇ ਹਟੋਕਾ ਮਾਰ ਕੇ ਮੈਂਗਲ ਦੀ ਸਾਰੀ ਬਾਂਹ ਬੋਰੀ ਹੇਠ ਖਿਚਦਿਆਂ ਬੋਰੀ ਉਹਦੇ ਉੱਤੇ ਛੱਡ ਦਿੱਤੀ। ਆਪ ਉਹ ਲਾਂਭੇ ਹੋ ਕੇ ਹੱਸ ਪਈ, "ਤੇਰਾ ਭਰਾ ਆਊ ਤਾਂ ਪੁੱਛੂ, ਇਹ ਇਉਂ ਕਾਹਤੋਂ ਬੈਠਾ ਐ? ਆਪੇ ਦੱਸ ਦੇਈਂ ਸਾਰੀ ਗੱਲ!"

ਮੈਂਗਲ ਦਾ ਤਰਾਹ ਨਿਕਲ ਗਿਆ। ਕੰਮ ਲੱਗਣ ਤੋਂ ਪਹਿਲਾਂ ਮਹਿੰਦਰੋ ਨੇ ਤੇਲ ਕਢਾਉਣ ਲਈ ਰੱਖੀ ਹੋਈ ਸਰ੍ਹੋਂ ਦਾ ਗੱਟਾ ਵੀ ਮੈਂਗਲ ਦੀ ਬਾਂਹ ਉੱਤੇ ਪਈ ਕਣਕ ਦੀ ਬੋਰੀ ਉੱਤੇ ਰੱਖ ਦਿਤਾ। ਮੈਂਗਲ ਨੇ ਬੜੀ ਵਾਹ ਲਾਈ, ਪਰ ਉਹ ਆਪਣੀ ਦੱਬੀ ਹੋਈ ਬਾਂਹ ਨਾ ਹੀ ਕੱਢ ਸਕਿਆ। ਦਮੋਂ ਨਿਕਲ ਕੇ ਉਹ ਲੇਲ੍ਹੜੀਆਂ ਕੱਢਣ ਲੱਗ ਪਿਆ।

ਜੇ ਪਾਲਾ ਸਚਮੁੱਚ ਹੁਣੇ ਹੀ ਆ ਗਿਆ, ਮੈਂਗਲ ਉਹਨੂੰ ਕੀ ਜਵਾਬ ਦੇ ਸਕੇਗਾ। ਜੇ ਟੱਬਰ ਦਾ ਕੋਈ ਵੀ ਜੀਅ ਆ ਗਿਆ, ਉਹਨੇ ਕਿਤੋਂ ਦਾ ਨਹੀਂ ਸੀ ਰਹਿਣਾ। ਉਹ ਕੱਖੋਂ ਹੌਲਾ ਅਤੇ ਪਾਣੀਉਂ ਪਤਲਾ ਹੋਇਆ ਬੈਠਾ ਸੀ। ਬੋਰੀ ਹੇਠ ਦੱਬੀ ਹੋਈ ਉਹਦੀ ਖੱਬੀ ਬਾਂਹ ਤਾਂ ਸੌਂ ਹੀ ਗਈ ਸੀ, ਬਾਹਰ ਰਹੇ ਸੱਜੇ ਹੱਥ ਨਾਲ ਵੀ ਉਹਤੋਂ ਚਿਹਰੇ ਉੱਤੋਂ ਮੱਖੀ ਨਹੀਂ ਸੀ ਉਡਾਈ ਜਾ ਰਹੀ। ਮਹਿੰਦਰੋ ਕਿੰਨਾ ਹੀ ਚਿਰ ਚਬਰੀਕੀਆਂ ਕਰਦੀ ਆਪਣੇ ਕੰਮ-ਧੰਦੇ ਲੱਗੀ ਹੋਈ ਉਹਦੇ ਆਲੇ-ਦੁਆਲੇ ਮੋਰਨੀ ਵਾਂਗ ਚੱਕਰ ਕੱਢਦੀ ਰਹੀ। ਆਖਰ ਮੈਂਗਲ ਨੇ ਮੂੰਹੋਂ ਹੱਥ ਨਾਲ ਉਹਦੇ ਪੈਰ ਫੜਦੇ ਤਾਂ ਉਹਨੇ ਬੋਰੀ ਹੇਠੋਂ ਬਾਂਹ ਕੱਢ ਕੇ ਉਹਦੀ ਖਲਾਸੀ ਕੀਤੀ।

ਉਹਤੋਂ ਮਗਰੋਂ ਮੈਂਗਲ ਕਦੀ ਮਹਿੰਦਰੋ ਨੂੰ ਅੱਖ ਵਿਚ ਪਾਇਆ ਵੀ ਨਹੀਂ ਸੀ ਰੜਕਿਆ। ਜਦੋਂ ਕੋਈ ਉਹਨੂੰ ਟਕੋਰ ਮਾਰਦਾ, "ਭਰਜਾਈਆਂ ਰੋਟੀ-ਟੁੱਕ ਵੀ ਚੱਜ ਨਾਲ ਦਿੰਦੀਆਂ ਨੇ ਕਿ ਨਹੀਂ", ਤਾਂ ਉਹਦਾ ਬੁੱਕ ਸੰਘ ਵਿਚ ਅੜ ਜਾਂਦਾ। ਪਰ ਆਪਣੇ ਆਪ ਨੂੰ ਤਿੰਨਾਂ-ਤੇਰਾਂ ਵਿਚ ਵੱਸਣ ਲਈ ਉਹ ਘੰਘੂਰਾ ਮਾਰ ਕੇ ਸੰਘ ਸਾਫ ਕਰਦਾ ਅਤੇ ਫੋਕੀ ਜਿਹੀ ਹਾਸੀ ਹੱਸ ਕੇ ਆਖਦਾ, "ਰੋਟੀ-ਟੁੱਕ ਨੂੰ ਕੀ ਵਿਚਾਰੀਆਂ ਭੰਨੀਆਂ ਨੇ!"

ਤੇ ਉਹਦੇ ਹਾਣੀ ਸੁਆਦ ਲੈ ਕੇ ਆਖਦੇ, "ਵਾਹ ਉਇ ਸਰਦਾਰ ਮੈਂਗਲ ਸਿਆਂ, ਖੂਬ ਕੀਤੇ!"

"ਕਿਉਂ ਭਾਈ ਮੁੰਡਿਓ, ਕਿਸੇ ਤਰ੍ਹਾਂ ਫੈਸਲਾ ਏਕਾ ਬਣਿਆ ਨਹੀਂ ਰਹਿ ਸਕਦਾ?" ਸਰਪੰਚ ਨੇ ਮੁੰਡੇ ਨਾਲ ਧਰਤੀ ਉੱਤੇ ਲਕੀਰਾਂ ਵਾਹੁੰਦਿਆਂ ਪੁੱਛਿਆ। ਉਹਨੇ ਓਨਾਂ ਵਿਸ਼ਵਾਸ ਜਾਂ ਨਿਸਚੇ ਨਾਲ ਨਹੀਂ ਜਿੰਨਾ ਸਰਪੰਚ ਅਤੇ ਬਜ਼ੁਰਗ ਹੋਣ ਦੇ ਨਾਤੇ ਇਕ ਰਸਮੀ ਫਰਜ਼ ਵਜੋਂ ਤਿੰਨਾਂ ਭਰਾਵਾਂ ਨੂੰ ਇਕ ਵਾਰ ਫੇਰ ਇਹ ਚੇਤੇ ਕਰਵਾਉਣਾ ਵਾਜਬ ਸਮਝਿਆ ਕਿ ਏਕਤਾ ਵਿਚ ਬਹੁਤ ਬਰਕਤ ਹੁੰਦੀ ਹੈ, ਇਤਫਾਕ ਵਿਚ ਬਹੁਤ ਸ਼ਕਤੀ ਹੁੰਦੀ ਹੈ।

ਤਿੰਨੇ ਭਾਈ ਨੀਵੀਆਂ ਪਾਈ ਚੁੱਪ ਬੈਠੇ ਸਨ। ਮਾਮਲਾ ਜਿੱਥੇ ਪਹੁੰਚ ਚੁੱਕਿਆ ਸੀ, ਉਥੇ ਏਕਤਾ ਬਣਾਈ ਰੱਖਣ ਦੀ ਗੱਲ ਕਰਨੀ ਉਂਜ ਹੀ ਬੇਤੁਕੀ ਤੇ ਬੇਲੋੜੀ ਸੀ ਅਤੇ ਵੱਖ-ਵੱਖ ਹੋਣ ਲਈ ਆਪਣੇ ਮੂੰਹੋਂ ਪਹਿਲਾਂ ਕੌਣ ਕਹੇ! ਸੋ ਤਿੰਨਾਂ ਦੀ ਚੁੱਪ ਹੀ ਉਹਨਾਂ ਵੱਲੋਂ ਠੀਕ ਉੱਤਰ ਸੀ। ਉਹਨਾਂ ਦੇ ਜਵਾਬ ਦੀ ਉਡੀਕ ਵਿਚ ਹੋਰ ਸਭ ਵੀ ਚੁੱਪ ਹੋ ਗਏ। ਸਾਰੇ ਵਿਹੜੇ ਵਿਚ ਹੀ ਚੁੱਪ ਛਾ ਗਈ।

ਇਕ ਪਲ ਪਹਿਲਾਂ ਇਕ ਕਦਮ ਪਿੱਛੇ ਹਟੀ ਮਹਿੰਦਰੋ ਜਿਸ ਚੁੱਪ ਨੂੰ ਚੀਰਦੀ ਹੋਈ ਦੋ ਕਦਮ ਅੱਗੇ ਆ ਕੇ ਬੋਲੀ, "ਬਾਪੂ ਨੀਂ ਰਹਿਣਾ ਹੁਣ, ਬਾਬਾ ਜੀ। ਜਦੋਂ ਕੋਰਾ ਦੁੱਧ ਫਿੱਟ ਜਾਵੇ, ਕਦੇ ਮੁੜ ਕੇ ਦੁੱਧ ਬਣਿਐ? ਤੁਸੀਂ ਆਪ ਸਿਆਣੇ ਓਂ!"

"ਕਿਉਂ ਭਰਾਵੋ ਮਾਰਦੀ ਐਂ ਤੀਵੀਆਂ ਆਲੀ", ਪਾਲਾ ਚੀਰਵਾ ਜਿਹਾ ਹੋ ਕੇ ਬੋਲਿਆ। ਤਿੰਨਾਂ ਭਰਾਵਾਂ ਦੇ ਚੁੱਪ ਬੈਠੇ ਹੋਏ ਹੋਣ ਅਤੇ ਗੁਰਨਾਮੇ ਦੇ ਵੀ ਕੁਝ ਨਾ ਬੋਲਣ ਦੀ ਸੂਰਤ ਵਿਚ ਮਹਿੰਦਰੋ ਦਾ ਵਿਚੋਂ ਬੋਲਣਾ ਉਹਨੂੰ ਬਹੁਤ ਰੜਕਿਆ। ਪੰਚਾਇਤ ਸਾਹਮਣੇ ਮਹਿੰਦਰੋ ਦਾ ਵਾਰ-ਵਾਰ ਬੋਲਣਾ ਇਹ ਪਰਭਾਵ ਦੇ ਸਕਦਾ ਸੀ ਕਿ ਉਹਦੀ ਚਤੁਰਾਈ ਅਤੇ ਪਾਲੇ ਦੀ ਉਹਦੇ ਨਾਲ ਅਣਕਹੀ ਸਹਿਮਤੀ ਹੀ ਅਸਲ ਮੁਆਮਲੇ ਦੀ ਜੜ ਸੀ। ਪਰੇਸ਼ਾਨ ਹੋ ਕੇ ਉਹ ਘੂਰਕਿਆ, "ਜਾਹ ਚੁੱਪ ਕਰਕੇ ਜ਼ਨਾਨੀਆਂ ਵਿਚ ਬੈਠ ਜਾ ਕੇ ਚੈਨ ਨਾਲ।"

"ਗੱਲ ਠੀਕ ਐ, ਮੈਂ ਤਾਂ ਨਹੀਂ ਬੋਲਦੀ। ਪਰ ਤੇਰੀ ਚੁੱਪ ਨੇ ਹੀ ਸਾਰੇ ਪਿੱਟਣੇ ਪਾਏ ਐ", ਮਹਿੰਦਰੋ ਦੀ ਅੱਖ ਦੇ ਦੀਵੇ ਦੀ ਲੋਅ ਜਿਵੇਂ ਹੋਰ ਤਿੱਖੀ ਹੋ ਗਈ ਸੀ।

"ਆ ਜਾ ਨੀ ਆ ਜਾ ਕਮਲੀਏ", ਕੰਧੋਲੀ ਕੋਲੋਂ ਕੁਝ ਔਰਤਾਂ ਬੋਲੀਆਂ।

"ਨਾ ਮੇਰੀ ਅਕਲ ਵਿਚ ਇਹ ਗੱਲ ਨ੍ਹੀਂ ਪੈਂਦੀ, ਅੱਡ ਹੋਣ ਦਾ ਕੋਈ ਮਿਹਣਾ ਐ? ਕੋਈ ਜੱਗੋਂ-ਨਿਆਰੀ ਗੱਲ ਤਾਂ ਸਾਡੇ ਵਿਚ ਹੀ ਹੋਣ ਨਹੀਂ ਲੱਗੀ। ਸਾਰੀ ਦੁਨੀਆਂ ਹੀ ਅੱਡ ਹੁੰਦੀ ਆਈ ਐ। ਜੇ ਸੁੱਖ ਨਾਲ ਭਰਾ ਹੋਣਗੇ, ਉਹ ਅੱਡ ਤਾਂ ਹੋਣਗੇ ਹੀ। ਜੇ ਕੋਈ ਕਿਸਮਤ ਦਾ ਮਾਰਿਆ ਕੱਲਾ ਹੋਊ, ਅੱਡ ਨਾ ਹੋਊ। ਫੇਰ ਇਹਨਾ ਸਮਝੌਤੀਆਂ ਦੀ ਕੀ ਲੋੜ?" ਮਹਿੰਦਰੋ ਦੇ ਬੋਲ ਵਿਚ ਪਹਿਲਾਂ ਵਾਲਾ ਹੀ ਗੜ੍ਹਕਾ ਕਾਇਮ ਸੀ।

"ਨੀ ਤੂੰ ਦੋ ਘੜੀਆਂ ਜਰਾਂਦ ਕਰ। ਅੱਡ ਹੋ ਕੇ ਲਾਹ ਲਈਂ ਚਾਅ", ਗੁਰਨਾਮੇ ਨੇ ਆਪਣੇ ਸੁਭਾਅ ਦੇ ਉਲਟ ਵਿਅੰਗ ਕੀਤਾ।

"ਸਾਨੂੰ ਤਾਂ ਨਾ ਕੋਈ ਚਾਅ ਐ, ਜੇਠੇ, ਤੇ ਨਾ ਕੋਈ ਮਲਾਲ ਐ। ਜੱਗ-ਜਹਾਨ ਅੱਡ ਹੁੰਦਾ ਐ, ਆਪਣੇ ਹੁੰਦੇ ਐ ਤਾਂ ਕੀ ਹੋਇਆ", ਮਹਿੰਦਰੋ ਗੱਲ ਮੁਕਦੀ ਕਰ ਦੇਣਾ ਚਾਹੁੰਦੀ ਸੀ।

ਜਿਉਂ-ਜਿਉਂ ਅੱਡ ਹੋਣ ਦੀ ਗੱਲ ਅੱਗੇ ਵਧਦੀ ਸੀ, ਵਿਹੜੇ ਵਿਚ ਇਕ ਤਣਾਉ ਜਿਹਾ ਤਣਦਾ ਜਾ ਰਿਹਾ ਸੀ। ਕਈ ਸਿਆਣੇ ਲੋਕ ਅਜੇ ਵੀ ਏਕਾ ਕਰਵਾਉਣ ਦੇ ਪੱਖ ਵਿਚ ਸਨ। ਉਹ ਕਹਿੰਦੇ ਸਨ, ਸਧਾਰਨ ਜਿਹੇ ਇਸ ਘਰ ਵਿਚ ਦੋ ਕੰਧਾਂ ਕੱਢ ਕੇ ਤਿੰਨਾਂ ਭਰਾਵਾਂ ਦੇ ਘਰ ਤਾਂ ਉਂਜ ਹੀ ਘੁਰਨੀਆਂ ਜਿਹੀਆਂ ਬਣ ਜਾਣੇ ਸਨ। ਉਹ ਦਲੀਲਾਂ ਦਿੰਦੇ ਸਨ, ਤਿੰਨੇ ਭਰਾ ਮਿਲ ਕੇ ਕੰਮ ਕਰਨ ਤਾਂ ਬਰਕਤ ਰਹੇ। ਜੱਟ ਦੇ ਪੁੱਤ ਨੂੰ ਤਾਂ ਸਿਰ ਉੱਤੇ ਪੰਡ ਚੁਕਵਾਉਣ ਲਈ ਵੀ ਦੂਜੇ ਬੰਦੇ ਦੀ ਲੋੜ ਹੁੰਦੀ ਹੈ। ਇਕੱਲੇ-ਇਕੱਲੇ ਕੀ ਕਰਨਗੇ? ਸੀਰੀਆਂ-ਨੌਕਰਾਂ ਦੇ ਵੱਸ ਪੈਣਗੇ।

ਵੰਡੀਆਂ ਪਾਉਣ ਦੀ ਗੱਲ ਪੱਕੀ ਹੋ ਗਈ ਦੇਖ ਕੇ ਸਰਪੰਚ ਨੇ ਫੇਰ ਕਿਹਾ, "ਕਿਉਂ ਭਾਈ ਮੁੰਡਿਓ, ਜੇ ਕਿਸੇ ਹੀਲੇ ਵੀ ਏਕਾ ਨ੍ਹੀਂ ਰਹਿਣਾ, ਤਾਂ ਫੇਰ ਕਰੀਏ ਵੰਡ-ਵੰਡਾਰਾ?"

ਹੁਣ ਤਾਂ ਚੁੱਪ ਰਹਿਣਾ ਵੀ ਔਖਦਾ ਸੀ। ਬਿਨਾਂ ਬੋਲਿਆਂ ਕਿੰਨਾ ਕੁ ਚਿਰ ਸਰ ਸਕਦਾ ਸੀ! ਸੋ ਤਿੰਨਾਂ ਭਰਾਵਾਂ ਨੇ ਮਲਵੀਂ ਜਿਹੀ ਜੀਭ ਨਾਲ ਹਾਮੀ ਭਰ ਦਿੱਤੀ।

"ਕਿਉਂ ਭਾਈ ਮੈਂਗਲ ਸਿਆਂ, ਤੇਰੀ ਕੀ ਰਾਇ ਐ?" ਪੰਚਾਇਤ ਨੇ ਪੁੱਛਿਆ।

ਤੇ ਇਹੋ ਸਾਰੀ ਗੱਲ ਦੀ ਚੂਲ ਸੀ — ਮੈਂਗਲ ਦੀ ਰਾਇ। ਜੇ ਉਹ ਵੀ ਵਿਆਹਿਆ ਹੁੰਦਾ, ਉਹਦੀ ਰਾਇ ਵੱਖਰੀ ਪੁਛਣ ਦੀ ਲੋੜ ਹੀ ਨਾ ਪੈਂਦੀ। ਪਰ ਹੁਣ ਤਾਂ ਉਹਦੀ ਗੱਲ ਹੀ ਹੋਰ ਸੀ।

ਜੇ ਮੈਂਗਲ ਦੋਵਾਂ ਵਿਆਹਿਆਂ ਵਿਚੋਂ ਕਿਸੇ ਇਕ ਭਰਾ ਨਾਲ ਹੋ ਜਾਂਦਾ, ਉਹਦੇ ਹਿੱਸੇ ਦੀ ਜ਼ਮੀਨ ਅੰਤ ਨੂੰ ਉਸੇ ਭਰਾ ਦੀ ਹੀ ਹੋ ਰਹਿਣੀ ਸੀ। ਮੈਂਗਲ ਦੇ ਜਿਉਂਦੇ-ਜੀਅ ਤਾਂ ਉਹਦੀ ਜ਼ਮੀਨ ਉਸ ਭਰਾ ਨੇ ਖਾਣੀ ਹੀ ਸੀ, ਪਰ ਦੂਜੇ ਘਰ ਨੂੰ ਅੱਧ ਤਾਂ ਉਹਦੇ ਮਰੇ ਮਗਰੋਂ ਵੀ ਨਹੀਂ ਸੀ ਮਿਲਣਾ। ਜ਼ਮੀਨ ਦੇ ਇਕ-ਇਕ ਓਰੇ ਖਾਤਰ ਜੱਟ ਜੱਟ ਦਾ ਪਾਪਣ ਬੋਲਦੇ ਹਨ ਅਤੇ ਮੈਂਗਲ ਵਰਗਿਆਂ ਦੇ ਜੁਠੇ ਤਾਂ ਰੋਟੀ ਦੇਣ ਵਾਲੇ ਭਤੀਜੇ ਪਹਿਲਾਂ ਹੀ ਚਹੇ ਹੋਏ ਆਪਣੇ ਨਾਂ ਲਿਖਾ ਕਰਵਾ ਕੇ ਕੂਆ ਲੈਂਦੇ ਹਨ। ਕਿਸੇ ਇਕ ਭਰਾ ਨਾਲ ਮੈਂਗਲ ਦੇ ਰਹਿਣ ਦੀ ਸੂਰਤ ਵਿਚ ਦੋਵਾਂ ਧਿਰਿਆਂ ਦਾ ਇਕੱਠਾ ਘਰ ਵੀ ਵਾਹਵਾ ਖੁਲ੍ਹਾ ਰਹਿਣਾ ਸੀ। ਤੀਜੇ ਘਰ ਵਿਚ ਤਾਂ ਜੱਟ ਦੇ ਹਲ-ਪੰਜਾਲੀ ਹੀ ਨਹੀਂ ਟਿਕਦੇ ਅਤੇ ਢੱਠੀ ਦਾ ਦਰੀਆਂ ਬੁਣਨ ਵਾਲਾ ਅੱਡਾ ਹੀ ਨਹੀਂ ਗੱਡਿਆ ਜਾਂਦਾ।

ਤੇ ਜੇ ਮੈਂਗਲ ਦੋਵਾਂ ਭਰਾਵਾਂ ਤੋਂ ਅੱਡ ਹੋ ਜਾਂਦਾ, ਉਹਨੂੰ ਚੂੰਡ-ਚੂੰਡ ਕੇ ਲੋਕਾਂ ਨੇ ਹੀ ਮਾਂਜ ਦੇਣਾ ਸੀ। ਨਸ਼ਿਆਂ ਅਤੇ ਐਬਾਂ ਵਿਚ ਫਸਾ ਕੇ ਜ਼ਮੀਨ ਕੀ, ਲੋਕਾਂ ਨੇ ਉਹਦਾ ਕੁੱਲਾ-ਕੋਠਾ ਵੀ ਖਾ ਜਾਣਾ ਸੀ। ਮੈਂਗਲ ਸਿੰਘ ਤਾਂ ਉਹ ਵਿਚਾਰਾ ਜ਼ਿੰਦਗੀ ਵਿਚ ਕਦੀ ਬਣਿਆ ਹੀ ਨਹੀਂ ਸੀ, ਫੇਰ ਤਾਂ ਉਹਨੇ ਮੈਂਗਲ ਤੋਂ ਵੀ ਮੈਂਗਲ ਅਮਲੀ ਬਣ ਕੇ ਰਹਿ ਜਾਣਾ ਸੀ। ਜਿਉਂਦੇ-ਜੀਅ ਹੀ ਉਹਨੇ ਘਰ-ਜ਼ਮੀਨ ਸੰਘ ਤੋਂ ਹੇਠਾਂ ਉਤਾਰ ਛੱਡਣੇ ਸਨ ਅਤੇ ਦੋਵਾਂ ਭਰਾਵਾਂ ਦੇ ਪਰਿਵਾਰਾਂ ਲਈ ਕੇਵਲ ਨਮੋਸ਼ੀ ਪਿਛੇ ਛੱਡ ਜਾਣੀ ਸੀ।

ਜੇ ਮੈਂਗਲ ਨਸ਼ਿਆਂ ਦੇ ਰਾਹ ਨਾ ਵੀ ਪੈਂਦਾ, ਉਹ ਕਿਸੇ ਮੁੱਲ ਦੀ ਤੀਵੀਂ ਦਾ ਬੰਨ੍ਹ-ਸੁੱਬ ਕਰ ਸਕਦਾ ਸੀ। ਘਰ-ਜ਼ਮੀਨ ਤਾਂ ਹੱਥੋਂ ਜਾਂਦੇ ਹੀ ਜਾਂਦੇ, ਬਰਾਬਰ ਦੀ ਸ਼ਰੀਕਣੀ ਹਿੱਕ ਉਤੇ ਪਿੱਪਲ ਲਗ ਜਾਣੀ ਸੀ। ਅੱਜ ਉਹਨੇ ਮੁੱਲ ਦੀ ਤੀਵੀਂ ਲਿਆਉਣੀ ਸੀ ਅਤੇ ਭਲਕੇ ਉਹਦੇ ਜੁਆਕ ਜੰਮ ਪੈਣੇ ਸਨ—ਉਹਦੀ ਢੇਰੀ ਦੇ ਵਾਰਸ!

"ਮੇਰੀ ਕਾਹਦੀ ਰਾਇ ਐ, ਜਿਵੇਂ ਪੰਚਾਇਤ ਫੈਸਲਾ ਕਰੂ, ਠੀਕ ਐ", ਮੈਂਗਲ ਨੇ ਪੱਗ ਦੇ ਢਿਲਕਦੇ ਜਾਂਦੇ ਲੜ ਨੂੰ ਠੀਕ ਕਰਦਿਆਂ ਕਿਹਾ।

"ਫੇਰ ਵੀ, ਤੂੰ ਆਬਦੀ ਰਾਇ ਤਾਂ ਦੱਸ। ਤੇਰੇ ਦਿਲ ਵਿਚ ਜੋ ਕੁਝ ਹੈ, ਆਖ ਦੇ। ਪੰਚਾਇਤ ਤਾਂ ਰੱਬ ਹੁੰਦੀ ਐ ਕਮਲਿਆ, ਪੰਚਾਇਤ ਤੋਂ ਝਿਜਕ ਜਾਂ ਸੰਗ ਕਾਹਦੀ?" ਪੰਚਾਇਤ ਦੇ ਕੁਝ ਹੋਰ ਬੰਦੇ ਬੋਲੇ।

ਸੋਹਣਾ ਅਮਲੀ ਫੇਰ ਰਉਂ ਵਿਚ ਆ ਗਿਆ ਸੀ। ਹੁਣ ਜਦੋਂ ਗੱਲ ਐਨ ਸਿਖਰ ਉੱਤੇ ਪਹੁੰਚ ਚੁੱਕੀ ਸੀ, ਉਹ ਚੁੱਪ ਕਿਵੇਂ ਰਹਿ ਸਕਦਾ ਸੀ। ਉਹਨੇ ਪਰਨਾ ਖੱਬੇ ਮੋਢਿਉਂ ਸੱਜੇ ਉੱਤੇ ਬਦਲਦਿਆਂ ਕਿਹਾ, "ਕਿਉਂ ਬਈ ਪੰਚਾਇਤੇ, ਭੋਲੀਆਂ ਬਾਤਾਂ ਕਿਉਂ ਕਰਦੇ ਓਂ? ਗੱਲ ਕਰੋ ਰਾਹ-ਸਿਰ ਦੀ। ਢੇਰੀਆਂ ਪਾਉ ਤਿੰਨ। ਮਗਰੋਂ ਆਪੇ ਮੈਂਗਲ ਸਿਉਂ ਜਿਵੇਂ ਮਰਜ਼ੀ ਕਰੇ!"

ਇਕੱਠ ਵਿਚੋਂ ਕੁਝ ਹੋਰਾਂ ਨੇ ਹਾਮੀ ਭਰੀ, "ਗੱਲ ਤਾਂ ਬਈ ਸੋਹਣਾ ਸਿਉਂ ਦੀ ਲੱਖ ਰੁਪਈਏ ਦੀ ਐ। ਨਿਤਾਰਾ ਕਰਕੇ ਰੱਖ ਦਿਤਾ ਕੇਰਾਂ ਤਾਂ। ਰਾਵਾਂ ਪੁੱਛਣ ਦਾ ਆਪਣਾ ਕੀ ਕੰਮ! ਤਿੰਨ ਭਰਾ ਐ, ਤਿੰਨ ਹਿੱਸੇ ਕਰੋ। ਇਹੋ ਪੰਚਾਇਤੀ ਤਰੀਕਾ ਐ। ਆਪੇ ਮਗਰੋਂ ਮੈਂਗਲ ਜਿਵੇਂ ਚਾਹੇ, ਕਰੇ।"

"ਉਇ ਆਹੋ ਭਾਈ, ਆਪਾਂ ਇਹਤੋਂ ਖੜ੍ਹੇ-ਪੈਰ ਫੈਸਲਾ ਕਿਉਂ ਮੰਗੀਏ? ਦਿਲ ਕਰੂ ਤਾਂ ਆਬਦੀਆਂ ਦੋ ਮੰਨੀਆਂ ਆਪੇ ਸੇਕ ਲਿਆ ਕਰੂ। ਜੇ ਕਿਧਰੋਂ ਵਿਚਾਰੇ ਨੂੰ ਦੋ ਰੋਟੀਆਂ ਉਕਰ-ਆਦਰ ਨਾਲ ਚੱਜ ਦੀਆਂ ਮਿਲਣੀਆਂ, ਆਪੇ ਓਧਰ ਹੋ ਜਾਊ। ਜਿਵੇਂ ਵਖਤ ਹੋਊ, ਵਿਚਾਰ ਲਊ। ਜਿਹੋ ਜਿਹੀ ਹਵਾ ਹੋਊ, ਉਹੋ ਜਿਹਾ ਓਹਲਾ ਕਰ ਲਊ। ਇਕ ਵਾਰੀ ਆਪਾਂ ਤਾਂ ਦੂਜੇ ਭਾਈਆਂ ਦੇ ਬਰਾਬਰ ਦਾ ਕਰੋ!" ਕੁਝ ਹੋਰਨਾਂ ਨੇ ਰਾਇ ਦਿੱਤੀ।

"ਉਇ ਭਾਈ, ਆਪਾਂ ਤਾਂ ਕਦੇ ਲਿੱਪ-ਲਿੱਪ ਕੀਤੀ ਨ੍ਹੀਂ, ਨਾ ਕਦੂ ਸੱਚ ਕਹਿਣੋਂ ਡਰੇ ਆਂ", ਸੋਹਣਾ ਅਮਲੀ ਬਹੁਤੇ ਲੋਕਾਂ ਨੂੰ ਆਪਣੇ ਪੱਖ ਵਿਚ ਬੋਲਦੇ ਸੁਣਕੇ ਸ਼ੇਰ ਹੋ ਗਿਆ ਸੀ। "ਪੰਚਾਇਤ ਦਾ ਧਰਮ ਐ, ਸਭ ਨੂੰ ਇਕੋ ਅੱਖ ਨਾਲ ਦੇਖਣਾ। ਕੋਈ ਭਰਾ ਤਕੜਾ ਹੋਵੇ, ਕੋਈ ਵਿਆਹਿਆ ਹੋਵੇ, ਕੋਈ ਛੜਾ, ਆਪਣੇ ਵਾਸਤੇ ਤਾਂ ਸਭ ਏਕ ਨੇ", ਉਹ ਪੂਰਾ ਪੰਚਾਇਤੀ ਬਣਿਆ ਖੜ੍ਹਾ ਸੀ।

ਇਕ ਵਾਰ ਫੇਰ ਵਿਹੜੇ ਵਿਚ ਤਣਾਉ-ਭਰੀ ਚੁੱਪ ਛਾ ਗਈ। ਗੁਰਜੰਟ ਨੂੰ ਗੋਦੀ ਚੁੱਕੀਂ ਇਕ ਹੱਥ ਨਾਲ ਘੁੰਡ ਨੂੰ ਘੁੱਟ ਕੇ ਫੜਦਿਆਂ ਮਹਿੰਦਰੋ ਕੁਝ ਹੋਰ ਅੱਗੇ ਵਧੀ। ਵਿਹੜੇ ਵਿਚ ਜੁੜੇ ਸਭਨਾਂ ਨੇ ਜਿਵੇਂ ਇਹ ਦੇਖਣ ਲਈ ਸਾਹ ਤੱਕ ਰੋਕ ਲਏ ਕਿ ਹੁਣ ਉਹ ਤਾਸ਼ ਦਾ ਕਿਹੜਾ ਪੱਤਾ ਸੁਟਦੀ ਹੈ। ਜਿਉਂ-ਜਿਉਂ ਉਹ ਅੱਗੇ ਪੈਰ ਰੱਖ ਰਹੀ ਸੀ, ਉਹਦੀ ਅੱਖ ਦੇ ਲਟ-ਲਟ ਬਲਦੇ ਦੀਵੇ ਦੀ ਲਾਟ ਹੋਰ ਉੱਚੀ ਉੱਠ ਰਹੀ ਸੀ।

"ਮੇਰੀ ਵੀ ਇਕ ਗੱਲ ਸੁਣ ਲਉ ਪੰਚਾਇਤੇ!" ਉਹਦੀ ਆਵਾਜ਼ ਦੀ ਤਿੱਖੀ ਨੋਕ ਨਾਲ ਚੁੱਪ ਦਾ ਸ਼ੀਸ਼ਾ ਕੀਚਰਾਂ ਹੋ ਕੇ ਖਿੰਡ ਗਿਆ। "ਪੰਚਾਇਤ ਮਾਪੇ ਹੁੰਦੀ ਐ। ਤੁਸੀਂ ਮੇਰੇ ਮਾਪੇ! ਛੋਟੇ-ਵੱਡੇ ਦੀ ਪਰ੍ਹੋਂ ਐ ... ਪਰ ਸੱਚ ਦੀ ਸ਼ਰਮ ਕਾਹਦੀ... ਸ਼ਰ੍ਹਾ ਵਿਚ ਸ਼ਰਮ ਨ੍ਹੀਂ ..."

ਸਭ ਦੀਆਂ ਅੱਖਾਂ ਮਹਿੰਦਰੋ ਵੱਲ ਮੁੜ ਗਈਆਂ, ਪਰ ਬੋਲਿਆ ਕੋਈ ਕੁਝ ਨਾ। ਕਿਸੇ ਤੋਂ ਕੁਝ ਬੋਲਿਆ ਹੀ ਨਹੀਂ ਸੀ ਜਾ ਰਿਹਾ। ਸਭ ਦੀਆਂ ਜੀਭਾਂ ਜਿਵੇਂ ਠਾਕੀਆਂ ਗਈਆਂ ਸਨ। ਪਾਲੇ ਨੇ ਕਚੀਚੀ ਵੱਟੀ। ਉਹਦਾ ਦਿਲ ਕੀਤਾ, ਉਹ ਮਹਿੰਦਰੋ ਨੂੰ ਗਲੋਂ ਜਾ ਫੜੇ ਜਾਂ ਲਲਕਾਰਾ ਮਾਰ ਕੇ ਪਿੱਛੇ ਹਟਾ ਦੇਵੇ। ਪਰ ਉਸ ਉੱਤੇ ਵੀ ਜਿਵੇਂ ਕੋਈ ਟੂਣਾ ਹੋ ਗਿਆ ਸੀ। ਉਹਨੇ ਵੱਢਖਾਣੀਆਂ ਅੱਖਾਂ ਨਾਲ ਮਹਿੰਦਰੋ ਨੂੰ ਦੇਖਿਆ ਤਾਂ ਸਹੀ, ਪਰ ਬੋਲ ਉਹ ਵੀ ਕੁਝ ਨਾ ਸਕਿਆ।

"ਮੈਂਗਲ ਦੀ ਜ਼ਮੀਨ ਜਾਊ ਮੈਂਗਲ ਦੀ ਔਲਾਦ ਨੂੰ!" ਮਹਿੰਦਰੋ ਨੇ ਦੋ-ਟੁੱਕ ਫੈਸਲਾ ਦੇ ਦਿੱਤਾ।

"ਮੈਂਗਲ ਦੀ ਔਲਾਦ?" ਸਾਰਿਆਂ ਦੇ ਮੂੰਹ ਟੱਡੇ ਦੇ ਟੱਡੇ ਰਹਿ ਗਏ।

"ਔਹ ਦਿਸਦੇ ਵੱਡੇ ਮਹਾਰਾਜ ਦਾ ਝੰਡਾ", ਮਹਿੰਦਰੋ ਨੇ ਕੰਧ ਉਤੋਂ ਦੀ ਦਿਸਦੇ ਗੁਰਦੁਆਰੇ ਦੇ ਉੱਚੇ ਨਿਸ਼ਾਨ ਸਾਹਿਬ ਵੱਲ ਹੱਥ ਕੀਤਾ, ਜੋ ਧੀਮੀ ਚਾਲ ਚਲਦੀ ਪੌਣ ਵਿਚ ਝੂਲ ਰਿਹਾ ਸੀ। "ਉਹਨੂੰ ਹਾਜ਼ਰ-ਨਾਜ਼ਰ ਜਾਣ ਕੇ ਮੈਂਗਲ ਉਠੇ। ਜੇ ਤਾਂ ਆਹ ਜੁਆਕ ਇਹਦੈ, ਤਾਂ ਇਹਨੂੰ ਚੁੱਕ ਲਵੇ ਗੋਦੀ, ਨਹੀਂ ਤਾਂ ..."

ਤੇ ਮਹਿੰਦਰੋ ਨੇ ਇਹ ਕਹਿੰਦਿਆਂ ਭੌਰ-ਭੌਰ ਹੋਏ ਗੁਰਜੰਟ ਨੂੰ ਗੋਦੀਉਂ ਲਾਹ ਕੇ ਪੰਚਾਇਤ ਦੇ ਵਿਚਾਲੇ ਜਾ ਬਿਠਾਇਆ।

ਵਿਹੜੇ ਵਿਚ ਜ਼ੋਰ ਦੀ ਘੁਸਰ-ਮੁਸਰ ਹੋਈ। ਸਭ ਦੇ ਮੂੰਹੋਂ ਆਪ-ਮੁਹਾਰਾ ਕੁਝ ਨਾ ਕੁਝ ਨਿੱਕਲ ਰਿਹਾ ਸੀ। ਅਜੀਬ ਭਿਣਭਿਣ ਹੋ ਰਹੀ ਸੀ, ਜਿਵੇਂ ਕਿਸੇ ਨੇ ਮਖਿਆਲ ਦੀਆਂ ਮੱਖੀਆਂ ਦੇ ਛੱਤੇ ਵਿਚ ਡਲਾ ਮਾਰ ਦਿੱਤਾ ਹੋਵੇ।

ਮੈਂਗਲ ਨੇ ਨਜ਼ਰ ਚੁੱਕ ਕੇ ਲੋਕਾਂ ਵੱਲ ਦੇਖਿਆ—ਕੁਝ ਪੰਚਾਇਤੀ ਨੀਵੀਆਂ ਪਾ ਕੇ ਧਰਤੀ ਉੱਤੇ ਲੀਕਾਂ ਵਾਹ ਰਹੇ ਸਨ, ਕੁਝ ਹੈਰਾਨ ਹੋ ਕੇ ਕਦੇ ਮੈਂਗਲ ਵੱਲ ਤੇ ਕਦੇ ਮਹਿੰਦਰੋ ਵੱਲ ਦੇਖ ਰਹੇ ਸਨ, ਸੋਹਣੇ ਅਮਲੀ ਵਰਗੇ ਮੁਸਕੜੀਏਂ ਹੱਸ ਰਹੇ ਸਨ ਅਤੇ ਇਕ ਪਾਸੇ ਖਲੋਤੇ ਮੈਂਗਲ ਦੇ ਹਾਣੀ ਮੁੱਛਾਂ ਨੂੰ ਵੱਟ ਦਿੰਦੇ ਹੋਏ ਕਹਿ ਰਹੇ ਸਨ, "ਵਾਹ ਨੀ ਮਰਦੀ ਦੀਏ ਬੱਚੀਏ.... ਸ਼ੇਰਨੀ ਦਾ ਦੁੱਧ ਪੀਤੈ ਬਈ ਭਾਬੀ ਨੇ ਸ਼ੇਰਨੀ ਦਾ ... ਵਾਹ ਉਇ ਮਿੱਤਰਾ ਮੈਂਗਲ ਸਿਆਂ... ਅਸੀਂ ਤਾਂ ਐਵੇਂ ਗੱਪੂ ਸਮਝਦੇ ਰਹੇ, ਸੱਚ-ਪੁੱਤਰ ਨਿਕਲਿਆ ਬਈ ਸੂਰਮਾ... ਬੜੀ ਨਰ ਤੀਵੀਂ ਐ ਬਈ ਮਹਿੰਦਰੋ...ਬੜਾ ਯੋਧਾ ਐ ਬਈ ਮੈਂਗਲ ਸਿਉਂ!"

ਮਹਿੰਦਰੋ ਦੀ ਤਿੱਖੀ ਆਵਾਜ਼ ਨਾਲ ਚੁੱਪ ਫੇਰ ਛਾ ਗਈ। ਮੈਂਗਲ ਨੂੰ ਉਲਝਿਆ ਜਿਹਾ ਦੇਖ ਉਹ ਲਲਕਾਰ ਕੇ ਬੋਲੀ, "ਮੈਂਗਲਾ! ਜਾਣ ਉੱਚੇ ਝੰਡੇ ਵਾਲੇ ਵਡੇ ਮਹਾਰਾਜ ਨੂੰ ਹਾਜ਼ਰ-ਨਾਜ਼ਰ! ਸੱਚ ਬੋਲ ਭਰੀ ਪੰਚਾਇਤ ਵਿਚ। ਸੱਚ ਤੋਂ ਕਾਹਦਾ ਡਰਨਾ!"

ਮੈਂਗਲ ਨੇ ਮਹਿੰਦਰੋ ਵੱਲ ਦੇਖਿਆ ਤਾਂ ਉਹਨੂੰ ਲੱਗਿਆ ਜਿਵੇਂ ਘੁੰਡ

(ਬਾਕੀ ਪੰਨਾ 13 ਉੱਤੇ)

ਵਿਅੰਗ

ਪੰਡੀ ਸਾਹਿਬ

ਕੇ. ਐਲ. ਗਰਗ

ਪੰਜਾਬੀ ਦਾ ਇਕ ਪ੍ਰਸਿੱਧ ਅਖਾਣ ਹੈ : 'ਅਫ਼ਸਰ ਦੇ ਅਗਾੜੀ ਅਤੇ ਘੋੜੇ ਦੇ ਪਿਛਾੜੀ ਕਦੀ ਨਹੀਂ ਹੋਣਾ ਚਾਹੀਦਾ।' ਘੋੜਾ ਤਾਂ ਨਿਮਾਣਾ ਐਵੇਂ ਹੀ ਮੁਫ਼ਤ 'ਚ ਬਦਨਾਮ ਐ ਵੈਸੇ ਦੁਲੱਤੀ ਤਾਂ ਗਧੇ ਦੀ ਮਸ਼ਹੂਰ ਹੈ। ਅਫ਼ਸਰ ਵੀ ਵਿਚਾਰਾ ਕੀ ਕਹਿਦੈ ਜੇ ਤੁਸੀਂ ਉਸਦੇ ਚਮਚੇ ਜਾਂ ਕੜਛੇ ਬਣ ਜਾਓ। ਪਰ ਕਿਸੇ ਵੱਡੇ ਤੇ ਪ੍ਰਸਿੱਧ ਲੇਖਕ ਦੇ ਅੱਗੇ ਜਾਂ ਪਿੱਛੇ ਚਲ ਕੇ ਤਾਂ ਬਚਣਾ ਈ ਕੀ ਐ, ਕੋਈ ਨਵ-ਪੁੰਗਰਦਾ ਲੇਖਕ ਉਸ ਦੀ ਬਗਲ 'ਚ ਜਾਂ ਨਾਲ ਨਾਲ ਚੱਲ ਕੇ ਜਾਨ-ਮਾਲ, ਧਰਮ-ਕਰਮ-ਸ਼ਰਮ ਤੋਂ ਹੱਥ ਧੋ ਬਹਿੰਦੈ।

ਮੱਸ-ਫੁਟਦਾ ਲੇਖਕ ਸੌ ਮੀਲ ਫੀ ਘੰਟੇ ਦੀ ਰਫ਼ਤਾਰ ਤੇ ਆ ਰਹੀ ਗੱਡੀ ਨਾਲ ਟਕਰਾ ਕੇ, ਤੇਜ਼ ਲਾਟਾਂ ਛੱਡਦੀ ਭੱਠੀ 'ਚ ਡਿੱਗ ਕੇ, ਕਿਸੇ ਨਖਰਿਆਂ ਹੱਥੀਂ ਵਿਗੜੀ ਹੋਈ ਅਮੀਰਜ਼ਾਦੀ ਨਾਲ ਇਸ਼ਕ ਕਰਕੇ ਜਾਂ ਗੰਦੀ ਉਲਾਦ ਪੈਦਾ ਕਰਕੇ ਵਾਲ-ਵਾਲ ਬਚ ਸਕਦੈ, ਪਰ ਕਿਸੇ ਵੱਡੇ ਲੇਖਕ ਦੇ ਪਰਛਾਵੇਂ 'ਚ ਤੁਰ ਕੇ ਉਸਦੇ ਜਿਉਂਦੇ ਰਹਿਣ ਦੀ ਇਕ ਪਰਸੈਂਟ ਵੀ ਆਸ ਨਹੀਂ ਰਹਿੰਦੀ ਭਾਵੇਂ ਕਿੰਨ੍ਹੇ ਦਾ ਹੀ ਬੀਮਾ ਕਰਾਵੇ, ਕੰਪਨੀ ਵਾਲੇ ਵੀ ਤੌਬਾ ਤੌਬਾ ਕਰਕੇ ਐਡਾ ਵੱਡਾ ਰਿਸਕ ਲੈਣ ਤੋਂ ਕੰਨੀਂ ਕਤਰਾ ਜਾਣ।

ਸ਼ਹਿਰ ਦੇ ਉੱਭਰਦੇ ਕਵੀ 'ਪੰਡੀ' ਸਾਹਿਬ ਨੇ ਸ਼ਹਿਰ ਦੇ ਸਿਰਕੱਢ ਤੇ ਸਿਰ-ਵੱਢ ਕਵੀ 'ਦਰਦੀ' ਸਾਹਿਬ ਦੀ ਨਵੀਂ ਨਵੀਂ ਚਿਲਮ ਭਰਨੀ ਸ਼ੁਰੂ ਕੀਤੀ ਸੀ। 'ਦਰਦੀ' ਸਾਹਿਬ ਨੂੰ ਸਵੇਰੇ ਸ਼ਾਮੀਂ ਸੈਰ ਕਰਨ ਦਾ ਦੌਰਾ ਪਿਆ ਕਰਦਾ ਸੀ। ਜ਼ਰੂਰੀ ਸੀ ਕਿ ਹੁਣ ਇਹ ਦੌਰਾ ਸ਼ਗਿਰਦ ਨੰਬਰ ਇਕ ਪੰਡੀ ਨੂੰ ਵੀ ਫੌਰਨ ਤੋਂ ਪਹਿਲਾਂ ਪੈਣ ਲਗ ਪਿਆ। ਪਹਿਲਾਂ 'ਦਰਦੀ' ਸਾਹਿਬ ਇਕੱਲੇ ਹੀ ਤਸ਼ਰੀਫ਼ ਦਾ ਟੋਕਰਾ ਚੁੱਕ ਲੈ ਜਾਂਦੇ ਪਰ ਹੁਣ 'ਪੰਡੀ' ਹੁਰੀਂ ਵੀ ਆਪਣੀ ਨਿੱਕੀ ਜਿਹੀ ਤਸ਼ਰੀਫ਼ ਦੀ ਟੋਕਰੀ ਚੁੱਕੀ, ਛਿੱਬ-ਖੜਿੱਬੀ ਜੁੱਤੀ ਘਸੀਟਦੇ 'ਦਰਦੀ' ਸਾਹਿਬ ਦੇ ਪਿੱਛੇ ਪਿੱਛੇ ਤੁਰੇ ਜਾਂਦੇ। 'ਦਰਦੀ' ਸਾਹਿਬ ਨੂੰ ਬਹੁਤ ਹੀ ਤੇਜ਼ ਤੁਰਨ ਦੀ ਚੰਦਰੀ ਆਦਤ ਸੀ ਪਰ 'ਪੰਡੀ' ਹੁਰੀਂ ਬਹੁਤ ਹੀ ਹੌਲੀ ਹੌਲੀ ਕਦਮ ਪੁੱਟਦੇ। ਨਤੀਜਾ ਇਹ ਹੁੰਦਾ ਕਿ 'ਦਰਦੀ' ਸਾਹਿਕ ਕੇਵਲ ਤੁਰਦੇ ਹੀ ਤੇ 'ਪੰਡੀ' ਉਹਨਾਂ ਨਾਲ ਕਦਮ ਮੇਲਣ ਲਈ ਵਾਹੋਦਾਹੀ ਭੱਜਦਾ। ਦਰਦੀ ਹੁਰੀਂ ਸੁੱਖ ਨਾਲ ਲੰਮੇ ਝੰਮੇ, ਮੋਟੇ ਤਾਜ਼ੇ, ਤਿੰਨ ਚਾਰ ਬੰਦਿਆਂ ਦੀ ਖੁਰਾਕ ਨੂੰ ਮਾਂਜਾ ਲਾਉਣ ਵਾਲੇ ਤੇ ਪੰਡੀ ਵਿਚਾਰਾ ਪੰਡੀਆਂ ਵਾਂਗ ਮਾੜੇ ਮੋਟੇ ਚੋਗੇ ਤੇ ਭੋਰੇ ਚੋਰੇ ਤੇ ਵਿਰਨ ਵਾਲਾ ਸੁੱਕਾ, ਨਿੱਕਾ ਤੇ ਮਾਂ ਮਛੋਹਰ — ਇਉਂ ਲਗਦਾ ਜਿਵੇਂ ਪੰਚਤੰਤਰ ਦੀ ਕਹਾਣੀ ਵਾਲੇ ਖਰਗੋਸ਼ ਅਤੇ ਕਛੂਏ ਨੇ ਹਿੜ ਕਰਕੇ, ਕਿ ਤਲਾਅ ਤੱਕ ਕਿਹੜਾ ਪਹਿਲਾਂ ਪਹੁੰਚਦਾ ਹੈ, ਦੀ ਸ਼ਰਤ ਲਾ ਲਈ ਹੋਵੇ। 'ਦਰਦੀ' ਸਾਹਿਬ ਨੂੰ ਸਾਰਾ ਸ਼ਹਿਰ ਜਾਣਦਾ ਸੀ ਪਰ ਵਿਚਾਰੇ ਪੰਡੀ ਨੂੰ ਉਹਨਾਂ ਦੀ ਜਾਣੇ ਬਲਾ। ਰੇਹੜੀ ਕੋਲ ਖੜਕੇ ਛੋਲੇ-ਕੁਲਚੇ ਖਾ ਰਹੀ ਮੁੰਡੀਰ 'ਚੋਂ ਦਰਦੀ ਅਤੇ ਪੰਡੀ ਨੂੰ ਇਕੱਠੇ ਆਉਂਦਿਆਂ ਵੇਖਕੇ, ਇਕ ਜਣਾ ਪੁੱਛ ਲੈਂਦਾ ;

"ਬਈ ਅੱਜ ਕੱਲ੍ਹ ਆਹ 'ਬੇਦਰਦੀ' ਨਾਲ ਕੌਣ ਫਿਰਦਾ ਪੂੰਛ ਬਣਿਆਂ ?"

"ਉਇਹ ਘੱਗੂਆ, ਇਹ ਪੂੰਛ ਨਹਾ ਪੰਡੀ ਸਾਹਿਬ ਨੇ, ਪੰਡੀ ਸਾਹਿਬ।"

"ਇਹ ਕਿਹੜੇ ਆਂਡੇ 'ਚੋਂ ਨਿਕਲੇ ਐ ਬਈ ?"

ਤੇ ਫਿਰ ਸਾਰੇ ਦੰਦੀਆਂ ਕੱਢ ਕੱਢ ਇਕੋ ਸਾਹੇ ਬੋਲ ਪੈਂਦੇ :

"ਗੰਦੇ ਆਂਡੇ 'ਚੋਂ ... ਗੰਦੇ ਆਂਡੇ 'ਚੋਂ ... ਹਾਂ...ਹਾਂ...ਹਾਂ...ਹੂ...ਹੂ..ਹੂ।"

ਤੇ ਫਿਰ ਉਹ ਸਾਰੇ ਆਪਣੇ ਆਪਣੇ ਗੰਧਰਵ ਸੈਨੀ ਸੁਰ ਵਿਚ ਇਕੋ ਸਾਹ ਮਿਲਕੇ-ਰਾਗ 'ਚ ਗਾਉਣ ਲੱਗ ਪੈਂਦੇ :

"ਬੇਦਰਦਾਂ ਦੀ ਯਾਰੀ।
ਪੰਡੀ ਉੱਡ ਜਾਣਗੇ.. ਲਾ ਕੇ ਲੰਮੀ ਉਡਾਰੀ।
ਪੰਡੀ ਉੱਡ ਜਾਣਗੇ।"

ਉੱਡਦੀ ਉੱਡਦੀ ਗੱਲ ਪੰਡੀ ਵੀ ਸੁਣ ਲੈਂਦਾ ਤੇ ਲਹੂ ਦੀ (ਆਪਣੇ ਦੀ ਹੀ ਕਿਸੇ ਹੋਰ ਦੀ ਨਹੀਂ!) ਘੁੱਟ ਭਰ ਰਹਿ ਜਾਂਦਾ। ਸ਼ਹਿਰ ਦੇ ਕਮ-ਨਜ਼ਰ ਬੁੱਢੇ ਠੇਰੇ ਜਿਹੜੇ 'ਦਰਦੀ' ਨੂੰ ਚੰਗੀ ਤਰ੍ਹਾਂ ਪਛਾਣਦੇ ਸਨ ਜਦੋਂ ਅੱਜ ਕਲ ਪੰਡੀ ਨੂੰ ਵੀ ਨਾਲ ਵੇਖਦੇ ਤਾਂ ਇਉਂ ਬਿਆਈ ਤੇ ਜ਼ੋਰ ਦੇ ਦੇਕੇ, ਘੂਰ ਘੂਰਕੇ ਉਹਨਾਂ ਵੱਲ ਵਿਹੰਦੇ ਜਿਵੇਂ ਕਿਸੇ ਸਾਧ ਨਾਲ ਕੋਈ ਜੇਬ ਕਤਰਾ ਆ ਰਲਿਆ ਹੋਵੇ। ਪੰਡੀ ਉਹਨਾਂ ਦਾ ਵਤੀਰਾ ਵੇਖਕੇ ਸਿਵਾਇ ਕੁੜ੍ਹਣ ਦੇ ਕਰ ਹੀ ਕੀ ਸਕਦਾ ਸੀ।

ਇਕ ਵਾਰੀ ਉਸ ਕਾਫ਼ੀ ਮਿਹਨਤ ਤੋਂ ਬਾਅਦ ਇਕ ਕਵਿਤਾ ਲਿਖੀ। ਦਿਨ ਰਾਤ ਜਾਗ ਜਾਗ ਕੇ ਉਸ ਦੀ ਕਲਪਨਾ ਵਿਚ ਰੁੱਝਿਆ ਰਿਹਾ। ਨਾ ਰਾਤੀਂ ਨੀਂਦ ਨਾ ਦਿਨੇ ਚੈਨ। ਨਾ ਭੁੱਖ ਨਾ ਤੇਹ। ਕਵਿਤਾ ਲਿਖਣ ਤੋਂ ਬਾਦ ਪੰਡੀ ਨੂੰ ਇਉਂ ਲੱਗਾ ਜਿਵੇਂ ਉਹਨੇ ਕਵਿਤਾ ਨਹੀਂ ਸਤਮਾਹਾਂ ਜਨੇਪਾ ਕਟਿਆ ਹੋਵੇ। ਚਾਈਂ ਚਾਈਂ ਕਵਿਤਾ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ 'ਚ ਪੜ੍ਹਨ ਲਈ ਲੈ ਗਿਆ। ਬੜੇ ਹੀ ਜੋਸ਼ 'ਚ ਕਵਿਤਾ ਕਿਲ ਕਿਲ ਕੇ ਪੜ੍ਹੀ। ਉਹ ਸਮਝਦਾ ਸੀ ਕਿ ਐਡੀ ਵਧੀਆ ਕਵਿਤਾ ਸੁਣਕੇ ਲੋਕ ਜੇ ਖੁਸ਼ੀ ਨਾਲ ਪਾਗਲ ਨਾ ਵੀ ਹੋਏ ਤਾਂ ਘੱਟੋ ਘੱਟ ਪਾਗਲ ਹੋਣ ਦੇ ਨੇੜੇ ਤੇੜੇ ਤਾਂ ਅੱਪੜ ਹੀ ਜਾਣਗੇ। ਕਵਿਤਾ ਸੁਣਕੇ ਇਕ ਮੁੱਛਲਨੁਮਾ ਸੱਜਣ ਬੋਲੇ, "ਦਰਦੀ ਜੀ ਦੀ ਕਵਿਤਾ ਬੜੀ ਹੀ ਲਾ ਜਵਾਬ ਹੈ...ਵਿਆਹੀ ਜੱਟੀ ਦੇ ਸੱਗੀ ਫੁੱਲ ਵਰਗੀ" ਤੇ ਉਹ ਕੋਲੇ ਬੈਠੇ ਦੂਜੇ ਸੱਜਣਾਂ ਵੱਲ ਸੱਜੀ ਅੱਖ ਨੱਪ ਖਚਰਾ ਹਾਸਾ ਹੱਸਣ ਲੱਗ ਪਿਆ। ਪੰਡੀ ਜੀ ਨੇ ਸਮਝਿਆ ਕਿ ਸ਼ਾਇਦ ਉਸ ਲੇਖਕਨੁਮਾ ਆਦਮੀ ਤੋਂ ਗਲਤੀ ਨਾਲ ਪੰਡੀ ਦੀ ਥਾਂ ਦਰਦੀ ਬੋਲਿਆ ਗਿਆ ਹੈ। ਉਹ ਇਕ ਦਮ ਬੋਲਿਆ, "ਦਰਦੀ ਨਹੀਂ ਪੰਡੀ...ਪੰਡੀ।" ਤਾਂ ਉਸ ਆਦਮੀ ਨੇ ਬੜੀ ਹੀ ਘ੍ਰਿਣਾ ਨਾਲ ਮੂੰਹ ਬਣਾ ਕੇ ਕਿਹਾ "ਪੰਡੀ ? ਇਹ ਕਵਿਤਾ ਪੰਡੀ ਦੀ ਕਿਵੇਂ ਹੋਈ ਸਟਾਈਲ, ਲੈਂਗੁਏਜ਼....ਮੁਹਾਵਰਾ....ਵਿਸ਼ਾ ਆਦੀ ਤਾਂ ਸਭ ਦਰਦੀ ਆਲ਼ੇ। ਤੇ ...ਕਈ ਲੈਨਾਂ ਦੀਆਂ ਲੈਨਾਂ ਈ ਉਸਦੀਆਂ ਨੇ ਫਿਰ ਕਵਿਤਾ ਨੂੰ ਪੰਡੀ ਦੀ ਕਹੀਏ ਕਿ ਦਰਦੀ ਦੀ ?"

ਇਕ ਹੋਰ ਬੋਲਿਆ, "ਇਹੋ ਜਿਹੀ ਇਕ ਕਵਿਤਾ ਇਕ ਵਾਰ ਦਰਦੀ ਨੇ ਵੀ ਛਪਾਰ ਦੇ ਮੇਲੇ ਤੇ ਪੜ੍ਹੀ ਸੀ ਜਦੋਂ ਉਹਦੀ ਖੁੰਢਿਆਂ ਨਾਲ ਸੇਵਾ ਹੋਈ ਸੀ। ਦੁੱਧ ਅਤੇ ਗਰਮ ਗਰਮ ਜਲੇਬੀਆਂ ਤੇ ਪੁਲਟਸ ਦਾ ਸੇਕ ਵੱਖਰਾ।" ਪੰਡੀ ਆਪਣਾ ਸਿਰ ਪਿੱਟ ਕੇ ਰਹਿ ਗਿਆ। ਉਸ ਬਥੇਰਾ ਕਿਹਾ ਕਿ ਇਹ ਕਵਿਤਾ ਉਸ ਆਪਣਾ ਲਹੂ ਪੀ ਕੇ ਲਿਖੀ ਹੈ ...। ਪਰ ਸੁਣਨ ਵਾਲਿਆਂ ਦੀ ਇਕੋ ਰਾਇ ਸੀ। "ਦੇਖੋ ਪੰਡੀ ਸਾਹਿਬ, ਤੁਸੀਂ ਭਾਵੇਂ ਲਹੂ ਪੀ ਕੇ ਲਿਖੀ ਹੈ ਜਾਂ ਸੋਡਾ ਵਾਟਰ, ਪਰ ਇਉਂ ਲੋਕਾਂ ਦੀਆਂ ਰਚਨਾਵਾਂ ਸੁਣਾ ਸੁਣਾਕੇ ਸਾਡਾ ਤਾਂ ਲਹੂ ਨਾ ਪੀਓ" ਜਿਥੇ ਸੌ ਮੂਰਖ ਹੋਣ ਉਥੇ ਇਕ ਸਿਆਣੇ ਦੀ ਕੀ ਲੋੜ ? ਪੰਡੀ ਦੁਹੱਥੜ ਮਾਰਦਾ ਉਥੋਂ ਪਰਤ ਆਇਆ

ਕੁਝ ਦੇਰ ਬਿਮਾਰਾਂ ਵਾਂਗ ਫਿਰਦਾ ਰਿਹਾ। ਪਰ ਫਿਰ ਹੌਂਸਲਾ ਕਰਕੇ ਲਿਖਣਾ ਸ਼ੁਰੂ ਕਰ ਲਿਆ ਤੇ ਲਿਖਦਾ ਹੀ ਰਿਹਾ। ਕਈ ਕਵਿਤਾਵਾਂ ਤਾਂ ਚੰਗਾ ਰੰਗ ਜਮਾਉਣ ਲੱਗ ਪਈਆਂ ਸਨ। ਮਿਹਨਤ ਨਾਲ ਲਿਖੀਆਂ ਕਈ ਕਵਿਤਾਵਾਂ ਚੰਗੀਆਂ ਮਸ਼ਹੂਰ ਵੀ ਹੋਈਆਂ। ਜਦ ਵੀ ਚਾਰ ਲੇਖਕ ਜਾਂ ਪਾਠਕ ਇਕੱਠੇ ਹੁੰਦੇ ਤੇ ਜੇ ਕਦੀ ਪੰਡੀ ਦੀ ਗੱਲ ਚਲ ਪੈਂਦੀ ਤਾਂ ਉਹਨਾਂ ਵਿਚੋਂ ਕੋਈ ਇਕ ਆਖਦਾ, "ਬਈ, ਹੁਣ ਤਾਂ ਪੰਡੀ ਚੰਗੀ ਕਵਿਤਾ ਲਿਖ ਲੈਂਦਾ", ਤਾਂ ਕੋਈ ਨਾ ਕੋਈ ਕਹਿ ਉਠਦਾ, "ਉਇ ਦਰਦੀ ਕੋਲ ਬਹਿਕੇ ਤਾਂ ਖੋਤੇ ਵੀ ਹਿੰਗਣ ਦੀ ਥਾਂ ਸੱਤ ਸੁਰਾਂ ਕੱਢਣ ਲੱਗ ਪੈਂਦੇ ਨੇ। ਇਹ ਤਾਂ ਫਿਰ ਗਧੇ ਨਾਲੋਂ ਥੋੜੀ ਜ਼ਿਆਦਾ ਹੀ ਅਕਲ ਦੇ ਮਾਲਿਕ ਨੇ ਪੰਡੀ ਸਾਹਿਬ !

"ਪਰ ਫਿਰ ਵੀ ਲਿਖਤਾ ਤਾਂ ਹੈ" ਓਹੀ ਬੰਦਾ ਫਿਰ ਕਹਿੰਦਾ।

"ਜਨਾਬ, ਇਹ ਸਭ ਦਰਦੀ ਕਰਕੇ ਹੀ ਹੈ। ਕੁੱਕੜ ਨੂੰ ਬਾਂਗ ਦਿੰਦਿਆਂ ਸੁਣਕੇ ਤਾਂ ਚੂਚੇ ਵੀ ਮਸਤ ਜਾਂਦੇ ਐ।" ਪੰਡੀ ਕਿਸੇ ਕੋਲੋਂ ਅਜਿਹੀਆਂ ਤਾਰੀਫ਼ਾਂ ਸੁਣਦਾ ਤਾਂ ਹੱਕਣ ਬੱਕਣ ਹੋ ਲਹੂ ਦੀ ਘੁੱਟ ਭਰ ਰਹਿ ਜਾਂਦਾ।

ਇਕ ਵਾਰ ਸ਼ਹਿਰ 'ਚ ਇਕ ਭਾਰਾ ਕਵੀ ਦਰਬਾਰ ਹੋਇਆ। ਦੂਰੋਂ ਦੂਰੋਂ ਆਏ ਕਵੀਆਂ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਕਵੀਆਂ ਨੂੰ ਵੀ ਸੱਦਾ ਦਿਤਾ ਗਿਆ ਸੀ। ਪੰਡੀ ਪਿੱਛੇ ਕਿਵੇਂ ਰਹਿੰਦਾ ? ਜਦੋਂ ਪੰਡੀ ਦੀ ਵਾਰੀ ਆਈ ਤਾਂ ਸਟੇਜ ਸਕੱਤਰ ਨੇ ਅਸਲੀ ਵਾਕਫੀਅਤ ਦਿੰਦਿਆਂ ਕਿਹਾ, "ਹੁਣ ਤੁਹਾਡੇ ਸਾਹਮਣੇ ਆ ਰਹੇ ਨੇ ਸ਼ਹਿਰ ਦੇ ਨੌਜਵਾਨ ਕਵੀ ਪੰਡੀ ਜੀ।" ਪੰਡਾਲ 'ਚੋਂ ਇਕ ਮਸਖਰਾ ਉੱਠਕੇ ਕਹਿਣ ਲੱਗਾ, "ਪੰਡੀ ਦੇ ਬਜਾਇ ਜੇ ਸਕੱਤਰ ਸਾਹਿਬ ਦਰਦੀ ਜੀ ਕਹੋ ਤਾਂ ਜ਼ਿਆਦਾ ਫਬੇਗਾ।" ਸਕੱਤਰ ਕਹਿਣ ਲੱਗਾ, "ਦਰਦੀ ਹੈ ਦਰਦੀ, ਪੰਡੀ ਪੰਡੀ" ਤਾਂ ਮਸਖਰਾ ਕਹਿਣ ਲੱਗਾ, "ਦਰਦੀ ਤਾਂ ਦਰਦੀ ਹੈ ਹੀ, ਪੰਡੀ ਵੀ ਦਰਦੀ ਦੀ ਕਾਰਬਨ ਕਾਪੀ ਈ ਐ !" ਪੰਡੀ ਦਾ ਕਵਿਤਾ ਸੁਣਾਉਣ ਦਾ ਜੋਸ਼ ਅੱਧਾ ਰਹਿ ਗਿਆ। ਮਰੇ ਦਿਲ ਨਾਲ ਕਵਿਤਾ ਸੁਣਾਈ ਮੁਰਦਨੀ ਜਿਹੀ ਆਵਾਜ਼ ਸੁਣ ਕੇ ਜਨਤਾ ਨੇ ਹੂਟ ਕਰ ਦਿਤਾ। ਤੇ ਪੰਡਾਲ 'ਚੋਂ "ਬਹਿ ਜਾ, ਬਹਿ ਜਾ" ਦੀ ਤਿੱਖੀ ਤੇ ਸੁਰੀਲੀ ਦਾਦ ਆਉਣੀ ਸ਼ੁਰੂ ਹੋ ਗਈ ਸੀ। ਪੰਡੀ ਕਵਿਤਾ ਵਿਚੇ ਛੱਡ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਗਿਆ।

ਹੁਣ ਤਾਂ ਇਹ ਹਾਲ ਹੈ ਕਿ ਪੰਡੀ ਦੇ ਇਹੋ ਜਿਹੀਆਂ ਗੱਲਾਂ ਸੁਣ ਸੁਣ ਕੰਨ ਪੱਕ ਗਏ ਨੇ ਤੇ ਉਸਨੇ ਆਪਣੇ ਲਹੂ ਦੀ ਥਾਂ ਫਰਿੱਜ਼ 'ਚ ਲੱਗੀ ਬੋਤਲ ਦਾ ਠੰਡਾ ਪਾਣੀ ਪੀਣਾ ਸ਼ੁਰੂ ਕਰ ਦਿਤਾ ਹੈ ਤੇ ਉਹ ਹਰ ਲਵੇਂ ਲਿਖਣ ਵਾਲੇ ਨੂੰ ਇਹ ਨਸੀਹਤ ਕਰਦਾ ਹੈ :

"ਸਾਲਿਉ, ਭੇਡਾਂ ਚਾਰ ਲੈਣਾ, ਕਿਸੇ ਮਾੜੇ ਸਕੂਲ 'ਚ ਮਾਸਟਰੀ ਕਰ

(ਬਾਕੀ ਪੰਨਾ 14 ਤੇ)

(ਪੰਨਾ 12 ਦੀ ਬਾਕੀ)

ਵਿਚੋਂ ਨੰਗੀ ਖੱਬੀ ਅੱਖ ਦੇ ਦੀਵੇ ਦੀ ਲਾਟ ਉਹਦੀ ਸੁੱਕੇ-ਘਾਹ ਫੂਸ ਦੀ ਬਣੀ ਹੋਈ ਕਾਇਆ ਨਾਲ ਛੋਹ ਗਈ ਹੋਵੇ। ਤੇ ਪੱਗ ਦਾ ਢਿਲਕਿਆ ਲੜ ਬੋਚਦਿਆਂ ਉਹਨੇ ਭੀੜ ਵਿਚ ਭਮੱਤਰ ਕੇ ਰੋ ਰਹੇ ਗੁਰਜੰਟ ਨੂੰ ਹਿੱਕ ਨਾਲ ਲਾ ਲਿਆ !

ਪੰਨਾ 8 ਦੀ ਬਾਕੀ

ਇਲਾਵਾ ਜਿਸ ਤਰ੍ਹਾਂ ਪੰਜਾਬ ਸਮਝੌਤੇ ਵਿਚ ਵਿਵਸਥਾ ਕੀਤੀ ਗਈ ਹੈ। ਨੌਕਰੀਆਂ ਦੇਣ ਵਾਲੇ ਬੋਰਡਾਂ ਵਿਚ ਸਿੱਖਾਂ ਦੇ ਨੁਮਾਇੰਦੇ ਲਏ ਜਾਣ, ਤਾਂ ਜੋ ਉਹ ਸਿੱਖਾਂ ਨੂੰ ਰੁਜ਼ਗਾਰ ਦੇ ਢੁਕਵੇਂ ਮੌਕੇ ਮੁਹੱਈਆ ਕਰਵਾਉਣ 'ਚ ਆਪਣਾ ਯੋਗਦਾਨ ਪਾ ਸਕਣ। ਸਾਡੀ ਦੂਜੀ ਵੱਡੀ ਸਮੱਸਿਆ ਆਪਣੀ ਸਭਿਆਚਾਰਕ ਪਹਿਚਾਣ ਕਾਇਮ ਰੱਖਣ ਦੀ ਹੈ। ਅਸੀਂ ਚਾਹੁੰਦੇ ਹਾਂ ਕਿ ਹਰਿਆਣੇ 'ਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਦਿਤੀ ਜਾਵੇ। ਜਿਸ ਸਕੂਲ ਵਿਚ ਵੀ ਵਿਦਿਆਰਥੀ ਪੰਜਾਬੀ ਪੜ੍ਹਨੀ ਚਾਹੁੰਣ ਪੜ੍ਹਾਉਣ ਦੀ ਵਿਵਸਥਾ ਕੀਤੀ ਜਾਵੇ। ਇਸ ਸਮੇਂ ਕਾਗਜ਼ਾਂ ਵਿਚ ਇਹ ਕਾਨੂੰਨ ਹੈ ਕਿ ਜਿਸ ਸਕੂਲ 'ਚ ਘਟੋ ਘਟ ਦਸ ਵਿਦਿਆਰਥੀ ਪੰਜਾਬੀ ਪੜ੍ਹਨ ਦੀ ਮੰਗ ਕਰਨਗੇ ਉਥੇ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕੀਤੀ ਜਾਏਗੀ। ਪਰ ਅਮਲੀ ਰੂਪ 'ਚ ਅਜਿਹਾ ਨਹੀਂ ਕੀਤਾ ਜਾਂਦਾ। ਜਿਹੜੇ ਵਿਦਿਆਰਥੀ ਪੰਜਾਬੀ ਪੜ੍ਹਨਾ ਚਾਹੁੰਦੇ ਹਨ ਉਨ੍ਹਾਂ ਦਾ ਹੌਸਲਾ ਢਾਇਆ ਜਾਂਦਾ ਹੈ। ਸਕੂਲ ਵਿਚ ਪੰਜਾਬੀ ਪੜ੍ਹਨ ਵਾਲੇ ਦਸ ਵਿਦਿਆਰਥੀਆਂ ਦੀ ਗਿਣਤੀ ਹੀ ਪੂਰੀ ਨਹੀਂ ਹੋਣ ਦਿਤੀ ਜਾਂਦੀ।

? ਕੀ ਹੁਣ ਹਰਿਆਣੇ 'ਚ ਸਿਖ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਹੇ ਹਨ?

— ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਵਾਪਰੀਆਂ ਘਟਨਾਵਾਂ ਤੋਂ ਪਹਿਲਾਂ ਹਰਿਆਣੇ ਦੇ ਸਿੱਖਾਂ ਨੇ ਕਦੇ ਵੀ ਆਪਣੇ ਆਪ ਨੂੰ ਅਸੁਰੱਖਿਅਤ ਨਹੀਂ ਸੀ ਸਮਝਿਆ। ਉਹ ਹਰਿਆਣੇ 'ਚ ਬੇਖੌਫ ਹੋ ਕੇ ਆਪਣੇ ਕੰਮ ਧੰਦਿਆਂ 'ਚ ਲਗੇ ਰਹੇ ਸਨ। ਪਰ ਉਪਰੋਕਤ ਘਟਨਾਵਾਂ ਤੋਂ ਬਾਅਦ ਅਜੇ ਵੀ ਹਰਿਆਣੇ ਦੇ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਹੇ। ਉਨ੍ਹਾਂ ਵਿਚ ਪਹਿਲਾਂ ਵਾਲਾ ਵਿਸ਼ਵਾਸ ਪੈਦਾ ਨਹੀਂ ਹੋਇਆ।

ਵਿਸ਼ਵਾਸ਼ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਵਿਰੁਧ ਫਸਾਦਾਂ 'ਚ ਸ਼ਾਮਲ ਦੋਸ਼ੀਆਂ ਨੂੰ ਯੋਗ ਸਜ਼ਾ ਦਿਤੀ ਜਾਵੇ। ਹਰਿਆਣੇ ਦੀ ਸਰਕਾਰ ਅਮਲੀ ਰੂਪ 'ਚ ਸਿੱਖਾਂ ਪ੍ਰਤੀ ਇਹੋ ਜਿਹਾ ਵਤੀਰਾ ਧਾਰਨ ਕਰੇ ਜਿਸ ਨਾਲ ਉਹ ਮਹਿਸੂਸ ਕਰਨ ਕਿ ਔਖੀ ਘੜੀ ਸਮੇਂ ਹਰਿਆਣੇ ਦੀ ਸਰਕਾਰ ਤੇ ਪ੍ਰਸ਼ਾਸਨ ਉਨ੍ਹਾਂ ਦੀ ਯੋਗ ਮੱਦਦ ਕਰੇਗਾ।

? ਬਰਨਾਲਾ ਸਰਕਾਰ ਦੀ ਹੁਣ ਤਕ ਦੀ ਕਾਰਗੁਜ਼ਾਰੀ ਬਾਰੇ ਤੁਹਾਡੀ ਕੀ ਰਾਇ ਹੈ।

— ਬਰਨਾਲਾ ਸਰਕਾਰ ਬਹੁਤ ਹੀ ਸੋਚ ਸਮਝ ਕੇ ਅਤੇ ਠਰੰਮੇ ਨਾਲ ਕੰਮ ਕਰ ਰਹੀ ਹੈ। ਹੁਣ ਤਕ ਦੀ ਕਾਰਗੁਜ਼ਾਰੀ ਆਸ਼ਾਜਨਕ ਹੈ। ਦੰਗਾ ਪੀੜਤ ਪਰਵਾਰਾਂ ਨੂੰ ਆਰਥਕ ਸਹਾਇਤਾ ਦੇਣਾ, ਨਜ਼ਰਬੰਦ ਨੌਜਵਾਨਾਂ ਨੂੰ ਰਿਹਾਅ ਕਰਨਾ ਆਦਿ ਚੰਗੇ ਕਦਮ ਚੁਕੇ ਗਏ ਹਨ। ਕੁਝ ਲੋਕ ਇਹ ਸਮਝਦੇ ਹਨ ਕਿ ਨਜ਼ਰਬੰਦਾਂ ਦੀਆਂ ਰਿਹਾਈਆਂ ਕਰਨੀਆਂ ਸਿਰਫ ਹੁਕਮ ਦੇਣ ਦੀ ਗੱਲ ਹੈ। ਅਦਾਲਤਾਂ ਵਿਚ ਚਲਦੇ ਕੇਸ ਵਾਪਸ ਲੈਣੇ, ਸਾਰੇ ਨਜ਼ਰਬੰਦਾਂ ਦੇ ਕੇਸਾਂ ਦੀਆਂ ਲੋੜੀਂਦੀਆਂ ਪੜਤਾਲਾਂ ਕਰਾਉਣ ਲਈ ਬਹੁਤ ਸਾਰੀਆਂ ਪ੍ਰਸ਼ਾਸਨਕ ਤੇ ਕਾਨੂੰਨੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਕਾਲੀ ਸਰਕਾਰ ਪੜਾਅ ਦਰ ਪੜਾਅ ਇਨ੍ਹਾਂ ਮੁਸ਼ਕਲਾਂ ਤੇ ਕਾਬੂ ਪਾ ਰਹੀ ਹੈ ਅਤੇ ਲਗਾਤਾਰ ਰਿਹਾਈਆਂ ਕਰ ਰਹੀ ਹੈ। ਫੌਜੀ ਕਾਰਵਾਈਆਂ ਸਮੇਂ ਰੋਸ ਵਜੋਂ ਬੈਰਕਾਂ ਛੱਡਣ ਵਾਲੇ ਫੌਜੀਆਂ ਦੀ ਬਹਾਲੀ ਲਈ ਕੇਂਦਰ ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਜੋਧਪੁਰ ਵਿਚ ਨਜ਼ਰਬੰਦ ਨੌਜਵਾਨਾਂ ਜਿਨ੍ਹਾਂ ਤੇ ਸੀ ਬੀ ਆਈ ਨੇ ਕੇਸ ਦਰਜ ਕੀਤੇ ਹਨ ਨੂੰ ਰਿਹਾਅ ਕਰਾਉਣ ਲਈ ਵੀ ਸਰਕਾਰ ਯਤਨਸ਼ੀਲ ਹੈ। ਰਿਹਾਅ ਹੋਏ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਕੁਝ ਤਾਕਤਾਂ ਇਹ ਚਾਹੁੰਦੀਆਂ ਹਨ ਕਿ ਬਰਨਾਲਾ ਸਰਕਾਰ ਨੂੰ ਕੰਮ ਕਰਨ ਦਾ ਮੌਕਾ ਹੀ ਨਾ ਦਿਤਾ ਜਾਵੇ। ਹਿੰਦੂ ਸਿੱਖਾਂ 'ਚ ਨਫਰਤ ਪੈਦਾ ਕੀਤੀ ਜਾਵੇ। ਇਨ੍ਹਾਂ ਤਾਕਤਾਂ ਦੇ ਆਪਣੇ ਨਿਜੀ ਸੁਆਰਥ ਹਨ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਤਾਕਤਾਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ।

? ਆਖਰੀ ਸੁਆਲ ਤੁਹਾਨੂੰ ਇਹ ਹੈ ਕਿ ਵਰਤਮਾਨ ਸਥਿਤੀ 'ਚ ਤੁਸੀਂ ਪੰਜਾਬ ਸਰਕਾਰ ਜਾਂ ਕੇਂਦਰੀ ਸਰਕਾਰ ਨੂੰ ਕੀ ਕਹਿਣਾ ਚਾਹੁੰਦੇ ਹੋ?

— (ਕੁਝ ਚਿਰ ਚੁਪ ਰਹਿਣ ਪਿਛੋਂ) ਮੈਂ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਕੇਂਦਰ ਨਾਲ ਗੈਰ ਜ਼ਰੂਰੀ ਤਨਾਅ ਨਾ ਰਖੇ। ਪਰ ਪੰਜਾਬ ਦੀਆਂ ਵਾਜਬ ਮੰਗਾਂ ਦੀ ਕੀਮਤ ਤੇ ਕੋਈ ਕਮਜ਼ੋਰੀ ਨਾ ਦਿਖਾਵੇ। ਪੰਜਾਬ 'ਚ ਅਮਨ ਕਾਨੂੰਨ ਦੀ ਬਹਾਲੀ ਲਈ ਪ੍ਰਭਾਵਸ਼ਾਲੀ ਤੇ ਢੁਕਵੇਂ ਕਦਮ ਚੁਕੇ। ਕੇਂਦਰੀ ਸਰਕਾਰ ਨੂੰ ਇਹ ਅਪੀਲ ਕਰਦਾ ਹਾਂ ਕਿ ਪੰਜਾਬ ਸਮਝੌਤੇ ਨੂੰ ਪੂਰੀ ਸੁਹਿਰਦਤਾ ਨਾਲ ਲਾਗੂ ਕਰੇ, ਤਾਂ ਜੋ ਪੰਜਾਬ 'ਚ ਤੇ ਸਮੁੱਚੇ ਦੇਸ਼ 'ਚ ਅਮਨ ਅਤੇ ਸਦਭਾਵਨਾ ਦਾ ਵਾਤਾਵਰਣ ਪੈਦਾ ਹੋ ਸਕੇ।

ਪੰਨਾ 13 ਦੀ ਬਾਕੀ

ਲੈਣਾ, ਕਿਸੇ ਰੰਡੀ ਨਾਲ ਇਸ਼ਕ ਫਰਮਾ ਲੈਣਾ, ਪਰ ਕਿਸੇ ਵੱਡੇ ਲੇਖਕ ਦੇ ਪ੍ਰਭਾਵੇਂ 'ਚ ਤੁਰ ਕੇ ਸਾਹਿਤ ਰਚਨਾ ਨਾ ਕਰਨਾ।"

ਸਾਊਦੀ ਅਰਬ ਦੀ ਔਰਤ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਸਾਊਦੀ ਅਰਬ ਦੀ ਨੈਸ਼ਨਲ ਪਾਲਿਸੀ, ਅਠਾਰ੍ਹਵੀਂ ਸਦੀ ਦੇ ਮਜ਼੍ਹਬੀ ਫੁਰਮਾਨ ਜਿਹੜੇ ਕਿ ਮੁਹੰਮਦ ਇਬਨ ਅਬਦੁਲ ਵਾਹਬ ਦੇ ਘੜੇ ਹੋਏ ਹਨ ਅਤੇ ਉਹਦੇ ਆਖਣ ਮੁਤਾਬਿਕ, ਕੁਰਾਨ ਸ਼ਰੀਫ ਦੀਆਂ ਇਆਇਤਾਂ ਅਨੁਸਾਰ ਹਨ, ਤੇ ਨਿਰਭਰ ਹੈ। ਵਾਹਬੀਜ਼ ਨੂੰ ਮਿਡਲ ਈਸਟ ਦੇ ਮੋਰਮਨਜ (ਬਹੁਤੀਆਂ ਪਤਨੀਆਂ ਨਾਲ ਸ਼ਾਦੀ ਸ਼ੁਦਾ) ਆਖਿਆ ਜਾਂਦਾ ਹੈ। ਇਨ੍ਹਾਂ ਮਜ਼੍ਹਬੀ ਜਨੂਨਾਂ ਕਾਰਨ ਮਿਡਲ ਈਸਟ ਖਾਸ ਕਰ ਸਾਊਦੀ ਅਰਬ ਦੀਆਂ ਔਰਤਾਂ ਅਤੇ ਮਰਦਾਂ ਦੇ ਹਕ-ਹਕੂਕਾਂ ਵਿਚਕਾਰ ਪਹਾੜ ਜੇਡੀ ਦੀਵਾਰ ਬਣੀ ਖਲੋਤੀ ਹੈ। ਰੋਜ਼ਾਲੀਨ ਕਾਰਟਰ, ਅਮਰੀਕਾ ਦੇ ਪ੍ਰਧਾਨ ਦੀ ਵਾਈਫ ਜਦ ਰਿਆਧ (ਰਾਜਧਾਨੀ) ਗਈ ਤਾਂ ਓਥੋਂ ਦੇ ਕਾਨੂੰਨ ਅਨੁਸਾਰ ਓਹ ਪ੍ਰਧਾਨ ਕਾਰਟਰ ਤੋਂ 6 ਕਦਮ ਪਿਛੇ ਪਿਛੇ ਤੁਰਦੀ ਦੇਖ, ਇਕ ਸਾਊਦੀ ਮਖੌਲ ਨਾਲ ਕਹਿੰਦਾ, ""ਕਮਾਲ ਕਰ ਛਡੀ ਏ, ਸਾਡੀ ਸ਼ਰ੍ਹਾ ਅਨੁਸਾਰ ਤਾਂ ਦੋ ਕਦਮ ਹੀ ਆਦਮੀ ਤੋਂ ਪਿਛੇ ਕਾਫੀ ਹੈ।"

ਕੁਰਾਨ ਦਾ ਤਾਂ ਫੁਰਮਾਨ ਹੈ ਕਿ ਮਰਦ ਦਾ ਰੁਤਬਾ (ਦਰਜਾ) ਔਰਤ ਨਾਲੋਂ ਉਚੇਰਾ ਹੈ ਪਰ ਮਜ਼੍ਹਬੀ-ਪੇਸ਼ਵਾ ਅਥਵਾ ਮੌਲਵੀਆਂ ਏਸ ਨੂੰ ਹੋਰ ਵਧਾ-ਚੜ੍ਹਾ ਔਰਤ ਨੂੰ ਵਧੇਰੇ ਰੋਹਬ ਅਤੇ ਦਬਾਓ ਹੇਠ ਕਰ ਪਰਦੇ ਅਤੇ ਤੰਬੂ ਵਿਚ ਕੈਦ ਕਰ ਦਿਤਾ ਜੋ ਕਿ ਦਰ ਅਸਲ ਇਨ੍ਹਾਂ ਕਾਮੀ ਅਤੇ ਵਿਸ਼ਈ ਰਾਜਾਂ ਵਿਚ ਔਰਤ ਦੇ ਬਚਾਓ ਅਤੇ ਇਕਾਂਤ ਲਈ ਪ੍ਰਚਲੱਤ ਹੋਇਆ ਸੀ। ਹਰ ਘਰ ਵਿਚ ਮਰਦ ਹੀ ਮੁਖੀਆ ਅਤੇ ਮਰਦ ਹੀ ਮੁੱਲਾਂ ਸਮਝਿਆ ਜਾਂਦਾ ਹੈ। ਜਿਸ ਕਰਕੇ ਮਰਦ ਥੋੜੇ ਜਿਹੇ ਗੁੱਸੇ ਜਾਂ ਬਹਾਨੇ ਤੇ ਔਰਤ ਨੂੰ ਤਲਾਕ ਅਥਵਾ ਡਾਈਵੋਰਸ ਕਰ ਸਕਦਾ ਹੈ ਅਤੇ ਓਹਨੂੰ ਕਿਸੇ ਮਜ਼੍ਹਬੀ ਜਾਂ ਕਾਨੂੰਨੀ ਕਚਿਹਰੀ ਜਾਂ ਮੌਲਵੀ ਕੋਲ ਜਾ, ਫਤਵਾ ਲੈਣ ਦੀ ਲੋੜ ਨਹੀਂ ਕੇਵਲ ਓਹਦਾ ਆਖ ਦੇਣਾਂ ਕਿ "ਮੈਂ ਤੈਨੂੰ ਛੱਡਿਆ" ਹੀ ਕਾਫੀ ਹੈ। ਇਕ ਆਦਮੀ ਜਿੰਨੀਆਂ ਚਾਹੇ ਔਰਤਾਂ ਨਾਲ ਵਿਆਹ ਕਰਾ ਸਕਦਾ ਹੈ ਪਰ ਔਰਤ ਦੂਜਾ ਵਿਆਹ ਨਹੀਂ ਕਰਾ ਸਕਦੀ।

ਔਰਤ ਜਾਂ ਮਰਦ ਕਾਨੂੰਨ ਅਨੁਸਾਰ ਦੂਜੇ ਮਰਦ ਜਾਂ ਔਰਤ ਨਾਲ ਬੁਰਾ-ਭੋਲ੍ਹ ਨਹੀਂ ਕਰ ਸਕਦਾ ਅਥਵਾ ਮਰਦ ਜਾਂ ਔਰਤ ਵਿਆਹ ਤੋਂ ਬਗੈਰ ਕਿਸੇ ਦੂਜੇ ਨਾਲ ਪਿਆਰ-ਰਿਸ਼ਤਾ ਕਾਇਮ ਨਹੀਂ ਕਰ ਸਕਦਾ। ਜਬਰ-ਜ਼ਨਾਹ ਕਰਨ ਵਾਲੇ ਤੇ ਜੇ ਕਾਨੂੰਨ ਤਰਸ ਕਰੇ ਤਾਂ ਓਹਦਾ ਸਿਰ ਕਿਸੇ ਖੁਲ੍ਹੇ ਥਾਂ ਖਲਾਰ, ਲੋਕਾਂ ਦੇ ਦੇਖਦਿਆਂ ਦੇਖਦਿਆਂ ਇਕੋ ਤਲਵਾਰ ਦੇ ਵਾਰ ਨਾਲ ਧੜ ਨਾਲੋਂ ਜੁਦਾ ਕਰ ਦਿਤਾ ਜਾਂਦਾ ਹੈ ਨਹੀਂ ਤੇ ਓਹਨੂੰ ਲਕ ਤਕ ਧਰਤੀ ਵਿਚ ਗਡ ਲੋਕਾਂ ਨੂੰ ਹੁਕਮ ਦਿਤਾ ਜਾਂਦਾ ਹੈ ਕਿ ਓਹਨੂੰ ਦੋ ਚਾਰ ਔਂਸ ਦੇ ਪੱਥਰ 15-20 ਗਜ਼ਾਂ ਦੇ ਫਾਸਲੇ ਤੋਂ ਮਾਰ ਮਾਰ ਜ਼ਖਮੀ ਕਰਨ ਤੇ ਓਹ ਖੂਨ ਦੇ ਵਗਣ ਅਤੇ ਸੱਟਾਂ ਦੇ ਲਗਣ ਨਾਲ ਚੀਕਾਂ ਮਾਰ ਮਾਰ ਹੌਲੀ ਹੌਲੀ ਜਾਨ ਦੇਵੇ। ਜੇ ਕੋਈ ਔਰਤ ਕੰਵਾਰੀ ਜਾਂ ਵਿਆਹੀ ਕਿਸੇ ਗੈਰ ਮਰਦ ਨਾਲ ਪਿਆਰ-ਸੰਬੰਧ ਕਾਇਮ ਕਰ ਲਵੇ ਤਾਂ ਓਹਨੂੰ ਵੀ ਇਹੋ ਉਪਰੋਕਤ ਸਜ਼ਾਵਾਂ ਮਿਲਦੀਆਂ ਹਨ ਅਤੇ ਓਹਦੇ ਪੱਥਰ ਪਿੰਡ ਦੀਆਂ ਔਰਤਾਂ ਮਾਰਦੀਆਂ ਹਨ।

ਔਰਤ ਬੇਸ਼ੱਕ ਕਿਸੇ ਤੇਲ ਦੇ ਧਨੀ ਸ਼ਹਿਜ਼ਾਦੇ ਦੀ ਹੀ ਲੜਕੀ ਹੋਵੇ, ਆਪਣੇ ਮਰਦ ਸਾਹਵੇਂ ਓਹ ਵੀ ਆਮ ਔਰਤ ਵਾਂਗ ਕੈਲੀ-ਗਊ ਭਾਵ ਅਨਾਥ ਹੀ ਹੈ ਤੇ ਜੇ ਓਹਦਾ ਮਰਦ ਚਾਹੇ ਭਾਵੇਂ ਦੂਜੇ ਹੀ ਦਿਨ ਹੋਰ ਵਿਆਹ ਕਰਵਾ ਲਵੇ। ਮਰਦ ਕਿਸੇ ਹੋਰ ਜ਼ਾਤ ਜਾਂ ਰੰਗ-ਨਸਲ ਦੀ ਔਰਤ ਨਾਲ ਵਿਆਹ ਕਰਵਾ ਸਕਦਾ ਹੈ, ਪਰ ਜੇ ਕੋਈ ਸਊਦੀ ਲੜਕੀ ਜਾਂ ਔਰਤ ਗੈਰ-ਮੁਸਲਿਮ ਨਾਲ ਵਿਆਹ ਕਰੇ ਤਾਂ ਓਹਦੀ ਕਾਨੂੰਨੀ ਸਜ਼ਾ ਮੌਤ ਹੈ। ਔਰਤ ਕਾਰ ਨਹੀਂ ਚਲਾ ਸਕਦੀ, ਓਹ ਆਪਣੇ ਮਰਦ ਦੀ ਆਗਿਆ ਬਿਨਾਂ ਕਿਸੇ ਦੇ ਘਰ ਜਾਂ ਥਾਂਏ ਨਹੀਂ ਜਾ ਸਕਦੀ ਤੇ ਜੇ ਮਰਦ ਆਗਿਆ ਦੇ ਵੀ ਦੇਵੇ ਤਾਂ ਵੀ ਓਹ ਕਿਸੇ ਨੇੜੇ ਦੇ ਰਿਸ਼ਤੇਦਾਰ (ਅਮੂਮਨ ਔਰਤ) ਨਾਲ ਹੀ ਜਾ ਸਕਦੀ ਹੈ। ਕਿਸੇ ਗੈਰ ਮਰਦ ਨਾਲ ਔਰਤ ਇਕੱਲੀ ਗੱਲ ਵੀ ਨਹੀਂ ਕਰ ਸਕਦੀ।

ਔਰਤ ਕੋਈ ਐਹੋ ਜਿਹੀ ਕਿੱਤਾ ਜਾਂ ਨੌਕਰੀ ਨਹੀਂ ਕਰ ਸਕਦੀ ਜਿਥੇ ਓਹਨੂੰ ਕਿਸੇ ਮਰਦ ਨਾਲ ਗਲਬਾਤ ਕਰਨ ਦਾ ਵਾਹ ਪਵੇ, ਐਹੋ ਕਾਰਨ ਹੈ ਕਿ ਆਮ ਕੰਮਾਂ ਤੇ ਔਰਤ ਘਟ ਹੀ ਨਜ਼ਰ ਆਉਂਦੀ ਹੈ। ਵਿਦਿਆ ਮਹਿਕਮੇਂ ਵਿਚ ਵੀ ਕੇਵਲ ਔਰਤ ਹੀ ਲੜਕੀਆਂ ਨੂੰ ਪੜ੍ਹਾ ਸਕਦੀ ਹੈ ਅਤੇ ਜੇ ਮਨੁੱਖ ਅਧਿਆਪਕ ਖੁਣੋਂ ਨਾ ਹੀ ਸਰਦਾ ਹੋਵੇ ਤਾਂ ਓਹ ਕੇਵਲ ਟੈਲੀਵੀਯਨ ਸਕਰੀਨ ਦੁਆਰਾ ਹੀ ਕਮਰੇ ਵਿਚ ਹਾਜ਼ਰ ਹੋ ਪੜ੍ਹਾ ਸਕਦਾ ਹੈ।

ਸਊਦੀ ਅਰਬ ਵਿਚ ਜੋ ਤੇਲ-ਡਾਲਰਾਂ ਦਾ ਹੜ੍ਹ ਆਇਆ ਹੈ, ਜਿਸ ਕਾਰਨ ਓਥੇ ਹਰ ਪਖੋਂ ਮਾਡਰਨਾਈਜੇਸ਼ਨ (ਨਵੀਨਕਰਨ) ਆ ਰਿਹਾ ਹੈ ਸਊਦੀ ਅਤੇ ਵੈਸਟਰਨ ਲੋਕੀ ਇਹ ਸੋਚਣ ਤੇ ਮਜ਼ਬੂਰ ਹੋ ਰਹੇ ਹਨ ਕਿ ਕੀ ਓਹ ਮਜ਼੍ਹਬੀ ਤਅੱਸਬ ਅਥਵਾ ਕੱਟੜਵਾਦੀ ਸਿਧਾਂਤ ਜਿਸਨੇ ਔਰਤ ਜ਼ਾਤ ਤੇ ਮਰਦ ਦੇ ਵਿਚਕਾਰ ਐਡਾ ਵੱਡਾ ਪਾੜਾ ਪਾਇਆ ਹੋਇਆ ਹੈ ਇਹ ਬੰਦਸ਼ੁਤਰ ਜੀਉਂਦਾ ਰਹਿ ਸਕੇਗਾ ਅਤੇ ਕਿੰਨਾ ਕੁ ਚਿਰ?

ਇਕ ਵੈਸਟਰਨ ਨੀਤੀਵਾਨ (ਡਿਪਲੋਮੈਟ) ਜਿੱਦਾ ਵਿਚ ਬੈਠਾ ਕਹਿੰਦਾ, "ਤਬਦੀਲੀ ਦੀਆਂ ਤਾਕਤਾਂ ਹੌਲੀ ਹੌਲੀ ਜ਼ੋਰ ਫੜ ਰਹੀਆਂ ਹਨ ਅਤੇ ਔਰਤ-ਜ਼ਾਤ ਦੀ ਪ੍ਰਫੁਲਤਾ ਲਈ ਜ਼ਮੀਨ ਤਿਆਰ ਹੋ ਰਹੀ ਹੈ ਅਤੇ ਇਹ ਵਿਚਾਰ ਉਨ੍ਹਾਂ ਥੋੜੇ ਜੇਹੇ ਸਊਦੀਆਂ ਦੇ ਹਨ ਜਿਹੜੇ ਯੂਰਪ ਅਤੇ ਅਮਰੀਕਾ ਤੋਂ ਪੜ੍ਹਕੇ ਗਏ ਹੋਏ ਹਨ ਅਤੇ ਕਈਆਂ ਦਾ ਖਿਆਲ ਹੈ ਕਿ ਤਬਦੀਲੀ ਆਉਣੀ ਸ਼ੁਰੂ ਹੋ ਚੁੱਕੀ ਹੈ। ਮਹਿਕਮਾਂ ਤਾਲੀਮ ਵਿਚ ਬੇਸ਼ੁਮਾਰ ਔਰਤਾਂ ਦਾ ਸ਼ਾਮਿਲ ਹੋ ਜਾਣਾ ਹੀ ਭਵਿਖ ਵਿਚ ਤਬਦੀਲੀ ਆ ਜਾਣ ਦੀ ਤਕੜੀ ਸੰਭਾਵਨਾ ਦਾ ਪ੍ਰਤੀਕ ਹੈ।

ਇਕ ਨਰਮ-ਖਿਆਲੀਆ, ਅਬਦੁੱਲਾ ਉਲ ਖਵਾਈਤੀਰ ਨਾਮੇ ਵਿਦਿਆ ਮੰਤਰੀ ਆਪਣੇ ਪਿਆਰ ਤੇ ਨਫਰਤ ਦੀ ਮਿਲਵੀਂ ਪਹੁੰਚ ਦੁਆਰਾ ਕਹਿੰਦਾ, "ਜੇ ਅਸੀਂ ਭਾਵਨਾ-ਭੜਕਾਊ ਹੋਣ ਦੀ ਬਜਾਏ ਵਿਚਾਰਵਾਨ-ਬੁਧੀ ਤੋਂ ਕੰਮ ਲਈਏ ਤਾਂ ਔਰਤਾਂ ਨੂੰ ਉਨ੍ਹਾਂ ਦੀ ਜ਼ਾਤ ਨਾਲ ਢੁਕਵੀਂ ਥਾਂ ਪ੍ਰਾਪਤ ਹੋ ਸਕਦੀ ਹੈ। ਸਾਡੇ ਅਰਬ ਦੇਸ਼ ਵਿਚ, ਇਨ੍ਹਾਂ ਔਰਤਾਂ ਨੂੰ ਤੈਰਨਾ ਸਿਖਾਉਣ ਤੋਂ ਪਹਿਲਾਂ, ਸਮੁੰਦਰ ਵਿਚ ਸੁੱਟ ਦਿਤਾ ਹੈ ਅਤੇ ਇਹ ਗਿਰੀ ਨਾਲੋਂ ਛਿਲਕੇ (ਰੂਪ) ਦਾ ਬਹੁਤਾ ਖਿਆਲ ਕਰਨ ਲਗ ਪਏ ਹਨ; ਕੇਵਲ ਇਹ ਹੀ ਦੱਸਣ ਲਈ ਕਿ ਅਸੀਂ ਅਗਾਂਹ-ਵਧੂ ਹਾਂ। ਔਰਤ ਨੂੰ ਦਫਤਰ ਸੰਭਾਲ ਦਿਤੇ ਹਨ, ਕੀ ਸਚ ਮੁਚ ਉਨ੍ਹਾਂ ਦੀ ਓਥੇ ਲੋੜ ਹੈ? ਕੀ ਓਹਦੀ ਘਰ ਵਿਚ ਬਹੁਤੀ ਲੋੜ ਨਹੀਂ? ਸਾਨੂੰ ਔਰਤ ਸੋਸ਼ਲ-ਵਰਕਰਾਂ ਦੀ, ਨਰਸਾਂ ਦੀ, ਟੀਚਰਾਂ ਦੀ, ਡਾਕਟਰਾਂ ਦੀ ਬੜੀ ਲੋੜ ਹੈ ਅਤੇ ਸਾਨੂੰ ਇਹਦੀ ਵਿਉਂਤ ਬਣਾਉਣੀ ਚਾਹੀਦੀ ਹੈ। ਮੈਂ ਨਹੀਂ ਸਮਝਦਾ ਕਿ ਸਊਦੀ ਕੁੜੀਆਂ ਨੂੰ ਇੰਜਨੀਅਰਿੰਗ ਅਤੇ ਆਰਥਿਕਤਾ ਆਦਿ ਦੀ ਪੜ੍ਹਾਈ ਕਰਨੀ ਚਾਹੀਦੀ ਹੈ। ਉਚੀ ਪਦਵੀਆਂ ਤੇ ਬੈਠੇ ਲੋਕਾਂ ਨੂੰ ਕੌਮ ਤੇ ਓਹ ਚੀਜ਼ਾਂ ਠੋਸਣੀਆਂ ਨਹੀਂ ਚਾਹਦੀਆਂ ਬਲਕਿ ਲੋਕੀ ਪਹਿਲਾਂ ਆਪਣੇ ਆਪ ਨੂੰ ਲੋੜ ਅਨੁਸਾਰ ਢਾਲਣ ਫੇਰ ਮੰਗ ਕਰਨ, ਕਿਉਂ ਜੋ ਕਈ ਵਾਰ ਬਿਨਾਂ ਜ਼ਰੂਰਤ ਵਰਤੀ ਦਵਾਈ ਬੀਮਾਰੀ ਨੂੰ ਸੱਦਾ ਦੇ ਦਿਆ ਕਰਦੀ ਹੈ।

ਵੈਸਟਰਨ-ਡਰੈਸ ਵਿਚ ਤੁਰੀ ਫਿਰਦੀ ਔਰਤ ਦੀਆਂ ਅਧ-ਨੰਗੀਆਂ ਬਾਹਾਂ-ਲੱਤਾਂ, ਮੈਗਲਜ਼-ਪਬਲਸ, ਪੇਂਟ ਨਾਲ ਰੰਗ ਦਿਆ ਕਰਦੀ ਸੀ ਜਿਸਦਾ ਮਤਲਬ "ਸਾਨੂੰ ਸਊਦੀਆਂ ਨੂੰ ਇਹ ਪਰਵਾਨ ਨਹੀਂ ਹੈ", ਪਰ ਅਜ ਸਊਦੀ ਔਰਤ ਵੈਸਟਰਨ-ਡਰੈਸ ਵਿਚ ਸ਼ਾਪਿੰਗ ਕਰਦੀ ਫਿਰਦੀ ਹੈ। ਕਿਤੇ ਕਿਤੇ ਅਮਰੀਕਨ ਅਰੇਬੀਅਨ ਆਇਲ ਕੰਪਨੀ ਆਦਿ ਵਿਚ ਤਾਂ ਸਊਦੀ ਔਰਤ ਵੈਸਟਰਨ-ਡਰੈਸ ਵਿਚ ਕਾਕਟੇਲ-ਪਾਰਟੀਆਂ ਵਿਚ, ਦੇਸੀ-ਸ਼ਰਾਬ ਜਿਹਦਾ ਅਰਬੀ ਨਾਮ "ਮਾਈ ਫਰੈਂਡ" (ਮੇਰੀ ਯਾਰ) ਹੈ, ਵੀ ਵਰਤਾਉਂਦੀ ਦੇਖੀ ਜਾ ਸਕਦੀ ਹੈ।

ਇਕ ਸ਼ਹਿਜ਼ਾਦੀ ਬੰਦਰ ਸੁਲਤਾਨਾ ਨਾਮੇ ਹੱਸਕੇ ਕਹਿੰਦੀ ਹੈ ਕਿ ਇਸਤਰੀ-ਲਹਿਰ ਦੀ ਤੋਪ ਤਾਂ ਰੇਗਿਸਤਾਨ ਦੇ ਬਦਾਊਂ-ਕਬੀਲੇ ਵਲੋਂ ਚੱਲੇਗੀ ਕਿਉਂ ਜੋ ਉਨ੍ਹਾਂ ਦੀਆਂ ਔਰਤਾਂ ਤਾਂ ਓਥੇ ਟਰੱਕ ਵੀ ਚਲਾਉਂਦੀਆਂ ਹਨ।

ਕੁਝ ਕੁ ਸਊਦੀ ਜਿਨ੍ਹਾਂ ਕੋਲ ਬਾਹਰਲੀਆਂ ਡਾਕਟਰੀ-ਡਿਗਰੀਆਂ ਹਨ ਅਤੇ ਚੰਗੀਆਂ ਪੁਜ਼ੀਸ਼ਨਾਂ ਤੇ ਲੱਗੇ ਹੋਏ ਹਨ, ਠੋਸ ਤਬਦੀਲੀ ਤੇ ਨੁਕਤਾ-ਚੀਨੀ ਬੜੀ ਕਰਦੇ ਹਨ। ਕਈਆਂ ਨੂੰ ਹਾਲੇ ਯਾਦ ਹੈ ਕਿ ਕਿਵੇਂ ਕੁੜੀਆਂ ਦੇ ਪਹਿਲੇ ਸਕੂਲ ਖੁਲ੍ਹਣ ਤੇ ਕੱਟੜ-ਵਾਹਬੀਆਂ, ਕਿੰਨਾ ਹੰਗਾਮਾ, ਲੁਟ ਮਾਰ ਤੇ ਖੂਨ ਖਰਾਬਾ ਕੀਤਾ ਸੀ ਅਤੇ ਜਦ ਪਹਿਲਾਂ ਟਰੱਕ ਕਿਸੇ ਲਿਆਂਦਾ ਸੀ ਤਾਂ ਓਹ ਟਰੱਕ ਸਾੜ ਹੀ ਸੁਟਿਆ ਸੀ।

ਹਾਲੇ ਤਕ ਤਾਂ ਸਊਦੀ ਅਰਬ ਵਾਤਾਵਰਣ ਤੇ ਵੈਸਟਰਨ ਪ੍ਰਭਾਵ ਓਪਰਾ ਓਪਰਾ ਹੀ ਹੈ ਅਤੇ ਪੁਰਾਣੀ ਮਰਯਾਦਾ ਦੇ ਚਲੇ ਜਾਣ ਦਾ ਉਨ੍ਹਾਂ ਨੂੰ ਕੋਈ ਖਤਰਾ ਨਹੀਂ ਜਾਪ ਰਿਹਾ ਪਰ ਮਿਸਟਰ ਹੀਸ਼ਮ ਨਾਜ਼ੀਰ, ਵਜ਼ੀਰ ਪਲੈਨਿੰਗ ਜੋ ਕਿ ਬਾਹਰਲਾ ਹੀ ਡੌਕਟਰੇਟ ਹੈ ਕਹਿੰਦਾ, "ਮੈਨੂੰ ਤਾਂ ਤਬਦੀਲੀ ਸਾਹਮਣੇ ਦਿਸ ਰਹੀ ਹੈ" ਅਤੇ ਓਹ ਕਹਿੰਦਾ, ਇਸਲਾਮ ਅਥਵਾ ਕੁਰਾਨ ਵਿਚ ਕਿਤੇ ਨਹੀਂ ਲਿਖਿਆ ਕਿ, "ਔਰਤ ਨੂੰ ਕੰਮ ਕਰਨ ਜਾਂ ਪੜ੍ਹਨ ਦੀ ਮਨਾਹੀ ਹੈ।" ਕਈ ਲੋਕੀਂ ਤਾਂ ਸੰਗੀਤ ਨੂੰ ਵੀ ਬੁਰਾ ਸਮਝਦੇ ਹਨ ਜਿਵੇਂ ਕਿ ਕੌਮੀ ਤਰਾਨਾ।

ਦਰਅਸਲ ਸਊਦੀ ਅਰਬ ਵਿਚ ਤੇਲ ਕਮਾਈ ਕਾਰਨ ਇਕੋ ਪੀੜ੍ਹੀ ਵਿਚ ਬਿਜਲੀ ਦੀ ਤੇਜ਼ੀ ਨਾਲ ਊਠ ਤੋਂ ਕਨਕੌਰਡ ਹਵਾਈ ਜਹਾਜ਼ ਤਕ ਦੀ ਪਹਾੜ ਜੇਡੀ ਚੇਂਜ ਆ ਰਹੀ ਹੈ ਅਤੇ ਸਊਦੀਆਂ ਨੂੰ ਹਾਲੇ ਬੀਤਦੀ ਸਦੀ ਵਿਚ ਇਹਦੀ ਥਾਂ ਪ੍ਰਾਪਤ ਨਹੀਂ ਹੋ ਸਕੀ। ਪੰਜ ਲੱਖ ਕੁੜੀਆਂ ਵਿਦਿਅਕ ਢਾਂਚੇ ਵਿਚ ਹਨ। ਕਾਮਿਆਂ ਦੀ ਏਨੀ ਲੋੜ ਹੈ ਕਿ ਦੇਸ਼ ਏਸ ਜ਼ਰੂਰਤ ਨੂੰ ਪੂਰੀ ਨਹੀਂ ਕਰ ਸਕਦਾ ਏਸ ਲਈ ਪੰਦਰਾਂ ਲੱਖ ਕਾਮੇਂ ਬਾਹਰੋਂ ਮੰਗਾਣੇ ਪਏ ਹਨ ਅਤੇ ਪੰਜ ਲੱਖ ਹੋਰ ਛੇਤੀ ਹੀ ਸਿਖਾਉਣੇ ਪੈਣਗੇ।

ਗੁਰੂ ਗੋਬਿੰਦ ਸਿੰਘ ਜੀ

ਮੇਹਰ ਸਿੰਘ ਸੰਧੂ ਵੈਨਕੂਵਰ



ਗੁਰੂ ਸਾਹਿਬ ਦਾ ਮਿਸ਼ਨ, ਜੀਕਰ ਮੈਂ ਵੇਖਦਾ ਹਾਂ, ਕੋਈ ਵਖਰਾ ਮਜ਼੍ਹਬ ਚਲਾਣਾ ਨਹੀਂ ਸੀ, ਸਗੋਂ ਖਾਲਸਾ ਸੇਵਕਾਂ ਦੀ ਇਕ ਮੁਕਤੀ ਫੌਜ ਜੋੜਨਾ ਸੀ, ਜਿਹੜੀ ਇਨਸਾਫ ਦੀ ਰਾਖੀ ਤੇ ਲੋੜਵੰਦਾਂ ਦੀਆਂ ਔਕੜਾਂ ਦੂਰ ਕਰ ਸਕਦੀ। ਗੁਰੂ ਸਾਹਿਬ ਨੂੰ ਮੁਲਕਗੀਰੀ ਦੀ ਹਵਸ ਨਹੀਂ ਸੀ, ਉਹਨਾਂ ਦਾ ਨਿਸ਼ਾਨਾ ਇਕ ਖਾਲਸਾ ਫੌਜ ਸੀ ਜਿਹੜੀ ਆਪਣੇ ਸਾਰੇ ਹੱਕ ਛੱਡ ਕੇ ਸਿਰਫ ਦੂਜਿਆਂ ਦੇ ਹੱਕਾਂ ਦੀ ਰਖਵਾਲੀ ਕਰ ਸਕੇ। ਨਵਾਂ ਮਜ਼੍ਹਬ ਚਲਾ ਲੈਣਾ ਨਾ ਓਦੋਂ ਕਠਨ ਸੀ ਤੇ ਨਾ ਹੁਣ ਹੀ ਹੈ। ਪਰ ਔਖੀ ਗਲ ਉਹ ਸੀ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ : ਮੁਰਦੇ ਦਿਲਾਂ ਵਿਚ ਜ਼ਿੰਦਗੀ ਦੀ ਰੂਹ ਫੂਕ ਦਿਤੀ, ਚਿੜੀਆਂ ਨੂੰ ਬਾਜ਼ਾਂ ਦੇ ਟਾਕਰੇ ਦੀ ਸਮਰੱਥਾ ਦਿਤੀ ; ਸਿਜਦੇ ਡੰਡੌਤਾਂ ਵਿਚ ਮਥੇ ਰਗੜਨ ਵਾਲਿਆਂ ਨੂੰ ਧੌਣਾਂ ਚੁਕ ਕੇ ਤੁਰਨ ਦਾ ਹੌਂਸਲਾ ਦਿਤਾ; ਜ਼ਿੰਦਗੀ ਕੋਲੋਂ ਤਰਾਹ ਤਰਾਹ ਡਰਦਿਆਂ ਨੂੰ ਛਾਤੀ ਕੱਢ ਕੇ ਮਰਨ ਦਾ ਜਿਗਰਾ ਦਿਤਾ, ਨਾਈ, ਛੀਂਬੇ, ਝੀਉਰਾਂ ਨੂੰ ਰਾਜਿਆਂ ਨਵਾਬਾਂ ਨਾਲ ਬਰਾਬਰ ਕੀਤਾ। ਇਹ ਅਸਲੀ ਕਰਾਮਾਤ ਹੈ।

ਭਗਤੀ ਤੇ ਭਜਨ ਦੀ ਜਾਚ ਅਗੇ ਹੀ ਹਿੰਦੁਸਤਾਨ ਨੂੰ ਆਉਂਦੀ ਸੀ, ਬੜੇ ਵੇਦ ਗਰੰਥ ਵੀ ਮੌਜੂਦ ਸਨ, ਸਿਰਫ ਜਿਊਣ ਦੀ ਜਾਚ ਭੁਲ ਗਈ ਸੀ ਤੇ ਉਹ ਗੁਰੂ ਸਾਹਿਬ ਨੇ ਆਪਣਾ ਲਹੂ ਪਾ ਕੇ ਸਿਖਾਈ।

ਪਰ ਜਿਹੜਾ ਉਨ੍ਹਾਂ ਦਾ ਉਦੇਸ਼ ਸੀ ਉਹ ਅਸਾਂ ਆਪਣਾ ਨਹੀਂ ਬਣਾਇਆ, ਸਗੋਂ ਜਿਹੜੇ ਖਤਰਨਾਕ ਭੁਲੇਖੇ ਚੋਂ ਬਚਾਣ ਲਈ ਗੁਰੂ ਸਾਹਿਬ ਨੇ ਬੜੀ ਕਰੜੀ ਆਗਿਆ ਕੀਤੀ ਸੀ, ਕਿ ਉਨ੍ਹਾਂ ਦੇ ਅੰਗੀਠੇ ਉਤੇ ਕੋਈ ਦੁਆਰ ਨਾ ਬਣਾਇਆ ਜਾਏ, ਉਸੇ ਭੁਲੇਖੇ ਵਿਚ ਅਸੀਂ ਕਨਾਂ ਤੱਕ ਧਸ ਗਏ ਹਾਂ। ਗੁਰੂ ਸਾਹਿਬ ਦੇ ਖਿਆਲ ਪੂਜਾ ਪ੍ਰਸਤਸ਼ ਦੇ ਬਾਰੇ ਵਿਚ ਬੜੇ ਨਿਰਨਾ ਭਰਪੂਰ ਮਲੂਮ ਹਨ। ਕਿਸੇ ਹੋਰ ਮਹਾਂ ਪੁਰਖ ਨੇ ਮਨੁੱਖ ਦੀ ਏਸ ਕਮਜ਼ੋਰੀ ਸੰਬੰਧੀ ਏਡੇ ਸਾਫ ਤੇ ਸਖਤ ਹੁਕਮ ਨਹੀਂ ਦਿੱਤੇ।

ਜ਼ਾਤੀ ਪੂਜਾ ਅਸਥਾਨ ਬਣਾਨ ਸੰਬੰਧੀ ਉਨ੍ਹਾਂ ਆਖਿਆ, ਕਿ ਜੋ ਕੋਈ ਸਾਡੇ ਅੰਗੀਠੇ ਉਤੇ ਯਾਦਗਾਰ ਉਸਾਰੇਗਾ, ਉਹਦਾ ਸਰਬੰਸ ਨਾਸ ਹੋ ਜਾਏਗਾ, ਤੇ ਆਦਮ-ਪ੍ਰਸਤੀ ਦੀ ਬਾਬਤ ਆਖਿਆ, ਕਿ ਜੋ ਕੋਈ ਸਾਨੂੰ ਅਕਾਲ ਪੁਰਖ ਨਾਲ ਤੁਲਨਾ ਦੇਵੇਗਾ ਉਹ ਨਰਕ ਕੁੰਡ ਵਿਚ ਜਾਏਗਾ। ਏਡੇ ਕਠਨ ਸ਼ਬਦਾਂ ਵਿਚ ਘੱਟ ਹੀ ਕਿਸੇ ਨੇ ਆਪਣੇ ਸੇਵਕਾਂ ਨੂੰ ਤਾੜਨਾ ਕੀਤੀ ਹੈ!

ਜਿਥੇ ਗੁਰੂ ਨਾਨਕ ਦੇ ਚਿੰਤਨ ਵਿਚੋਂ ਸਾਨੂੰ ਪ੍ਰੇਮ ਦੀ ਠੰਡਕ ਅਤੇ ਮਿਠਾਸ ਮਿਲਦੀ ਹੈ, ਉਥੇ ਗੋਬਿੰਦ ਦੇ ਚਿੰਤਨ ਵਿਚੋਂ ਇਸ਼ਕ ਵਾਲੀਆਂ ਤੜਪਾਂ ਅਤੇ ਚੀਸਾਂ ਨਸੀਬ ਹੁੰਦੀਆਂ ਹਨ। ਦਿਲ ਵਿਚ ਅਕੀਹ ਵਲਵਲਿਆਂ ਦੇ ਤੂਫਾਨ ਉਠ ਪੈਂਦੇ ਹਨ। ਯਕੀਨ ਕਰਨਾ ਔਖਾ ਹੋ ਜਾਂਦਾ ਹੈ ਕਿ ਕੋਈ ਮਹਾਂ-ਪੁਰਖ ਇਤਨਾ ਕੁਝ ਇਕ ਜੀਵਨ ਵਿਚ ਕਰ ਸਕਦਾ ਸੀ। ਵਿਸ਼ਵ ਇਤਿਹਾਸ ਵਿਚ ਵਿਰਲਾ ਹੀ ਕੋਈ ਹੋਰ ਵਿਅਕਤੀ ਐਸਾ ਦਿਸੇਗਾ ਜਿਸ ਅੰਦਰ ਈਸਾ ਵਾਲਾ ਸਹਿਨ, ਬੁੱਧ ਵਾਲੀ ਕੋਮਲਤਾ, ਮੁਹੰਮਦ ਵਾਲਾ ਤਿਆਗ ਅਤੇ ਕ੍ਰਿਸ਼ਨ ਵਾਲੀ ਚਚਿਰਤਾ ਅਤੇ ਵਿਨੋਦ ਇੰਜ ਰਲ ਮਿਲ ਗਏ ਹੋਣ। ਅਤੇ ਏਸ ਤੋਂ ਛੁੱਟ, ਜੋ ਸ਼ੇਕਸਪੀਅਰ ਦੇ ਹਾਣ ਦਾ ਕਵੀ, ਮੁਪਾਸਾਂ ਦੇ ਹਾਣ ਦਾ ਕਥਾਕਾਰ, ਨੈਪੋਲੀਅਨ ਦੀ ਟੱਕਰ ਦਾ ਜਰਨੈਲ ਅਤੇ ਨੀਤੀਵਾਨ ਰਾਣਾ ਸਾਂਗਾ ਦੀ ਟੱਕਰ ਦਾ ਜੋਧਾ ਅਤੇ ਲੈਨਿਨ ਦੀ ਟੱਕਰ ਦਾ ਆਗੂ ਅਤੇ ਪ੍ਰਬੰਧਕ ਹੋਵੇ। ਇਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਏਸ ਮਨੁੱਖੀ ਸ਼ਾਹਕਾਰ ਨੇ ਕਿਸੇ ਹੋਰ ਦੇਸ਼ ਵਿਚ ਜਨਮ ਲਿਆ ਹੁੰਦਾ ਤਾਂ ਉਸਦੇ ਜੀਵਨ ਬਾਰੇ ਕਿਤਾਬਾਂ ਨਾਲ ਦੇਸ਼ ਦੀਆਂ ਲਾਇਬਰੇਰੀਆਂ ਭਰ ਚੁੱਕੀਆਂ ਹੁੰਦੀਆਂ। ਉਸਦੇ ਜੀਵਨ ਦੇ ਇਕ ਇਕ ਪਹਿਲੂ ਨੂੰ ਇਕ ਇਕ ਘਟਨਾ ਨੂੰ ਅਣਥੱਕ ਅਧਿਐਨ ਅਤੇ ਵਿਸ਼ਲੇਸ਼ਣ ਦਾ ਮਜ਼ਮੂਨ ਬਣਾਇਆ ਗਿਆ ਹੁੰਦਾ।

ਇਹ ਅਭਾਗਾ ਭਾਰਤ ਹੀ ਇਕ ਐਸਾ ਦੇਸ਼ ਹੈ ਜਿਥੇ ਮਹਾਂਪੁਰਸ਼ਾਂ ਨੂੰ ਇਸ਼ਟ ਬਣਾ ਕੇ ਉਨ੍ਹਾਂ ਨਾਲ ਅਨਿਸ਼ਟ ਕੀਤਾ ਜਾਂਦਾ ਹੈ। ਅਜ ਦੇ ਜ਼ਮਾਨੇ ਵਿਚ ਜੋ ਅਨਿਆਂ ਗੋਬਿੰਦ ਦੇ ਨਾਲ ਉਸ ਦੇ ਆਪਣੇ ਹਮ-ਵਤਨੀਆਂ ਅਤੇ ਮੁਰੀਦਾਂ ਨੇ ਕੀਤਾ ਹੈ ਉਸ ਦੀ ਮਿਸਾਲ ਲੱਭਣੀ ਮੁਸ਼ਕਲ ਹੈ।

ਜਿਤਨੇ ਜ਼ੋਰਾਂ ਸ਼ੋਰਾਂ ਨਾਲ ਪੰਥ ਦੇ ਪਰਚਾਰਕ ਗੁਰੂ-ਮਿਹੰਮਾਂ ਗਾਉਂਦੇ ਹਨ, ਅਜ ਉਤਨੀ ਹੀ ਸਰੋਤਿਆਂ ਦੀ ਉਪਰਾਮਤਾ ਵਧਦੀ ਜਾਂਦੀ ਹੈ। ਅੰਧ-ਵਿਸ਼ਵਾਸ਼ ਉਭਰਦੇ ਹਨ, ਗਿਆਨ ਦਾ ਘਾਟਾ ਪੈਂਦਾ ਹੈ। ਇਸੇ ਕਾਰਨ ਇਕ ਸੰਕੀਰਨ ਜਹੇ ਦਾਇਰੇ ਤੋਂ ਬਾਹਰ ਦੇਸ਼ ਵਿਚ ਕਿਸੇ ਨੂੰ ਮਲੂਮ ਨਹੀਂ ਕਿ ਗੁਰੂ ਗੋਬਿੰਦ ਕੌਣ ਸੀ, ਉਸ ਦੇ ਵਿਚਾਰ ਕੀ ਸਨ, ਉਹ ਮਨੁੱਖਤਾ ਦੇ ਕਲਿਆਣ ਲਈ ਕੀ ਕੀ ਕਰ ਗੁਜ਼ਰਿਆ ਅਤੇ ਅਜ ਦੇ ਜ਼ਮਾਨੇ ਵਿਚ ਵੀ ਉਹਦੀ ਸਿਖਿਆ ਕਿਤਨੀ ਵਿਆਪਕ ਅਹਿਮੀਅਤ ਰਖਦੀ ਹੈ। ਇਹ ਹਾਲਤ ਇਸ ਗੱਲ ਦਾ ਸਬੂਤ ਆਖੀ ਜਾ ਸਕਦੀ ਹੈ ਕਿ ਸਮੂਹਕ ਤੌਰ ਉਤੇ ਗੁਰੂ ਖਾਲਸਾ ਆਪਣੀਆਂ ਵਾਸਤਵ ਲੀਹਾਂ ਤੋਂ ਹਟ ਕੇ ਕਿਸੇ ਉਲਟੀ ਦਿਸ਼ਾ ਵਿਚ ਬਹੁਤ ਦੂਰ ਜਾ ਨਿਕਲਿਆ ਹੈ। ਗੋਬਿੰਦ ਜੀ ਨੇ ਕਿਹਾ ਸੀ :—

ਕਹਾ ਭਯੋ ਜੋ ਦੂਊ ਲੋਚਨ ਮੂੰਦ ਕੈ
ਬੈਠ ਰਹਿਓ ਬਕ-ਧਿਆਨ ਲਗਾਇਓ
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ
ਲੋਕ ਗਇਓ ਪਰਲੋਕ ਗਵਾਂਇਓ
ਬਾਸ ਕੀਓ ਬਿਖਿਆਨ ਸੋਂ ਬੈਠ ਕੇ
ਐਸੇ ਹੀ ਐਸੇ ਸੁ ਬੈਸ ਬਿਤਾਇਓ
ਸਾਚ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਅਫ਼ਸੋਸ! ਉਸ ਪ੍ਰੇਮ ਮੂਰਤ ਗੋਬਿੰਦ ਨੂੰ ਅਜ ਕਈ ਵਾਰੀ ਦਵੇਸ਼-ਮੂਰਤ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਪ੍ਰਮਾਣਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਦਾ ਇਕੋ ਇਕ ਜੀਵਨ-ਮਨੋਰਥ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਨਖੇੜ ਕੇ ਇਕ ਵਖਰੀ "ਕੌਮ" ਸਾਜਣਾ ਸੀ, ਅਤੇ ਏਸ ਵਿਰਥੂ ਦ੍ਰਿਸ਼ਟੀਕੋਣ ਨੂੰ ਪ੍ਰਗਟ ਵੀ ਅਜਿਹੇ ਢੰਗ ਨਾਲ ਕੀਤਾ ਜਾਂਦਾ ਹੈ ਕਿ ਦਵੇਸ਼ ਦਿਨੋਂ ਦਿਨ ਹੋਰ ਵਧੇ।

ਦਸਿਆ ਜਾਂਦਾ ਹੈ ਕਿ ਹਿੰਦੂ ਇਕ ਨਿਹਾਇਤ ਗਿਰੀ ਹੋਈ, ਕਾਇਰ ਕੌਮ ਬਣ ਚੁੱਕੇ ਸਨ। ਪ੍ਰਤਿ ਦਿਨ ਮੁਸਲਮਾਨ ਹਮਲਾਆਵਰ ਉਨ੍ਹਾਂ ਦੀਆਂ ਧੀਆਂ ਭੈਣਾਂ ਚੁਕ ਕੇ ਲੈ ਜਾਂਦੇ ਸਨ ਪਰ ਉਨ੍ਹਾਂ ਦੀ ਗ਼ੈਰਤ ਨੂੰ ਸੱਟ ਨਹੀਂ ਸੀ ਵਜਦੀ।

ਇਸੇ ਤਰ੍ਹਾਂ ਇਸ ਦ੍ਰਿਸ਼ਟੀਕੋਣ ਅਨੁਸਾਰ, "ਤੁਰਕ" ਅਰਥਾਤ ਮੁਸਲਮਾਨ, ਅਤਿ ਦਰਜੇ ਦੇ ਖ਼ੂੰਖਾਰ ਦਰਿੰਦੇ ਸਨ। ਲੁਟ-ਮਾਰ ਕਰਨਾ, ਔਰਤਾਂ ਕੱਢਣਾ, ਅਤੇ ਤਲਵਾਰ ਦੇ ਜ਼ੋਰ ਤੇ ਦੀਨ-ਇਸਲਾਮ ਦਾ ਵਿਸਥਾਰ ਕਰਨਾ ਏਸ ਤੋਂ ਛੁਟ ਦੁਨੀਆਂ ਵਿਚ ਉਨ੍ਹਾਂ ਦਾ ਹੋਰ ਕੋਈ ਕੰਮ ਨਹੀਂ ਸੀ। ਵਗੈਰਾ ਵਗੈਰਾ।

ਇਹੋ ਜਿਹੇ ਅਕਲ ਦੇ ਧਨੀ ਪਰਚਾਰਕਾਂ ਨੂੰ ਕਦੇ ਇਹ ਖਿਆਲ ਨਹੀਂ ਆਉਂਦਾ ਕਿ ਸਿੱਖ ਦਰਅਸਲ ਸਾਧਾਰਨ ਹਿੰਦੂ-ਮੁਸਲਮ ਜਨਤਾ ਦੀ ਕੁਖੋਂ ਹੀ ਪੈਦਾ ਹੋਏ ਸਨ, ਕਿਤੋਂ ਅਸਮਾਨੋਂ ਨਹੀਂ ਸਨ ਡਿਗੇ। ਮਜ਼ਲੂਮ ਰੁਲਦੀ ਤੇ ਅਭਾਗੀ ਜਨਤਾ ਵੀ ਪੰਥ ਦੀ ਮਾਂ ਸੀ। ਏਸ ਮਾਂ ਦੀ ਰਖਿਆ ਲਈ ਹੀ ਪੰਥ ਨੇ ਤਲਵਾਰ ਚੁਕੀ ਸੀ, ਹਰ ਪ੍ਰਕਾਰ ਦੇ ਜ਼ੁਲਮ ਤੇ ਅਨਿਆਓ ਖਿਲਾਫ, ਹਿੰਦੂ ਰਾਜਿਆਂ ਅਤੇ ਮੁਸਲਮ ਨਵਾਬਾਂ ਅਤੇ ਬਾਦਸ਼ਾਹਾਂ ਦੇ ਖਿਲਾਫ। ਇਸੇ ਮਾਂ ਦੀ ਰਖਿਆ ਲਈ ਹੀ ਉਹਨੇ ਜਹਾਦ ਕੀਤਾ ਸੀ — ਅਗਿਆਨਤਾ ਖਿਲਾਫ, ਭੈ ਖਿਲਾਫ, ਸਹਿਮ ਖਿਲਾਫ, ਬ੍ਰਾਹਮਣਾਂ ਖਿਲਾਫ, ਰਾਜਿਆਂ ਤੇ ਮੁਲਾਣਾਂ ਖਿਲਾਫ।

ਉਹ ਕਿਹੋ ਜਿਹਾ ਸਪੂਤ ਜਿਹੜਾ ਦਿਨੇ ਰਾਤੀਂ ਸਾਰੀ ਦੁਨੀਆਂ ਦੇ ਸਾਹਮਣੇ ਆਪਣੀ ਮਾਂ ਦੀ ਨਿੰਦਿਆ ਕਰਦਾ ਫਿਰੇ? ਦੁਨੀਆਂ ਦੀਆਂ ਨਜ਼ਰਾਂ ਵਿਚ ਉਸ ਦੀ ਆਪਣੀ ਕੀ ਕੀਮਤ ਰਹਿ ਜਾਏਗੀ?

ਮੈਂ ਮੰਨਦਾ ਹਾਂ, ਦੋਸ਼ ਕੇਵਲ ਸਿਖ ਵੀਰਾਂ ਨੂੰ ਹੀ ਨਹੀਂ ਦਿਤਾ ਜਾ ਸਕਦਾ। ਪੰਜਾਬ ਦੇ ਹਿੰਦੂ ਧਰਮ-ਰਖਿਅਕਾਂ ਅਤੇ ਮੁਸਲਿਮ ਤਬਲੀਗ਼ੀਆਂ ਨੇ ਭੜਕਾਊ ਵਾਤਾਵਰਨ ਪੈਦਾ ਕਰਨ ਵਿਚ ਕੋਈ ਘੱਟ ਹਿੱਸਾ ਨਹੀਂ ਪਾਇਆ। ਖ਼ੈਰ ਪਹਿਲ ਕਿਸ ਵਲੋਂ ਹੋਈ ਸੀ? ਕੌਣ ਜਾਣੇ! ਕੌਣ ਜਾਣੇ ਮੁਰਗੀ ਨੇ ਅੰਡਾ ਪਹਿਲਾਂ ਦਿਤਾ ਸੀ ਕਿ ਆਪ ਪਹਿਲਾਂ ਜੰਮੀ ਸੀ?

ਪਰ ਏਸ ਗਧੀ-ਗੇੜ ਦੇ ਭੈੜੇ ਨਤੀਜਿਆਂ ਤੋਂ ਅਸੀਂ ਅੱਖਾਂ ਵੀ ਤਾਂ ਨਹੀਂ ਮੀਟ ਸਕਦੇ। ਅਜ ਦਾ ਪੰਜਾਬ ਆਪਸ ਵਿਚ ਲੜ ਲੜ ਕੇ ਮਰ ਮਿਟਣ ਤੇ ਤੁਲੇ ਹੋਏ ਸਕੇ ਭਰਾਵਾਂ ਦਾ ਪੰਜਾਬ ਬਣ ਗਿਆ ਹੈ। ਜੇ ਅਜ ਮੌਕੇ ਉਤੇ ਗੁਰੂ ਗੋਬਿੰਦ ਸਿੰਘ ਜੀ, ਇਕ ਵਾਰੀ ਫੇਰ ਆ ਖਲੋਣ ਅਤੇ ਪੰਜਾਬ ਵਲ ਵੇਖਣ, ਤਾਂ ਕੀ ਸੋਚਣ ਉਨ੍ਹਾਂ ਤਾਂ ਮਾਤ-ਭੂਮੀ ਨੂੰ ਆਪਸ ਦੀ ਫੁੱਟ ਤੋਂ ਬਚਾਣਾ ਚਾਹਿਆ ਸੀ। ਸਭਨਾਂ ਨੂੰ ਇਕ ਪ੍ਰੇਮ-ਸੂਤਰ ਵਿਚ ਪਰੋਣਾ ਲੋਚਿਆ ਸੀ। ਇਸੇ ਕੰਮ ਲਈ ਤਾਂ ਖਾਲਸਾ ਸਾਜਿਆ ਸੀ। ਏਸੇ ਲਈ ਤਾਂ ਆਖਿਆ ਸੀ :—

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ
ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਓ ਹੈ
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਯਾਰੇ ਨਯਾਰੇ ਦੇਸਨ ਕੇ ਭੇਸ ਕੋ ਪ੍ਰਭਾਓ ਹੈ
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ
ਖਾਦ ਬਾਦ ਆਤਸ਼ ਔ ਆਬ ਕੋ ਰਲਾਓ ਹੈ
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਓ ਹੈ।

ਗੁਰੂ ਦੀ ਕਰਨੀ ਕੀ ਸੀ, ਅਤੇ ਅਸੀਂ ਕੀ ਕਰ ਬੈਠੇ? ਕੀ ਹੁਣ ਵੀ ਸ਼ੱਕ ਬਾਕੀ ਰਹਿ ਜਾਂਦਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਦਸੀਆਂ ਰਾਹੋਂ ਛਡ ਕੇ ਉਲਟੀਆਂ ਰਾਹਾਂ ਤੇ ਟੁਰਦੇ ਜਾ ਰਹੇ ਹਾਂ?

ਸੋਚਣ ਵਾਲੀ ਗੱਲ ਹੈ। ਜੇ ਗੁਰੂ ਮਹਾਰਾਜ ਸਭਨਾਂ ਮੁਸਲਮਾਨਾਂ ਦੇ ਹੀ ਵੈਰੀ ਹੁੰਦੇ ਤਾਂ ਕੀ ਆਦਿ-ਗਰੰਥ ਨੂੰ ਗੁਰਪਦਵੀ ਦੇਣ ਤੋਂ ਪਹਿਲਾਂ ਉਹ ਉਸ ਵਿਚੋਂ ਸ਼ੇਖ ਫਰੀਦ ਅਤੇ ਕਬੀਰ ਦੀ ਬਾਣੀ ਨੂੰ ਕੱਢ ਕੇ ਬਾਹਰ ਨਾ ਸੁਟ ਪਾਂਦੇ? ਆਪਣੇ ਪਿਤਾ ਮਹਿ ਗੁਰ ਅਰਜਨ, ਗੁਰੂ ਤੇਗ਼ ਬਹਾਦਰ ਵਰਗੇ ਪਿਤਾ, ਅਤੇ ਚਹੁੰਆਂ ਸਾਹਿਬਜ਼ਾਦਿਆਂ ਦੇ ਖੂਨ ਦਾ ਇਤਨਾ ਛੋਟਾ ਜਿਤਨਾ ਬਦਲਾ ਵੀ ਨਾ ਲੈਂਦੇ? ਸਿੱਖ ਵੀਰ ਦਸਮ-ਪਿਤਾ ਦੀ ਸਹਿਨਸ਼ੀਲਤਾ ਅਤੇ ਉਦਾਰਤਾ ਉਪਰ ਜ਼ਰਾ ਗ਼ੌਰ ਕਰਨ।

ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਿੱਖ ਪੰਥ ਹਰ ਪ੍ਰਕਾਰ ਦੇ ਧਾਰਮਿਕ ਭਰਮਾਂ, ਚਿੰਨ੍ਹਾਂ, ਰਸਮ-ਪ੍ਰਸਤੀਆਂ ਅਤੇ ਕੱਟੜ-ਵਾਦਾਂ ਦਾ ਵਿਰੋਧ ਕਰਦਾ ਆਇਆ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਬਿਲਕੁਲ ਹੀ ਸਪਸ਼ਟ ਕਹਿ ਦਿਤਾ ਸੀ :—

ਸਭ ਕਰਮ ਫੋਕਟ ਜਾਨ
ਸਭ ਧਰਮ ਨਿਹਫਲ ਮਾਨ
ਬਿਨ ਏਕ ਨਾਮ ਅਧਾਰ
ਸਭ ਕਰਮ ਭਰਮ, ਭਰਮ ਵਿਚਾਰ

ਇਤਨੇ ਹਨੇਰੇ ਵਿਚੋਂ ਚਾਨਣ ਵਲ ਲਿਆਣ ਵਾਲੇ ਸ਼ਬਦ ਹਨ ਇਹ।

(ਖੋ.ਕ) ਪੰਨਾ 16 (ਉਤੇ)

(ਪੰਨਾ 15 ਦੀ ਬਾਕੀ)

ਪਰ ਉਨ੍ਹਾਂ ਹੀ ਗੁਰੂਆਂ ਦੇ ਪੈਰੋਕਾਰ ਅਜ ਆਪ ਕਿਤਨੇ ਰਸਮ-ਪਰਸਤੀਆਂ ਦੀ ਦਲਦਲ ਵਿਚ ਫਸੇ ਦਿਸ ਰਹੇ ਹਨ? ਪੰਜ ਕੁਕਾਰ ਧਾਰਨ ਕਰ ਲੈਣਾ ਅਤੇ ਅੰਮ੍ਰਿਤ ਛਕਣਾ, ਗੁਰ-ਸਿੱਖੀ ਦੀ ਅਜ ਇਹੋ ਇਕ-ਮਾਤਰ ਸ਼ਰਤ ਅਤੇ ਸਿਫਤ ਬਣ ਗਈ ਹੈ। ਇਸ ਦੀ ਆੜ ਵਿਚ ਹਰ ਪ੍ਰਕਾਰ ਦੇ ਕੁਕਰਮ ਦੀ, ਹਰ ਪ੍ਰਕਾਰ ਦੀ ਤੰਗ-ਨਜ਼ਰੀ, ਧੜੇ-ਬਾਜ਼ੀ, ਧੱਕੇ-ਸ਼ਾਹੀ ਅਤੇ ਕਾਲਾ-ਬਾਜ਼ਾਰੀ (Black Market) ਦੀ ਖੁਲ੍ਹ ਮਿਲੀ ਹੋਈ ਹੈ।

ਖਾਲਸਾ ਬਣਨ ਲਈ ਕਿਸੇ ਉਚੇ ਅਖਲਾਕ ਕਿਸੇ ਤੇਜ ਤੇ ਤਪ ਦੀ ਲੋੜ ਹੈ, ਇਸ ਦੀ ਕਲਪਨਾ ਪਾਠਕ ਆਪ ਕਰ ਲੈਣ।

ਗੁਰੂ ਗੋਬਿੰਦ ਸਿੰਘ ਜੀ ਦੀ ਪਰਿਭਾਸ਼ਾ ਅਨੁਸਾਰ ਖਾਲਸਾ ਸਾਰੀ ਮਨੁਖਤਾ ਦੀ ਢਾਲ ਹੈ, ਉਹਨੂੰ ਸਾਰੀਆਂ ਰੂਹਾਨੀ ਅਤੇ ਜਿਸਮਾਨੀ ਗੁਲਾਮੀਆਂ ਤੋਂ ਆਜ਼ਾਦ ਕਰਾਣ ਦਾ ਸਾਧਨ ਹੈ।

ਖਾਲਸਾ ਮੰਜ਼ਲ ਹੈ, ਮੰਜ਼ਿਲੇ-ਮਕਸੂਦ ਨਹੀਂ। ਕਾਰਲ ਮਾਰਕਸ ਨੇ ਇਕ ਥਾਂ ਲਿਖਿਆ ਹੈ, "ਫਲਸਫੇ ਦਾ ਕੰਮ ਕੇਵਲ ਦੁਨੀਆਂ ਨੂੰ ਸਮਝਣਾ ਨਹੀਂ, ਦੁਨੀਆਂ ਨੂੰ ਬਦਲਣਾ ਵੀ ਹੈ। ਅਤੇ ਗੁਰੂ ਗੋਬਿੰਦ ਸਿੰਘ ਜੀ ਇਕ ਅਜਿਹੇ ਫਿਲਾਸਫਰ ਸਨ ਉਨ੍ਹਾਂ ਦੁਨੀਆਂ ਨੂੰ ਸਮਝਿਆ ਵੀ ਤੇ ਆਪਣੇ ਬਾਹੂਬਲ ਨਾਲ ਬਦਲਿਆ ਵੀ।


ਏਸ ਗੁਰਬਾਣੀ ਨੂੰ ਤੇ ਪੰਜਾਬੀ ਭਾਸ਼ਾ ਨੂੰ ਆਪਣੀ ਜਾਗੀਰ ਨਾ ਸਮਝੋ। ਇਹ ਨਿਰੀ ਤੁਹਾਡੀ ਨਹੀਂ। ਜੇ ਤੁਸੀਂ ਸਚੇ ਗੁਰਮੁਖ ਹੋ ਤਾਂ ਨਿਸ਼ਕਾਮ ਸੇਵਾ ਦੇ ਸਿਵਾ ਦੁਨੀਆਂ ਵਿਚ ਤੁਹਾਡੀ ਕੋਈ ਸੰਪਤੀ ਨਹੀਂ। ਇਹ ਭਰਪੂਰ ਖਜ਼ਾਨਾ ਜੋ ਤੁਸਾਂ ਕੋਲ ਹੈ, ਉਹਨੂੰ ਸਰਬਤ ਵਿਚ ਵੰਡ ਦਿਓ। ਅਮੀਰ ਹੋ ਜਾਓਗੇ।

ਨਫਰਤ ਕਰੋ ਜ਼ਰੂਰ ਕਰੋ, ਪਰ ਆਪਸ ਵਿਚ ਨਹੀਂ। ਨਫਰਤ ਕਰੋ ਉਹਨਾਂ ਨਾਲ ਜੋ ਧੋਖੇ ਕਰ ਕੇ, ਜ਼ੁਲਮ ਕਰਕੇ ਜਨਤਾ ਦੇ ਜੀਵਨ ਨੂੰ ਦੁਖੀ ਬਣਾਉਂਦੇ ਹਨ, ਜੋ ਜਨਤਾ ਦੇ ਜੀਵਨ ਨੂੰ ਦੁਖੀ ਬਣਾ ਕੇ ਆਪ ਐਸ਼ਾਂ ਕਰਨਾ ਅਕਾਲ-ਪੁਰਖ ਦਾ ਅਟੱਲ ਨੇਮ ਸੋਚਦੇ ਹਨ, ਜੋ ਮਨੁੱਖਤਾ ਦੇ ਵੈਰੀ ਹਨ ਜੋ ਆਪਣੇ ਕਮੀਨੇ ਸੁਆਰਥਾਂ ਲਈ ਧਰਮ ਦੀ ਆੜ ਲੈ ਕੇ ਜਨਤਾ ਨੂੰ ਪਾੜਦੇ ਹਨ, ਗੁੰਮਰਾਹ ਕਰਦੇ ਹਨ, ਆਪਸ ਵਿਚ ਲੜਾਉਂਦੇ ਹਨ। ਨਫਰਤ ਕਰੋ ਰੋਗ ਨਾਲ, ਰੋਗੀ ਨਾਲ ਨਹੀਂ

ਸਿੱਖ ਨੂੰ ਜੋ ਤਾਕਤ ਗੁਰੂ ਵਲੋਂ ਮਿਲੀ ਹੈ ਉਹ ਪਾਵਨ ਹੈ। ਉਹ ਤਾਕਤ ਕਿਸੇ ਵੀ ਮਜ਼ਬ ਜਾਂ ਕੌਮ ਦੀ ਦੁਸ਼ਮਣ ਨਹੀਂ। ਉਹ ਪਵਿਤਰ ਤਾਕਤ ਫਜ਼ੂਲ ਦੇ ਝਗੜਿਆਂ ਝੇੜਿਆਂ ਵਿਚ ਜ਼ਾਇਆ ਕਰਨ ਜੋਗੀ ਵੀ ਨਹੀਂ। ਉਹ ਤਾਕਤ ਕੇਵਲ ਧਰਤੀ ਉਤੋਂ ਜ਼ੁਲਮ ਅਤੇ ਅਨਿਆਉਂ ਦੇ ਕੂੜ ਨਜ਼ਾਮ ਨੂੰ ਢਾਹੁਣ ਲਈ ਬਖਸ਼ੀ ਗਈ ਹੈ। ਪਹਿਲਾਂ ਵੀ ਉਹੀ ਰੋਲ ਸੀ ਉਸਦਾ ਅਤੇ ਅਜ ਵੀ ਇਹਦਾ ਉਹੀ ਇਤਿਹਾਸਕ ਰੋਲ ਹੈ :—

"ਖਲਕ ਖਾਲਿਖ ਕੀ ਜਾਨ ਕੈ
ਖਲਕ ਦੁਖਾਵੈ ਨਾਹਿ
ਖਲਕ ਦੁਖੇ ਨੰਦ ਲਾਲ ਜੀ, ਖਾਲਿਕ ਕੋਪੈ ਤਾਹਿ"

ਗੁਰੂ ਜੀ ਦੇ ਪਾਏ ਪੂਰਨਿਆਂ ਉਤੇ ਤੁਰਿਆਂ ਸਾਡਾ ਆਚਾਰਣ ਮਜ਼ਬੂਤ ਤੇ ਆਤਮਾ ਸੁਹਣੀ ਹੋ ਸਕਦੀ ਹੈ, ਉਹ ਸੁਹਣੀ ਆਤਮਾ ਜਿਹਨੂੰ ਮੌਤ ਦੀ ਪਰਵਾਹ ਨਹੀਂ, ਹਾਦਸੇ ਦਾ ਡਰ ਨਹੀਂ, ਜਿਦ੍ਹੀਆਂ ਨਜ਼ਰਾਂ ਵਿਚ ਮੁਲਕ ਮਜ਼ਬ, ਕੌਮਾਂ ਦੀਆਂ ਲਕੀਰਾਂ ਮਿਟ ਜਾਂਦੀਆਂ ਹਨ, ਜਿਹਨੂੰ ਇਨਸਾਨ ਇਨਸਾਨ ਹੀ ਦਿਸਦਾ ਹੈ, ਨਾ ਹਿੰਦੂ, ਨਾ ਮੁਸਲਮਾਨ ਤੇ ਨਾ ਕੋਈ ਹੋਰ।



ਮੁਕਤਸਰ



ਚਿੱਤਰਕਾਰ ਫੂਲਾਂ ਰਾਣੀ

ਮਾਈ ਭਾਗੋ ਸਿੰਘਾਂ ਨੂੰ ਲੜਾਈ ਦੇ ਮੈਦਾਨ ਵਿਚ ਨਿਤਰਨ ਲਈ ਪ੍ਰੇਰਦਿਆਂ।

ਹਵਾਲੇ —

ਪਰਮ-ਮਨੁੱਖ — ਗੁਰਬਖਸ਼ ਸਿੰਘ
ਪ੍ਰੀਤਲੜੀ — ਨਵੰਬਰ 1959 - ਬਲਰਾਜ ਸਾਹਨੀ ਦਾ ਲੇਖ
ਪ੍ਰੀਤ ਲੜੀ — ਫਰਵਰੀ 1967 - ਬਲਰਾਜ ਸਾਹਨੀ ਦਾ ਲੇਖ
ਕਲਿਯੁਗ ਮਧੁ ਸੂਦਨ ਗੁਰੂ ਗੋਬਿੰਦ ਸਿੰਘ

6 ਮੈਂਬਰੀ ਚੀਨੀ ਵਫਦ ਦੀ ਭਾਰਤੀ ਨੇਤਾਵਾਂ ਨਾਲ ਭੇਂਟ

ਨਵੀਂ ਦਿੱਲੀ, :,-(ਪੀ ਟੀ ਆਈ) ਚੀਨੀ ਕਮਿਊਨਿਸਟ ਪਾਰਟੀ ਦੇ 6 ਮੈਂਬਰੀ ਵਫਦ ਨੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਵਖ ਵਖ ਨੇਤਾਵਾਂ ਨਾਲ ਅਲਗ ਅਲਗ ਮਸ਼ਵਰੇ ਕੀਤੇ।

ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ ?

—ਸੰਤ ਸੰਧੂ

ਚੋਣਾਂ—
ਸਿਖ਼ਰ ਦੁਪਹਿਰੇ ਤੋਰੀ, ਕੂਕਾਂ ਪੈਣ ਗੀਆਂ ।

ਚੋਣਾਂ-ਲੋਕ-ਨੇਤਾ—
ਬੀਬੀ ਸੇਜ ਚਾਹੇ, ਮੀਆਂ ਗੋਰ ਮੰਗੇ, ਭੜੂਏ ਜ਼ਰਾਂ ਦੇ ਟੋਲਦੇ ਲਾੜਿਆਂ ਨੂੰ ।

ਸਮਝੌਤਾ—
ਸਾਧਾ ਸੱਚ ਦੱਸ ਦੇਹ, ਕਿਥੋਂ ਸਾਧਣੀ ਆਂਦੀ ।

ਦਲ-ਕੇਂਦਰੀ ਸ਼ਹਿ—
ਗੂੰਜੇ ਚਰਖ਼ਾ ਬਿਜ਼ਨੀਏ ਤੇਰਾ ਲੋਕਾਂ ਭਾਣੇ ਮੋਰ ਬੋਲਦਾ ।

ਰੰਧਾਵਾ-ਬੀਰਪਾਲ-ਜਸੋਵਾਲ—
ਟਿਕਟਾਂ ਕੱਟ ਮੁੰਡਿਆ, ਅਸੀਂ ਤਿੰਨ ਮੁਟਿਆਰਾਂ ਖੜੀਆਂ ।

ਅਕਾਲੀ-ਰਾਜੀਵ—
ਸਈਓ ਨੀ ਮੇਰੇ ਨਾਲ ਦੀਓ, ਅੱਖ ਨਾਲ 'ਡ੍ਰਾਈਵਰ' ਲੜ ਗਈ ।

ਲੌਂਗੋਵਾਲ—
ਲੋਕਾਂ ਭਾਣੇ ਇਸ਼ਕ ਸੁਖਾਲਾ ਇਸ਼ਕ ਨਾ ਛੱਡਦਾ ਫੱਕਾ ਕੁੜੇ ।

ਪੰਜਾਬ—
ਪਿਛੋਂ ਆਖਦੇ ਰੱਬਾ ਤੂੰ ਸੁੱਖ ਰੱਖੀਂ, ਲਾ ਕੇ ਰੂਈਂ ਦੇ ਨਾਲ ਅੰਗਾਰਿਆਂ ਨੂੰ ।

ਸੰਤ ਭਿੰਡਰਾਂ ਵਾਲੇ—
ਸੰਗਲ ਵਿਸ਼ੇ ਤੇ ਕਾਮ ਦਾ ਤੋੜ ਦਿਤਾ, ਸ਼ੇਰ ਪਿੰਜਰੇ ਵਿਚ ਨਾ ਫਸਿਆ ਈ ।

ਸੈਣੀ ਗੁਰਦਿਆਲ—
ਜੇਕਰ ਸੂਲੀ 'ਤੇ ਬੱਚ ਰਹੀ ਜਿੰਦ ਤੇਰੀ, ਬਨਵਾਸ ਜ਼ਰੂਰ ਤੂੰ ਪਾਵਸੇਂ ਵੇ ।

ਦੰਗਾ ਪੀੜਤ ਸਿੱਖ—
ਅਸੀਂ ਆਣ ਕੇ ਰੁਲਾਂਗੇ ਵਿਚ ਵੇਹੜੇ, ਸਾਡੀ ਕੋਈ ਨਾ ਲਵੇਗਾ ਸਾਰ ਹੀਰੇ ।

ਅਕਾਲੀ-ਇੰਕਾ—
ਸੀਨ ਸ਼ਹਿਰ ਦੇ ਉੜਦ ਬਾਜ਼ਾਰ ਅੰਦਰ, ਅਸਾਂ ਸਾਧ ਤੇ ਚੋਰ ਇਕ ਜਾ ਡਿੱਠੇ ।

ਫਿਰਕੂ ਏਕਤਾ—
ਜਦੋਂ ਰਾਂਝਣੇ ਹੀਰ ਪਿਆਰ ਪਿਆ, ਤਦੋਂ ਜਾਣ ਨਿਖੇੜਦਾ ਕੌਣ ਸੀ ਜੀ ।

ਪੰਜਾਬ ਮਸਲਾ-ਕੇਂਦਰ—
ਬੈਠਾ ਬੂਟਿਆ ਛੁਪ ਵਿਚ ਹੋ ਬੁਰਕੇ, ਪਹਿਲੋਂ ਆਪ ਖਹੇੜਦਾ ਕੌਣ ਸੀ ਜੀ ।

ਜਗਜੀਤ ਚੌਹਾਨ—
ਟੁੰਡੇ ਕਿਸੇ ਦੇ ਨਾਲ ਕੀ ਯੁੱਧ ਕਰਨਾ, ਲੰਗੜੇ ਸਿਖ਼ਰ ਪਹਾੜ ਦੇ ਜਾਣ ਨਹੀਂ

ਚੋਣ ਪਰਚਾਰ—
ਲੋਕ ਲੋਭ ਦੇ ਵਾਸਤੇ ਕੂੜ ਬੋਲਣ, ਗੰਗਾਜਲੀ ਨੂੰ ਸੀਸ ਉਠਾਉਣਗੇ ਜੀ ।

ਅਕਾਲੀ ਦਲ—
ਭਾਬੀ ਦੇਵਰਾਂ ਵਿਚ ਨਾ ਰਹਿਸੀ, ਸੌਹਰੇ ਨੂੰਹਾਂ ਦੀ ਤਰਫ਼ ਤਕਾਉਣਗੇ ਜੀ ।

ਲੋਕਦਲ-ਸੰਜੇ ਮੰਚ-ਭਾਜਪਾ—
ਛੇ ਦਰਸ਼ਨਾਂ ਦੀ ਪੂਜਾ ਬੰਦ ਕਰਕੇ, ਲੋਕੀਂ ਵੱਖਰੇ ਪੰਥ ਚਲਾਉਣਗੇ ਜੀ ।

ਸਿੱਖ-ਆਪਸੀ ਫੁੱਟ—
ਘਰੀਂ ਜਿਨ੍ਹਾਂ ਦੇ ਪਦਮਨੀ ਨਾਰ ਹੋਵੇ, ਯਾਰੀ ਨਾਲ ਪਰਾਈਆਂ ਦੇ ਲਾਉਣਗੇ ਜ

ਇੰਕਾ ਭ੍ਰਿਸ਼ਟਾਚਾਰ—
ਬਾਰਾਂ ਬਰਸ ਦੀ ਕੰਨਿਆਂ ਜਣੇ ਪੁੱਤਰ, ਹਾਕਮ ਆਪਣੇ ਹੱਥ ਖਿਡਾਉਣਗੇ ਨੀ ।

ਸ਼ਾਇਰੀ÷

ਬੱਬੂ 'ਤੀਰ' ਪੰਜਾਬੀ ਕਾਵਿ ਜਗਤ ਵਿਚ ਬਿਲਕੁਲ ਨਵਾਂ ਨਾਂ ਹੈ । ਉਹ ਪ੍ਰਸਿਧ ਹਾਸ ਵਿਅੰਗ ਲੇਖਕ ਸ: ਗੁਰਨਾਮ ਸਿੰਘ 'ਤੀਰ' ਉਰਫ ਚਾਚਾ ਚੰਡੀਗੜ੍ਹੀਆ ਦੀ ਸਪੁਤਰੀ ਬੱਬੂ (ਘਰ ਦੇ ਪਿਆਰ ਨਾਲ ਬੱਬੂ ਬੁਲਾਉਂਦੇ ਹਨ ।) ਨੇ ਪਹਿਲਾਂ ਹਿੰਦੀ ਵਿਚ ਲਿਖਣਾ ਸ਼ੁਰੂ ਕੀਤਾ । ਪ੍ਰਸ਼ੰਸਕਾਂ ਨੇ ਉਸ ਨੂੰ ਪੰਜਾਬੀ ਵਿਚ ਲਿਖਣ ਲਈ ਪ੍ਰੇਰਿਆ ਹੈ । ਇਸ ਉਭਰਦੀ ਪੰਜਾਬੀ ਕਵਿੱਤਰੀ ਤੋਂ ਪੰਜਾਬੀ ਪਾਠਕਾਂ ਨੂੰ ਬੜੀਆਂ ਆਸਾਂ ਹਨ । ਹੇਠ ਦਿਤੀਆਂ ਕਵਿਤਾਵਾਂ ਉਸਦੇ ਨਿਜੀ ਜੀਵਨ ਦੇ ਹੰਢਾਏ ਪਲਾਂ ਦੇ ਉਦਗਾਰ ਹਨ, ਜਿਨ੍ਹਾਂ ਨੂੰ ਉਸ ਕਵਿਤਾ ਦਾ ਰੂਪ ਦਿਤਾ ਹੈ । ਆਸ ਹੈ ਪਾਠਕ ਉਸਦੀ ਕਵਿਤਾ ਨੂੰ ਉਸਦੇ ਆਪਣੇ ਅਨੁਭਵ ਵਿਚ ਬੈਠਕੇ ਮਾਨਣਗੇ ।

—ਸੰਪਾਦਕ



ਇਕ ਰਿਸ਼ਤਾ ਬੇਨਾਮ ਜਿਹਾ

ਸਿਰਫ ਤੈਨੂੰ ਜਾਣਿਆ ਹੀ ਨਹੀਂ,
ਸਮਝਣ ਦੀ ਵੀ ਕੋਸ਼ਿਸ਼ ਕੀਤੀ ।
ਤੇਰੀਆਂ ਅੱਖਾਂ ਦੇ ਸਮੁੰਦਰ ਵਿਚ,
ਭਾਵੁਕਤਾ ਦਾ ਤੂਫ਼ਾਨ, ਉਮੜਦਾ ਸੀ,
ਅਤੇ ਮੈਂ ਮਨੋਵਿਗਿਆਨ ਦੀ ਕਿਸ਼ਤੀ ਵਿਚ
ਬੈਠ ਕੇ ਕਈ ਵੇਰ ਓਸ ਸਮੁੰਦਰ ਦਾ
ਸਫਰ ਤਹਿ ਕੀਤਾ ।
ਕਿ ਨੇੜੇ ਤੋਂ ਉਸ ਤੂਫਾਨ ਨੂੰ ਮਹਿਸੂਸ ਕਰਾਂ,
ਅਤੇ ਉਸਦੇ ਰੋਹ ਵਿਚ ਗੁਆਚ ਜਾਵਾਂ ।
ਪਰ ਤੇਰੀ ਬਰਫੀਲੀ ਹਸਤੀ ਨੇ,
ਤੇਰੇ ਵਜੂਦ ਵਿਚ ਅਜਿਹੀ ਧੁੰਦ ਪੈਦਾ ਕੀਤੀ
ਕਈ ਜਨਮਾਂ ਦਾ ਨਿੱਘ ਲੈ ਕੇ,
ਮੈਂ ਜਦੋਂ ਵੀ ਨੇੜੇ ਆਈ ।
ਉਸ ਧੁੰਦ ਨਾਲ ਘਿਰ ਗਈ,
ਤੇ ਆਪਣੀਆਂ ਨਿਮਾਣੀਆਂ ਜਿਹੀਆਂ
ਅੱਖਾਂ ਬੰਦ ਕਰ ਕੇ ਮੁੜ ਗਈ ।
ਤੈਨੂੰ ਕਦੇ ਵੀ ਅਹਿਸਾਸ ਨਹੀਂ ਹੋਇਆ,
ਕਿ ਮੈਂ ਤੇਰੀਆਂ ਰਾਹਵਾਂ ਚੋਂ ਹਨੇਰੀਆਂ ਖਿੱਚਕੇ ।
ਆਪਣੇ ਆਹਲਣੇ ਵਿਚ ਲੈ ਗਈ ਸਾਂ,
ਮੇਰੇ ਜਜ਼ਬਿਆਂ ਨੇ ਬਲਦੇ ਭਾਂਬੜ ਬਣਕੇ ।
ਤੇਰੇ ਠਰੇ ਹੋਏ ਅਹਿਸਾਸਾਂ ਨੂੰ ਕੋਸਾ ਕੋਸਾ,
ਸੇਕ ਦੇਣ ਦੀ ਕੋਸ਼ਿਸ਼ ਕੀਤੀ ।
ਪਰ ਤੂੰ ਤਾਂ ਮਾਰੂਥਲ ਦੀ ਲਿਸ਼ਕਦੀ ਰੇਤ ਉੱਤੇ,
ਸਿੱਪੀਆਂ ਲੱਭਣ ਦੀ ਕੋਸ਼ਿਸ਼ ਵਿਚ ਸੈਂ
ਮੇਰੀਆਂ ਉਮੀਦਾਂ ਦਾ ਮੇਰੇ ਨਾਲ ਰੋਸਾ ਸਹੀ ।

ਕਿ ਤੂੰ ਮੈਨੂੰ ਅਜੀਜ਼ ਨਹੀਂ ਸੈਂ
ਪਰ ਤੂੰ ਸੋਨੇ ਦੀ ਮੂਰਤ ਹੋ ਕੇ ਵੀ ।
ਪਿੱਤਲ ਤੋਂ ਮੁੱਲ ਪੁਆਉਂਦਾ ਹੈ,
ਤੈਨੂੰ ਆਪਣੀ ਲਿਆਕਤ ਦਾ ਅਹਿਸਾਸ ਨਹੀਂ ਸੀ
ਅਤੇ ਮੈਨੂੰ ਹੱਕ ਤੋਂ ਵੱਧ ਹੱਕ ਮੰਗਣ ਦੀ
ਆਦਤ ਨਹੀਂ ਸੀ ।

ਮੇਰੇ ਹੱਕ ਉੱਤੇ ਰਿਸ਼ਤਿਆਂ ਦਾ ਪਹਿਰਾ ਸਹੀ ।
ਪਰ ਤੂੰ ਆਪਣੇ ਹੱਕ ਤੋਂ ਕਿਉਂ ਵਾਂਝਾ ਰਹੇਂ ?
ਅਸਾਂ ਇਕੱਠਿਆਂ ਇਕ ਸੁਫਨੇ ਦੀ ਉਂਗਲ
ਇਕੋ ਰਾਹ ਤੇ ਤੁਰੇ ਸਾਂ ।
ਪਰ ਦੌਰਾਨੇ ਸਫ਼ਰ ਤੇਰਾ ਅਤੀਤ,
ਮੇਰੇ ਵਰਤਮਾਨ ਦਾ ਸ਼ਰੀਕ ਬਣਿਆ ਰਿਹਾ,


ਸੋਚਾਂ ਦਾ ਫਾਸਲਾ ਉਮਰ ਦੇ ਫਾਸਲੇ
ਨਾਲੋਂ ਵਧੇਰੇ ਸੰਘਣਾ ਸੀ ।
ਯਾਦ ਹੈ ਮੈਨੂੰ ਤੂੰ ਆਖਿਆ ਸੀ,
ਮੈਂ ਉਹ ਹਾਰਿਆ ਹੋਇਆ ਸ਼ੇਖ ਹਾਂ ।
ਜੀਹਦੀਆਂ ਅੱਖਾਂ ਦੀ ਉਦਾਸੀ,
ਤੇਰੇ ਘਰ ਦੀ ਰਾਹ ਪੁੱਛਦੀ ਫਿਰਦੀ ਹੈ ।
ਅਤੇ ਮੇਰੇ ਹਰਖੀਲੇ ਗਰੂਰ ਨੇ ਅੱਗੋਂ ਕਿਹਾ ਸੀ,
ਤਰਸ ਦੇ ਮੁਹਤਾਜਾਂ ਲਈ ।
ਮੇਰੇ ਘਰ ਨੂੰ ਆਉਣ ਵਾਲੇ ਸਾਰੇ ਰਾਹ ਬੰਦ ਹਨ,
ਤੇਰੀ ਸੋਚ ਨੇ ਫੇਰ ।
ਨਿਰਾਸ਼ਾ ਦੇ ਘਰ ਜਾ ਪਨਾਹ ਲਈ ਸੀ ।
ਸੱਚ ਇਹ ਨਹੀਂ ਸੀ ।






ਸੁਤੇ ਅਰਮਾਨ

ਹਕੀਕਤ ਦੀ ਸਰਹੱਦ ਦੇ ਬਹੁਤ ਨੇੜੇ...
ਇਕ ਖਿਆਲ ਅਰਮਾਨ ਦੀ ਸ਼ਕਲ ਵਿਚ
ਡਰ ਡਰ ਕੇ ਉਭਰਦਾ ਹੈ ।
ਮੇਰੀ ਦੁਨੀਆਂ ਦਾ ਕਿਸੇ ਤਰੰਗ ਨਾਲ
ਤੁਆਰੁਫ ਕਰਵਾਕੇ,
ਦੋਸਤੀ ਦੀ ਜ਼ੁਮੇਂਵਾਰੀ ਮੇਰੇ ਤੇ ਸੁਟਦਾ ਹੋਇਆ...
ਉਹ ਮੋਇਆ ਖਿਆਲ ਰੀਤ ਰਿਵਾਜ
ਦੀਆਂ ਕੰਧਾਂ ਮਗਰ ਜਾ ਲੁਕਦਾ ਹੈ ।
ਮੇਰੀਆਂ ਸੋਚਾਂ ਦੁਖੀ ਹੋ ਕੇ,
ਉਹੀ ਖਿਆਲ ਨੂੰ ਲੱਭਦੀਆਂ ਹਨ ।
ਇਹ ਕਿਹੀ ਲੁਕਣ-ਮੀਟੀ ਹੈ ?
ਜ਼ਮਾਨਾ ਸੁਣ ਕੇ ਹੈਰਾਨ ਹੈ ਕਿ ਇਕ ਇਨਸਾਨ
ਦਾ ।
ਆਪਣੀ ਸੋਚ ਦੇ ਹੱਥੋਂ ਕਤਲ ਹੋ ਗਿਆ !
ਇਹ ਸੋਚ ਹਕੀਕਤ ਬਣ ਕੇ ਆਈ ਸੀ
ਅਤੇ ਇਨਸਾਨ ਨੇ ਇਕ ਨਾਜ਼ਕ ਸੁਫਨਾ ਬਣ ਕੇ
ਜਨਮ ਲਿਆ ਸੀ !
ਉਫ਼ : ਉਹ ਖਿਆਲ ਫਿਰ ਆ ਗਿਆ
ਫੇਰ ਇਕ ਤਸੱਲੀ ਦਿੰਦਿਆਂ ਆਪਣੇ ਭੋਲੇ
ਦਿਲ ਨੂੰ ਮੈਂ ਆਖਿਆ
ਕਮਜ਼ੋਰ, ਦੁਨੀਆਂਦਾਰੀ ਦੀਆਂ ਜ਼ੰਜੀਰਾਂ ਵਿਚ
ਜਕੜੇ ਆਦਮੀ,
ਇਹ ਹੱਕ ਨਹੀਂ ਰੱਖਦੇ,
ਕਿ ਉਹ ਕਿਸੇ ਖ਼ਿਆਲ ਨੂੰ ਅਰਮਾਨ
ਦਾ ਪਹਿਰਾਵਾ ਪੁਆ ਸਕਣ ।



ਫ਼ਿਲਮ ਲੋਕ






ਸਾਰਿਕਾ ਫਿਲਮ ਇੰਡਸਟਰੀ ਦੀ ਪਹਿਲੀ ਅਣਵਿਆਹੀ ਮਾਂ

ਫਿਲਮ ਖੇਤਰ ਵਿਚ ਇਹ ਪਹਿਲਾ ਵਾਕਿਆ ਹੈ ਜਦੋਂ ਕਿਸੇ ਅਭਿਨੇਤਰੀ ਨੇ ਆਪਣੇ ਮੂੰਹੋਂ ਸ਼ਰੇਆਮ ਕਿਹਾ ਹੋਵੇ ਕਿ ਉਹ ਵਿਆਹ ਤੋਂ ਪਹਿਲਾਂ ਹੀ ਗਰਭਵਤੀ ਹੋ ਚੁਕੀ ਹੈ। ਬੱਚਾ ਤਾਂ ਸ਼ਿਵਾਂਗੀ-ਸ਼ਕਤੀ ਕਪੂਰ ਦੇ ਵੀ ਵਿਆਹ ਤੋਂ ਛੇ ਮਹੀਨੇ ਪਿਛੋਂ ਹੀ ਹੋ ਗਿਆ ਸੀ ਪਰ ਉਨ੍ਹਾਂ ਨੇ ਸਮਾਜਕ ਤੌਰ ਤੇ ਇਕ ਹੋਣ ਦਾ ਲਾਈਸੈਂਸ ਜ਼ਰੂਰ ਲੈ ਲਿਆ ਸੀ ਪਰ ਸਾਰਿਕਾ ਦੀ ਤਾਂ ਗਾਥਾ ਵੀ ਹੀ ਨਿਰਾਲੀ ਹੈ। ਵੈਸੇ ਤਾਂ ਸ਼ੁਰੂ ਤੋਂ ਹੀ ਸਾਰਿਕਾ ਨੂੰ ਘਰ ਉਜਾੜਨ ਵਾਲੀ, ਬਦਚਲਣ, ਖੁਦਗਰਜ਼ ਆਦਿ ਵਿਸ਼ੇਸ਼ਣਾਂ ਨਾਲ ਸੱਦਿਆ ਜਾਂਦਾ ਰਿਹਾ ਹੈ ਪਰ ਉਸ ਦੇ ਮੂੰਹੋਂ ਨਿਕਲੇ ਸਨਸਨੀਖੇਜ਼ ਸ਼ਬਦਾਂ ਨੇ ਤਾਂ ਹੋਰ ਵੀ ਧੰਨ ਧੰਨ ਕਰਵਾ ਦਿਤੀ ਕਿ ਉਹ ਜਨਵਰੀ ਵਿਚ ਕਮਲ ਹਸਨ ਦੇ ਬੱਚੇ ਦੀ ਮਾਂ ਬਣ ਰਹੀ ਹੈ ਜਦ ਕਿ ਦੋਵਾਂ ਦਾ ਅਜੇ ਤਕ ਵਿਆਹ ਨਹੀਂ ਹੋਇਆ। ਸਾਰਿਕਾ ਦੇ ਨਾਂ ਨਾਲ ਜਿਹੜੇ ਵਿਸ਼ੇਸ਼ਣ ਜੁੜੇ ਹਨ ਉਸ ਨੇ ਖੁਦ ਇਨ੍ਹਾਂ ਦੀ ਪੁਸ਼ਟੀ ਕਰ ਦਿਤੀ ਹੈ।

ਦੂਜੇ ਪਾਸੇ ਉਸਦੇ ਸ਼ਾਦੀ ਸ਼ੁਦਾ ਪ੍ਰੇਮੀ ਕਮਲ ਹਸਨ ਨਾ ਤਾਂ ਆਪਣੀ ਪਤਨੀ ਵਾਣੀ ਨੂੰ ਤਲਾਕ ਦੇਣਾ ਚਾਹੁੰਦਾ ਹੈ ਤੇ ਨਾ ਹੀ ਸਾਰਿਕਾ ਦੇ ਨਜਾਇਜ਼ ਬੱਚੇ ਦਾ ਬਾਪ ਬਣਨ ਤੋਂ ਪਹਿਲਾਂ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਉਹ ਇਸ ਭਖਦੇ ਮਸਲੇ ਬਾਰੇ ਕੋਈ ਸਫਾਈ ਵੀ ਦੇਣੀ ਨਹੀਂ ਚਾਹੁੰਦਾ, ਸਿਰਫ ਉਹ 'ਹਾਂ' ਵਿਚ ਸਿਰ ਜ਼ਰੂਰ ਹਿਲਾਉਂਦਾ ਹੈ। ਇਸੇ ਤਰ੍ਹਾਂ ਸਾਰਿਕਾ ਨੇ ਵੀ ਆਪਣੇ ਬਚਾਅ ਵਿਚ ਇਕ ਵੀ ਲਫ਼ਜ਼ ਨਹੀਂ ਕਿਹਾ ਹੈ। ਇਸ ਲਈ ਸਾਰਿਕਾ ਦੀ ਉਸ ਤਕਲੀਫ ਨੂੰ ਬਹੁਤ ਘੱਟ ਲੋਕ ਮਹਿਸੂਸ ਕਰਦੇ ਹਨ ਜਿਹੜੀ ਉਸਨੇ ਅਣਵਿਆਹੀ ਮਾਂ ਬਣਨ ਵਰਗਾ ਜ਼ਬਰਦਸਤ ਫੈਸਲਾ ਲੈਣ ਪਿਛੋਂ ਭੋਗੀ ਹੈ। ਉਸਦੇ ਜਿਹੜੇ ਖਾਸ ਦੋਸਤ ਇਸ ਗੱਲ ਨੂੰ ਜਾਣਦੇ ਵੀ ਹਨ ਉਨ੍ਹਾਂ ਨੂੰ ਸਾਰਿਕਾ ਨੇ ਆਪਣੇ ਬਾਰੇ ਕੋਈ ਵੀ ਗੱਲ ਨਾ ਕਰਨ ਦੀ ਸਹੁੰ ਚੁਕਾਈ ਹੋਈ ਹੈ। ਕਿੰਨਾ ਹੀ ਚਿਕੜ ਇਨ੍ਹੀਂ ਦਿਨੀਂ ਆਸ਼ਕਾਂ ਤੇ ਉਛਾਲਿਆ ਗਿਆ ਪਰ ਇਨ੍ਹਾਂ ਨੇ ਇਸ ਦੇ ਖਿਲਾਫ ਕੋਈ ਆਵਾਜ਼ ਨਹੀਂ ਉਠਾਈ। ਪਰ ਆਖਿਰ ਇਹ ਲੋਕ ਵੀ ਇਨਸਾਨ ਹਨ। ਖਾਸ ਕਰਕੇ ਸਾਰਿਕਾ ਨੂੰ ਇਸ ਨਾਲ ਬਹੁਤ ਤਕਲੀਫ ਪਹੁੰਚਦੀ ਹੈ। ਜਦੋਂ ਤੋਂ ਉਸ ਨੂੰ ਘਰ ਉਜਾੜਨ ਵਾਲੀ ਔਰਤਾਂ ਦਾ ਖਿਤਾਬ ਦਿਤਾ ਗਿਆ ਹੈ ਉਹ ਸਚ ਨਾ ਹੁੰਦਿਆਂ ਹੋਇਆਂ ਵੀ ਏਨਾ ਜ਼ਿਆਦਾ ਸੁਣਨ ਵਿਚ ਆ ਗਿਆ ਹੈ ਕਿ ਉਹ ਹੁਣ ਸਚ ਬਣ ਗਿਆ ਹੈ। ਸਿਰਫ ਸ਼ਾਰਿਕਾ ਦਾ ਖਾਸ ਦੋਸਤ ਹੋਣ ਦੇ ਨਾਤੇ ਹੀ ਨਹੀਂ ਸਗੋਂ ਉਸਦੇ ਇਸ ਰੁਮਾਂਸ ਦੇ ਕਈ ਕਿਸਿਆਂ ਦਾ ਚਸ਼ਮਦੀਦ ਗਵਾਹ ਹੋਣ ਦੇ ਨਾਤੇ ਵੀ ਮੈਂ ਇਹ ਮਹਿਸੂਸ ਕੀਤਾ ਕਿ ਹੁਣ ਸਚਾਈ ਨੂੰ ਜਗਜ਼ਾਹਿਰ ਕਰਨ ਦਾ ਸਹੀ ਸਮਾਂ ਆ ਗਿਆ ਹੈ। ਪਰ ਨਾਲ ਹੀ ਨਾਲ ਮੈਨੂੰ ਇਸ ਗੱਲ ਦਾ ਅੰਦਾਜ਼ਾ ਸੀ ਕਿ ਸਾਰਿਕਾ ਵਿਅਕਤੀਗਤ ਮਾਮਲਿਆਂ ਵਿਚ ਕਿਸੇ ਦੀ ਦਖਲ ਅੰਦਾਜ਼ੀ ਜ਼ਰਾ ਵੀ ਪਸੰਦ ਨਹੀਂ ਕਰਦੀ, ਮੈਂ ਉਸ ਨਾਲ ਕੋਈ ਗੱਲਬਾਤ ਕਰ ਨਾ ਸਕੀ।

ਮੈਂ ਠੀਕ ਹੀ ਕੀਤਾ। ਜਦ ਛੇ ਮਹੀਨਿਆਂ ਦੀ ਗਰਭਵਤੀ ਸਾਰਿਕਾ ਕਾਫੀ ਰਾਤ ਗਈ ਮੈਨੂੰ ਮਿਲਣ ਆਈ ਤਾਂ ਉਸਦੀਆਂ ਭੂਰੀਆਂ ਅੱਖਾਂ ਅਤੇ ਚੇਹਰੇ ਦੀ ਚਮਕ ਨੇ ਬਹੁਤ ਕੁਝ ਕਹਿ ਦਿਤਾ। ਉਹ ਅਜਿਹੀ ਔਰਤਾਂ ਦਾ ਚਿਹਰਾ ਸੀ ਜਿਸ ਨੇ ਦੁਨੀਆਂ ਦੀ ਸਾਰੀ ਬਾਜ਼ੀ ਹਾਰ ਕੇ ਵੀ ਜਿੱਤ ਲਈ ਸੀ। ਉਸਨੂੰ ਸ਼ਰਮ ਜਾਂ ਅਫਸੋਸ ਦਾ ਬਿਲਕੁਲ ਅਹਿਸਾਸ ਨਹੀਂ ਸੀ। ਦਰਅਸਲ ਉਹ ਬਿਲਕੁਲ ਖੁਸ਼ ਲਗ ਰਹੀ ਸੀ। ਆਪਣੇ ਪੇਟ ਨੂੰ ਪਿਆਰ ਨਾਲ ਸਹਿਲਾਉਂਦੀ ਹੋਈ ਉਹ ਬੋਲੀ ਇਸ ਫੈਸਲੇ ਨੇ ਮੈਨੂੰ ਬਹੁਤ ਖੁਸ਼ੀ ਦਿਤੀ ਹੈ ਜਿਸ ਤੋਂ ਮੈਂ ਅੱਜ ਤੱਕ ਵੰਚਿਤ ਸੀ। ਭਾਵੇਂ ਉਹ ਇਸ ਗੱਲ ਦੀ ਜ਼ਿਦ ਕਰਦੀ ਰਹੀ ਕਿ ਉਸ ਦੇ ਗਰਭਵਤੀ ਹੋਣ ਦੀ ਅਜੇ ਤਕ ਕਿਸੇ ਨੂੰ ਖਬਰ ਨਹੀਂ ਪਰ ਉਸ ਦੇ ਗਰਭਵਤੀ ਹੋਣ ਦਾ ਪੂਰਾ ਪੂਰਾ ਪਤਾ ਲੱਗ ਰਿਹਾ ਸੀ। ਉਸ ਨੇ ਦੱਸਿਆ, "ਮੈਂ ਅਜੇ ਵੀ ਸ਼ੂਟਿੰਗ ਕਰ ਰਹੀ ਹਾਂ। ਮੈਂ ਮਦਰਾਸ ਜਾਣ ਤੋਂ ਪਹਿਲਾਂ ਆਪਣਾ ਸਾਰਾ ਕੰਮ ਖਤਮ ਕਰ ਦੇਣਾ ਚਾਹੁੰਦੀ ਹਾਂ। ਅਸੀਂ ਮਦਰਾਸ ਵਿਚ ਆਪਣੇ ਲਈ ਇਕ ਘਰ ਲੱਭ ਰਹੇ ਹਾਂ। ਸਾਰਿਕਾ ਨੇ ਅਜੇ ਤਾਂ ਸਬਰਬ ਵਿਚ ਦੋ ਬੈਡਰੂਮ ਵਾਲਾ ਇਕ ਫਲੈਟ ਵੀ ਖਰੀਦ ਲਿਆ ਹੈ। ਬਹੁਤੀ ਖੁਸ਼ੀ ਨਾਲ ਉਸ ਨੇ ਦੱਸਿਆ ਕਿ ਉਸ ਦੇ ਇਸ ਨਵੇਂ ਫਲੈਟ ਵਿਚ ਛੇਤੀ ਹੀ ਫੋਨ ਲਗ ਰਿਹਾ ਤੇ ਇਕ ਫੀਏਟ ਕਾਰ ਦੀ ਵੀ ਮਾਲਕਿਨ ਬਣ ਰਹੀ ਹੈ। ਉਹ ਏਨੀ ਖੁਸ਼ ਲੱਗ ਰਹੀ ਸੀ ਜਿਵੇਂ ਕਿ ਉਹ ਆਪਣੇ ਆਸ਼ਕ ਨਾਲ ਮਨ ਚਾਹੀ ਜ਼ਿੰਦਗੀ ਬਸਰ ਕਰ ਲਏਗੀ। ਉਹ ਕਹਿੰਦੀ ਹੈ 'ਮੈਂ ਉਨ੍ਹਾਂ ਨੂੰ (ਕਮਲ ਹਸਨ) ਆਪਣੇ ਨਜ਼ਦੀਕ ਦੇਖਣਾ ਚਾਹੁੰਦੀ ਹਾਂ। ਇਕ ਦਿਨ ਕਮਲ ਨੇ ਮੈਨੂੰ ਫੋਨ ਤੇ ਪੁੱਛਿਆ ਸੀ ਕਿ ਕੀ ਬੱਚੇ ਨੇ ਹਿਲਜੁਲ ਸ਼ੁਰੂ ਕਰ ਦਿਤੀ ਹੈ ਜਾਂ ਨਹੀਂ ਤੇ ਉਹ ਉਸ ਨੂੰ ਸੁਣ ਸਕਦੇ ਹਨ ਜਾਂ ਨਹੀਂ। ਮੈਂ ਉਨ੍ਹਾਂ ਨੂੰ ਜਵਾਬ ਦਿਤਾ ਕਿ ਨਹੀਂ ਅਜੇ ਇਹ ਰਾਜ ਦੀ ਗੱਲ ਸਿਰਫ ਸਾਡੇ ਦੋਹਾਂ ਵਿਚ ਹੀ ਹੈ। ਪਿਛੋਂ ਜਦੋਂ ਮੈਂ ਬੱਚੇ ਦੀ ਹਿਲਜੁਲ ਨੂੰ ਮਹਿਸੂਸ ਕੀਤਾ ਤਾਂ ਮੇਰੇ ਹੰਝੂ ਵਗ ਤੁਰੇ। ਮੈਂ ਸੋਚ ਰਹੀ ਸੀ ਕਿ ਮੇਰੇ ਦੋਸਤਾਂ, ਸਹਿ ਕਲਾਕਾਰਾਂ ਅਤੇ ਇਥੋਂ ਤਕ ਕਿ ਮੇਰੀ ਹੇਅਰ ਡਰੈਸਰ ਨੂੰ ਵੀ ਇਸ ਬਾਰੇ ਸਭ ਕੁਝ ਪਤਾ ਹੈ, ਇਕ ਕਮਲ ਹੀ ਅਜਿਹੇ ਹਨ ਜਿਹੜੇ ਇਸ ਮੌਕੇ ਤੇ ਇਥੇ ਮੌਜੂਦ ਨਹੀਂ ਹਨ। ਉਸ ਨੇ ਫਿਲਮੀਕਲ ਅੰਦਾਜ਼ ਨਾਲ ਕਿਹਾ, 'ਇਹ ਛੋਟੀਆਂ ਛੋਟੀਆਂ ਗੱਲਾਂ ਨਾਜ਼ੁਕ ਮੌਕਿਆਂ ਤੇ ਬਹੁਤ ਅਰਥ ਰਖਦੀਆਂ ਹਨ।' ਮੈਂ ਜਾਨਣਾ ਚਾਹਿਆ ਕਿ ਕੀ ਇਸ ਤਰ੍ਹਾਂ ਦੇ ਉਹ ਆਪਣੇ ਅਲੱਗ ਥਲੱਗ ਟੈਰੇਸ ਫਲੈਟ ਵਿਚ ਇਕਲੀ ਨਾ ਰਹਿ ਕੇ ਮਦਰਾਸ ਵਿਚ ਹੀ ਰਹਿਣ ਦਾ ਖਤਰਾ ਮੁੱਲ ਲੈ ਰਹੀ ਸੀ। ਚਾਹੇ ਇਸ ਲਈ ਉਸ ਨੂੰ ਸੌਂਤਨ ਦੇ ਗੁੱਸੇ ਭਰੇ ਤੇਵਰ ਕਿਉਂ ਨਾ ਝਲਣੇ ਪੈਣ? ਅਜੇ ਤਕ ਅਸੀਂ ਇਸ ਗੱਲ ਦਾ ਫੈਸਲਾ ਨਹੀਂ ਕੀਤਾ ਹੈ ਕਿ ਫਰਵਰੀ ਵਿਚ (ਜਦ ਕਿ ਡਿਲਿਵਰੀ ਦੀ ਡਿਊ ਡੇਟ ਹੈ) ਮੈਂ ਇਥੇ ਰਹਾਂਗੀ। ਮੇਰੀ ਖਾਹਿਸ਼ ਹੈ ਕਿ ਆਇਆ ਦਾਈ ਦੇ ਇਲਾਵਾ ਕੋਈ ਮੇਰਾ ਆਪਣਾ ਵੀ ਮੇਰੇ ਕੋਲ ਹੋਵੇ। ਕਿਸੇ ਆਪਣੇ ਦੀ ਦੇਖ ਭਾਲ ਦੀ ਲੋੜ ਦੀ ਮੈਨੂੰ ਸਖਤ ਜ਼ਰੂਰਤ ਹੈ।'





ਮੈਂ ਉਸ ਨੂੰ ਉਸ ਦੀ ਮਾਂ ਦੀ ਯਾਦ ਦਵਾਈ ਜਿਹੜੀ ਉਸ ਵਾਂਗ ਬਿਲਕੁਲ ਇਕੱਲੀ ਰਹਿੰਦੀ ਹੈ ਤੇ ਖਾਸ ਕਰਕੇ ਉਹ ਹੁਣ ਆਪਣੀ ਲੜਕੀ ਦੀ ਇਸ ਹਾਲਤ ਵਿਚ ਹੋਣ ਤੇ ਤਾਂ ਉਸਦੇ ਨਾਲ ਰਹਿਣਾ ਵੀ ਚਾਹੇਗੀ। ਪਰ ਇਹ ਇਕ ਦੁਰਭਾਗ ਹੀ ਹੈ ਕਿ ਸਾਰਿਕਾ ਹੁਣ ਵੀ ਆਪਣੇ ਅਤੇ ਆਪਣੀ ਮਾਂ ਦੇ ਦਰਮਿਆਨ ਇਕ ਕੰਧ ਉਸਾਰੀ ਖੜੀ ਹੈ ਜਦ ਕਿ ਉਹ ਖੁਦ ਵੀ ਮਮਤਾ ਦੀ ਦਹਿਲੀਜ਼ ਤੇ ਬੈਠੀ ਹੈ। ਉਸਦੀ ਖੋਖਲੀ ਨਜ਼ਰ ਵਿਚ ਇਹ ਜ਼ਾਹਿਰ ਸੀ ਕਿ ਉਸਦੇ ਸੁਖ ਚੈਨ ਵਿਚ ਰੋੜੇ ਅਟਕਾਉਣ ਵਾਲੇ ਦੋ ਹੀ ਲੋਕ ਸਨ। ਉਸ ਦੀ ਮਾਂ ਅਤੇ ਵਾਣੀ ਕਿਉਂ ਕਿ ਜਦੋਂ ਵੀ ਮੈਂ ਸਾਰਿਕਾ ਨੂੰ ਬਦਨਾਮ ਕਰਨ ਵਾਲੀਆਂ ਇਨ੍ਹਾਂ ਦੋਹਾਂ ਔਰਤਾਂ ਵਿਚੋਂ ਕਿਸੇ ਇਕ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰਦੀ ਸੀ ਤਾਂ ਉਹ ਫੌਰਨ ਗਲਬਾਤ ਦਾ ਰੁਖ ਕਿਸੇ ਹੋਰ ਪਾਸੇ ਮੋੜ ਦਿੰਦੀ ਸੀ।

(ਬਾਕੀ ਪੰਨਾ ੧੨ ਤੇ)

(ਪੰਨਾ 14 ਦੀ ਬਾਕੀ)





'ਕਤਲ' ਵਿਚ ਤਾਂ ਮੈਨੂੰ ਜ਼ਰੂਰਤ ਨਾਲੋਂ ਵਧੇਰੇ ਪਬਲਿਸਟੀ ਮਿਲੀ ਹੈ।' ਉਸ ਨੇ ਛੇਤੀ ਨਾਲ ਵਿਚੋਂ ਹੀ ਟੋਕ ਦਿਤਾ, 'ਸਾਰੀ ਪਬਲਿਸਟੀ ਮੇਰੀ ਸੈਕਸ ਬੰਬ ਇਮੇਜ ਦੀ ਵਜਹ ਨਾਲ ਹੋ ਰਹੀ ਹੈ। ਵਿਚਾਰੇ ਨਯੀਅਰ ਸਾਹਿਬ ਦੇ ਪ੍ਰੀਮੀਅਰ ਵਿਚ ਇਕ ਧੁਲ ਧੁਲ ਅਤੇ ਗਰਭਵਤੀ ਹੀਰੋਇਨ ਡਗਮਗਾਂਦੀ ਹੁਈ ਪਹੁੰਚੇਗੀ। ਮੈਂ ਉਸ ਨੂੰ ਇਕ ਦਿਨ ਕਿਹਾ ਸੀ ਕਿ ਉਸ ਦਾ ਬੰਬ ਉਸ ਦੇ ਸਾਹਮਣੇ ਹੀ ਫਟ ਗਿਆ ਹੈ।' ਉਸ ਨੇ ਹਸਦਿਆਂ ਕਿਹਾ, 'ਮੈਂ ਇਹ ਜਾਨਣਾ ਚਾਹੁੰਦੀ ਸੀ ਕਿ ਇਹ ਅਣਕਹੀ ਪ੍ਰਸਥਿਤੀ ਦਾ ਇੰਡਸਟਰੀ ਤੇ ਕੀ ਅਸਰ ਹੋਇਆ। ਉਸ ਨੇ ਫੁਰੰਤ ਜਿਵੇਂ ਬੁਰੀ ਨਜ਼ਰ ਤੋਂ ਬਚਣ ਲਈ ਕਿਹਾ, 'ਇਸ ਦਾ ਅਸਰ ਬਹੁਤ ਜ਼ਿਆਦਾ ਹੋਇਆ ਹੈ। ਸਚ ਪੁਛੋ ਤਾਂ ਮੈਨੂੰ ਇਹੀ ਲਗਦਾ ਸੀ ਕਿ ਲੋਕ ਮੇਰੇ ਨਾਂ ਤੇ ਥੂ ਥੂ ਕਰਨਗੇ। ਪਰ ਸਾਰਿਆਂ ਨੇ ਮੇਰੇ ਆਚਰਣ ਤੇ ਉਂਗਲੀ ਉਠਾਉਣ ਦੀ ਬਜਾਏ ਮੇਰੀ ਤਬੀਅਤ ਬਾਰੇ ਜ਼ਿਆਦਾ ਚਿੰਤਾ ਵਿਅਕਤ ਕੀਤੀ ਹੈ। ਉਸ ਨੇ ਭਾਵੁਕ ਹੁੰਦਿਆਂ ਦਸਿਆ ਕਿ ਕਮਲ ਦੇ ਪਿਤਾ ਦੀ ਇਕ ਛੋਟੀ ਜਿਹੀ ਮੁਲਾਕਾਤ ਜੋ ਇਕ ਤਾਮਿਲ ਅਖਬਾਰ ਵਿਚ ਛਪੀ, ਨੇ ਉਸ ਦੇ ਦਿਲ ਨੂੰ ਛੂਹ ਲਿਆ। ਪੱਤਰਕਾਰ ਨੇ ਕਮਲ ਦੇ ਪਿਤਾ ਤੋਂ ਪੁਛਿਆ ਸੀ, 'ਤੁਹਾਡੀ ਸਾਰਿਕਾ ਦੇ ਗਰਭਵਤੀ ਹੋਣ ਬਾਰੇ ਕੀ ਰਾਇ ਹੈ?' ਇਸ ਤੇ ਉਸਦੇ ਪਿਤਾ ਨੇ ਜਵਾਬ ਦਿਤਾ, 'ਮੇਰੇ ਵਰਗਾ ਬਜ਼ੁਰਗ ਆਦਮੀ ਇਸ ਮਾਮਲੇ ਵਿਚ ਇਸ ਦੇ ਸਿਵਾਏ ਹੋਰ ਕੀ ਸੋਚ ਸਕਦਾ ਹੈ ਕਿ ਉਸਦੇ ਪੋਤਾ ਹੋਵੇਗਾ ਜਾਂ ਪੋਤੀ।' ਜਦੋਂ ਪੱਤਰਕਾਰ ਨੇ ਹੋਰ ਅੱਗੇ ਵਧ ਕੇ ਕਿਹਾ ਕਿ ਸਾਰਿਕਾ ਇਕ ਫਿਲਮ ਐਕਟਰਸ ਹੈ ਤਾਂ ਕਮਲ ਦੇ ਪਿਤਾ ਨੇ ਸਖਤੀ ਨਾਲ ਕਿਹਾ, 'ਉਹ ਮੇਰੇ ਪੋਤੇ ਦੀ ਮਾਂ ਹੈ, ਹੋਰ ਜੋ ਕੁਝ ਮਰਜ਼ੀ ਹੋਵੇ ਉਸ ਨਾਲ ਮੈਨੂੰ ਕੋਈ ਮਤਲਬ ਨਹੀਂ।'

ਸਾਰਿਕਾ ਦੀਆਂ ਅੱਖਾਂ ਇਹ ਗੱਲ ਕਰਦਿਆਂ ਤਰ ਹੋ ਗਈਆਂ। ਉਸ ਨੇ ਕਿਹਾ, 'ਉਨ੍ਹਾਂ ਦੇ ਇਸ ਬਿਆਨ ਨੇ ਮੈਨੂੰ ਕਿਸ ਕਦਰ ਪ੍ਰਭਾਵਿਤ ਕੀਤਾ ਹੈ ਮੈਂ ਦਸ ਨਹੀਂ ਸਕਦੀ। ਮੈਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ ਹੈ। ਹੁਣ ਕੋਈ ਕੁਝ ਵੀ ਸੋਚੇ, ਮੇਰੀ ਬਲਾ ਜਾਣੇ।' ਮੈਨੂੰ ਇੰਡਸਟਰੀ ਵਿਚ ਫੈਲੀਆਂ ਬੇਹੂਦਾ ਅਫਵਾਹਾਂ ਦੀ ਯਾਦ ਆਈ ਕਿ ਬੱਚੇ ਬਾਰੇ ਸੁਣ ਕੇ ਪਹਿਲਾਂ ਤਾਂ ਕਮਲ ਹਸਨ ਨੂੰ ਝਟਕਾ ਲਗਾ ਸੀ ਤੇ ਉਸ ਨੂੰ ਇਸ ਗੱਲ ਤੇ ਯਕੀਨ ਨਹੀਂ ਹੋਇਆ ਸੀ। ਉਸ ਦਾ ਆਪਣੀ ਗਰਲ ਫਰੈਂਡ ਨਾਲ ਇਸ ਗੱਲ ਨੂੰ ਲੈ ਕੇ ਜ਼ਬਰਦਸਤ ਝਗੜਾ ਵੀ ਹੋਇਆ ਸੀ ਤੇ ਉਸ ਨੇ ਸਾਫ ਸਾਫ ਕਹਿ ਦਿਤਾ ਸੀ ਕਿ ਉਹ ਜਾਣਦੇ ਹਨ ਕਿ ਉਹ ਬੱਚਾ ਉਨ੍ਹਾਂ ਦਾ ਨਹੀਂ ਹੈ ਇਨ੍ਹਾਂ ਗੱਲਾਂ ਨੂੰ ਸੁਣ ਕੇ ਸਾਰਿਕਾ ਗੁੱਸੇ ਨਾਲ ਭੜਕ ਉਠੀ। ਉਸ ਦਾ ਏਨਾ ਗੁੱਸਾ ਮੈਂ ਪਹਿਲਾਂ ਕਦੀ ਨਹੀਂ ਦੇਖਿਆ ਸੀ। ਸਾਰਿਕਾ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਸ਼ੇਰਨੀ ਆਪਣੇ ਬੱਚੇ ਨੂੰ ਬਚਾਉਣ ਲਈ ਝਪਟ ਪੈਂਦੀ ਹੈ।' ਮੈਂ ਸੋਚ ਵੀ ਨਹੀਂ ਸਕਦੀ ਕਿ ਲੋਕ ਏਨਾ ਵੱਡਾ ਝੂਠ ਬੋਲ ਕੇ ਇਸ ਹੱਦ ਤਕ ਨੀਵੇਂ ਡਿਗ ਸਕਦੇ ਹਨ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਗੱਲਾਂ ਕੌਣ ਕੌਣ ਫੈਲਾਅ ਰਿਹਾ ਹੈ। ਜਦ ਵਾਣੀ, ਉਸ ਦੀ ਮਾਂ, ਉਸਦੇ ਰਿਸ਼ਤੇਦਾਰ-ਸੰਬੰਧੀ ਮੇਰੇ ਬਾਰੇ ਗੰਦੀਆਂ ਗੱਲਾਂ ਕਰਦੇ ਕਰਦੇ ਥੱਕ ਗਏ ਤਾਂ ਹੁਣ ਉਹ ਲੋਕ ਕਮਲ ਹਸਨ ਤੇ ਗੰਦਗੀ ਉਛਾਲਣ ਤੋਂ ਵੀ ਬਾਜ਼ ਨਹੀਂ ਆ ਰਹੇ। ਹੁਣ ਤਾਂ ਵਾਣੀ ਦੀ ਛੋਟੀ ਭੈਣ ਦੀ ਵੀ ਏਨੀ ਹਿੰਮਤ ਹੋ ਗਈ ਹੈ ਕਿ ਉਹ ਕਹਿੰਦੀ ਹੈ, ਵਾਣੀ ਤਾਂ ਮਾਂ ਬਨਣ ਦੇ ਕਾਬਿਲ ਹੈ, ਪਰ ਕਮਲ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ। ਕਿੰਨੀ ਹੁਸ਼ਿਆਰੀ ਨਾਲ ਇਨ੍ਹਾਂ ਲੋਕਾਂ ਨੇ ਆਮ ਲੋਕਾਂ ਦੇ ਮਨਾਂ ਵਿਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਹੈ।

'ਮੈਂ ਜਦੋਂ ਕਮਲ ਹਸਨ ਨੂੰ ਆਪਣੇ ਗਰਭਵਤੀ ਹੋਣ ਦਾ ਸਭ ਤੋਂ ਪਹਿਲਾਂ ਦਸਿਆ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਆਪਾਂ ਇਸ ਬੱਚੇ ਨੂੰ ਖਤਮ ਕਰਨ ਦੀ ਬੇਵਕੂਫੀ ਨਹੀਂ ਕਰਾਂਗੇ।' ਕਮਲ ਦੇ ਮੂੰਹੋਂ ਇਹ ਗੱਲ ਸੁਣਦਿਆਂ ਹੀ ਮੈਨੂੰ ਬੇਹੱਦ ਸਕੂਨ ਮਿਲਿਆ। ਮੈਂ ਉਨ੍ਹਾਂ ਨੂੰ ਕਿਹਾ, 'ਬਸ ਹੁਣ ਹੋਰ ਕੁਝ ਨਾ ਕਹੋ।'

'ਕਮਲ ਅਤੇ ਵਾਣੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਮੈਂ ਕਮਲ ਨੂੰ ਕਿਹਾ ਸੀ ਕਿ ਇਸ ਗੱਲ ਬਾਰੇ ਉਹ ਖੁਦ ਵਾਣੀ ਨੂੰ ਦਸ ਦੇਣ ਕਿਉਂਕਿ ਅਜਿਹੀ ਗੱਲ ਕਿਸੇ ਪਰਾਏ ਕੋਲੋਂ ਸੁਣਨ ਨਾਲ ਧੱਕਾ ਲਗਦਾ ਹੈ। ਜਦੋਂ ਕਮਲ ਨੇ ਵਾਣੀ ਨੂੰ ਦਸਿਆ ਤਾਂ ਵਾਣੀ ਕਹਿਣ ਲੱਗੀ, 'ਤੁਸੀਂ ਕਿਵੇਂ ਯਕੀਨ ਕਰਦੇ ਹੋ ਕਿ ਉਹ ਤੁਹਾਡਾ ਹੀ ਬੱਚਾ ਹੈ?' ਕਮਲ ਨੇ ਕਿਹਾ ਕਿ ਸਾਰਿਕਾ ਏਨੀ ਬੇਬਾਕ ਹੈ ਕਿ ਜੇ ਉਹ ਕਿਸੇ ਹੋਰ ਦੇ ਬੱਚੇ ਦੀ ਮਾਂ ਹੁੰਦੀ ਤਾਂ ਬਿਨਾਂ ਝਿਜਕ ਉਸ ਦਾ ਨਾਂ ਲੈ ਦਿੰਦੀ ਤੇ ਉਸ ਹਾਲਤ ਵਿਚ ਵੀ ਮੈਂ ਬੱਚੇ ਨੂੰ ਆਪਣਾ ਨਾਂ ਦੇਣ ਲਈ ਤਿਆਰ ਹੋ ਜਾਂਦਾ।'

'ਵਾਣੀ ਦੇ ਅਜਿਹੀਆਂ ਘਟੀਆਂ ਗੱਲਾਂ ਕਰਨ ਦੇ ਬਾਵਜੂਦ ਕਮਲ ਉਸ ਨਾਲ ਪਿਆਰ ਕਰਦਾ ਹੈ।'

'ਸਾਗਰ' ਦੀ ਪ੍ਰੀਮੀਅਰ ਪਾਰਟੀ ਸਮੇਂ ਸਾਡਾ ਰਹੱਸ ਸਾਰਿਆਂ ਸਾਹਮਣੇ ਹੁਣ ਇਕ ਖੁਲ੍ਹੀ ਕਿਤਾਬ ਵਾਂਗ ਸੀ। ਸਾਰੇ ਜਾਣਦੇ ਸਨ ਕਿ ਮੈਂ ਗਰਭਵਤੀ ਸੀ। ਅਸਲ ਵਿਚ ਮੈਂ ਫੈਸਲਾ ਕੀਤਾ ਸੀ ਕਿ ਮੈਂ ਕਿਹੜੀ ਸਾੜ੍ਹੀ ਪਾਵਾਂ ਤੇ ਕਮਲ ਦੇ ਨਾਂ ਹੀ 'ਸਾਗਰ' ਦੀ ਪ੍ਰੀਮੀਅਰ ਪਾਰਟੀ ਤੇ ਜਾਵਾਂਗੀ। ਪਰ ਇਸ ਫੰਕਸ਼ਨ ਵਿਚ ਇਸ ਤਰ੍ਹਾਂ ਸ਼ਾਮਲ ਨਹੀਂ ਸੀ ਹੋਣਾ ਚਾਹੁੰਦੀ ਕਿ ਸਾਰਿਆਂ ਦਾ ਧਿਆਨ ਮੇਰੇ ਵਲ ਖਿਚਿਆ ਜਾਏ ਕਿਉਂਕਿ ਮੈਂ ਆਪਣੇ ਘੁਮੰਡ ਦਾ ਦਿਖਾਵਾ ਕਰਕੇ ਕਿਸੇ ਦਾ ਦਿਲ ਨਹੀਂ ਸੀ ਤੋੜਨਾ ਚਾਹੁੰਦੀ। ਪਰ ਪ੍ਰੀਮੀਅਰ ਪਾਰਟੀ ਵਿਚੋਂ ਕਮਲ ਹਸਨ ਖਿਸਕ ਕੇ ਜਦੋਂ ਮੇਰੀ ਸਹੇਲੀ ਦੇ ਘਰ ਮੈਨੂੰ ਮਿਲਣ ਦੀ ਸੋਚੀ ਤਾਂ ਉਸ ਸਮੇਂ ਰਮੇਸ਼ ਸਿਪੀ, ਜਾਵੇਦ ਤੇ ਸ਼ਬਾਨਾ ਨੇ ਕਮਲ ਨੂੰ ਵਧਾਈ ਦਿਤੀ। ਬਾਅਦ ਵਿਚ ਕਮਲ ਨੇ ਮੈਨੂੰ ਦਸਿਆ ਕਿ ਹਰ ਕੋਈ ਉਸ ਨੂੰ ਵਧਾਈ ਦੇ ਰਿਹਾ ਸੀ, ਇਸ ਲਈ ਸ਼ੇਖਰ ਕਪੂਰ ਵੀ ਅਗੇ ਆਏ ਅਤੇ ਕਮਲ ਨੂੰ ਵਧਾਈ ਦੇਣ ਲਗ ਪਏ।

'ਸਾਰਿਕਾ ਅਗੋਂ ਕਹਿੰਦੀ ਹੈ, 'ਮੈਨੂੰ ਆਪਣੇ ਫੈਸਲੇ ਤੇ ਕੋਈ ਗਿਲਾ ਨਹੀਂ। ਸਮਾਜ ਸਿਰਫ ਉਨ੍ਹਾ ਬੱਚਿਆਂ ਤੇ ਉਂਗਲੀ ਉਠਾਉਂਦਾ ਹੈ ਜਿਨ੍ਹਾਂ ਦੇ ਪਿਤਾ ਦਾ ਕੋਈ ਅਤਾ ਪਤਾ ਨਹੀਂ ਹੁੰਦਾ। ਜਦੋਂ ਬੱਚਿਆਂ ਦੇ ਮਾਤਾ ਪਿਤਾ ਦੁਨੀਆਂ ਸਾਹਮਣੇ ਹੁੰਦੇ ਹਨ ਤਾਂ ਕੋਈ ਮੁਸ਼ਕਿਲ ਨਹੀਂ ਹੁੰਦੀ। ਇਸ ਤੋਂ ਇਲਾਵਾ ਕਮਲ ਹਸਨ ਸਭ ਕੁਝ ਸੰਭਾਲ ਲੈਣਗੇ।

ਨੀਨਾ ਅਰੋੜਾ



